12-OCT-PAGE-1.qxd 10/11/2023 10:18 PM Page 1

ਵੀਰਵਾਰ, 12 ਅਕਤੂਬਰ, 2023
26 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 132

ਨਵਾਂ ਜ਼ਮਾਨਾ

DAILY NAWAN ZAMANA • THURSDAY, 12 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਸੁਖਬੀਰ, ਜਾਖੜ ਤੇ ਬਾਜਵਾ ਆਪਣੇ ਪੁਰਖਿਆਂ ਵੱਲੋਂ ਪੰਜਾਬ ਨਾਲ ਕੀਤੀ ਗ਼ੱਦਾਰੀ ਨਾ ਭੁੱਲਣ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਸਲੇ ਉਤੇ ਮਗਰਮੱਛ ਦੇ ਹੰਝੂ ਵਹਾਉਣ ਤੋਂ ਪਹਿਲਾਂ ਉਹ ਆਪਣੇ ਪੁਰਖਿਆਂ ਵੱਲੋਂ ਪੰਜਾਬ ਨਾਲ ਕੀਤੀ ਗੱਦਾਰੀ ਨੂੰ ਜ਼ਰੂਰ ਚੇਤੇ ਰੱਖਣ।

ਮੁੱਖ ਮੰਤਰੀ ਨੇ ਸੂਬੇ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਨੌਟੰਕੀ ਕਰਨ ਵਾਲੇ ਇਨ੍ਹਾਂ ਲੀਡਰਾਂ ਉਤੇ ਤਿੱਖਾ ਹਮਲਾ ਬੋਲਿਆ। ਉਨ੍ਹਾ ਕਿਹਾ ਕਿ ਇਹ ਗੱਲ ਸਾਰਾ ਜੱਗ ਜਾਣਦਾ ਹੈ ਕਿ ਇਨ੍ਹਾਂ ਲੀਡਰਾਂ ਦੇ ਵਡ-ਵਡੇਰਿਆਂ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਨਿਰਮਾਣ ਦਾ ਨਾ-ਮੁਆਫੀਯੋਗ ਗੁਨਾਹ ਕਰਕੇ ਪੰਜਾਬ ਅਤੇ ਇੱਥੋਂ ਦੀ ਨੌਜਵਾਨ ਪੀੜ੍ਹੀ ਦੇ ਰਾਹ ਵਿੱਚ ਕੰਡੇ ਬੀਜੇ ਹੋਏ ਹਨ। ਮਾਨ ਨੇ ਕਿਹਾ ਕਿ ਆਪਣੇ ਨਿੱਜੀ ਮੁਫਾਦ ਦੀ ਖਾਤਰ ਇਨ੍ਹਾਂ ਮਤਲਬਖੋਰ ਸਿਆਸਤਦਾਨਾਂ ਨੇ ਇਸ ਨਹਿਰ ਦੀ ਉਸਾਰੀ ਲਈ ਸਹਿਮਤੀ, ਯੋਜਨਾਬੰਦੀ ਅਤੇ ਲਾਗੂ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਤੱਥ ਕਿਸੇ ਤੋਂ ਲੁਕਿਆ-ਛਿਪਿਆ ਨਹੀਂ ਕਿ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਪੂਰੀ ਵਿਖੇ ਐੱਸ ਵਾਈ ਐੱਲ ਨਹਿਰ ਦੇ ਨਿਰਮਾਣ ਲਈ ਟੱਕ ਲਾਉਣ ਦੀ ਰਸਮ ਅਦਾ ਕੀਤੀ ਸੀ ਤਾਂ ਉਸ ਮੌਕੇ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਸਾਬਕਾ ਕੇਂਦਰੀ ਮੰਤਰੀ ਬਲਰਾਮ ਜਾਖੜ (ਸੁਨੀਲ ਜਾਖੜ ਦੇ ਪਿਤਾ) ਵੀ ਹਾਜ਼ਰ ਸਨ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਇਸ ਨਹਿਰ ਦੇ ਸਰਵੇ ਦੀ ਇਜਾਜ਼ਤ ਦੇਣ ਲਈ ਉਸ ਮੌਕੇ ਪੰਜਾਬ ਦੇ ਆਪਣੇ ਹਮਰੁਤਬਾ ਪ੍ਰਕਾਸ਼ ਸਿੰਘ ਬਾਦਲ ਦੇ ਸੋਹਲੇ ਗਾਏ ਸਨ।

ਉਹਨਾ ਕਿਹਾ ਕਿ ਇਹ ਲੀਡਰ ਸੂਬੇ ਨਾਲ ਕਮਾਏ ਧ੍ਰੋਹ ਲਈ ਜ਼ਿੰਮੇਵਾਰ ਹਨ ਅਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੇ ਇਨ੍ਹਾਂ ਲੀਡਰਾਂ ਨੂੰ ਇਤਿਹਾਸ ਕਦੇ ਮੁਆਫ ਨਹੀਂ ਕਰੇਗਾ।

ਮੁੱਖ ਮੰਤਰੀ ਨੇ ਸੁਖਬੀਰ ਸਿੰਘ ਬਾਦਲ ਨੂੰ ਇਕ ਨਵੰਬਰ ਨੂੰ ਹੋਣ ਵਾਲੀ ਬਹਿਸ ਵਿੱਚ ਗੁਰੂਗ੍ਰਾਮ (ਗੁੜਗਾਉਂ) ਵਾਲੇ ਓਬਰਾਏ ਹੋਟਲ ਦੇ ਦਸਤਾਵੇਜ਼ ਵੀ ਲਿਆਉਣ ਲਈ ਵੰਗਾਰਿਆ। ਉਨ੍ਹਾ ਇਨ੍ਹਾਂ ਨੇਤਾਵਾਂ ਨੂੰ ਬਹਿਸ ਵਿੱਚ ਸਮਝੌਤੇ ਦੇ ਕਾਗਜ਼-ਪੱਤਰ ਲਿਆਉਣ ਦੀ ਚੁਣੌਤੀ ਦਿੱਤੀ, ਜਿਹੜੇ ਸਮਝੌਤੇ ਉਨ੍ਹਾਂ ਦੇ ਪੁਰਖਿਆਂ ਨੇ ਸੱਤਾ ਦੀ ਕੁਰਸੀ ਨਾਲ ਚਿੰਬੜੇ ਰਹਿਣ ਲਈ ਪੰਜਾਬੀਆਂ ਨੂੰ ਧੋਖਾ ਦੇ ਕੇ ਕੀਤੇ ਸਨ। ਮਾਨ ਨੇ ਕਿਹਾ ਕਿ ਇਸ ਮੁੱਦੇ ਉਤੇ ਲੋਕਾਂ ਸਾਹਮਣੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ ਕਿ ਕੁਰਬਾਨੀਆਂ ਦੀ ਆੜ ਵਿੱਚ ਇਹ ਲੀਡਰ ਕਿਸ ਤਰ੍ਹਾਂ ਗੱਦਾਰੀ ਕਰਦੇ ਰਹੇ ਹਨ।

ਉਹਨਾ ਵਿਰੋਧੀ ਨੇਤਾਵਾਂ ਨੂੰ ਮੁਖਾਤਬ ਹੁੰਦਿਆਂ ਕਿਹਾ, 'ਪੰਜਾਬ ਦੇ ਪਾਣੀਆਂ ਦਾ ਤੁਸੀਂ ਫਿਕਰ ਨਾ ਕਰੋ, ਕਿਉਂਕਿ ਮੇਰੇ ਪਿਤਾ ਬਚਪਨ ਵਿੱਚ ਹੀ ਮੈਨੂੰ ਆਪਣੇ ਖੇਤਾਂ ਦਾ ਪਾਣੀ ਬਚਾਉਣ ਦਾ ਜ਼ਿੰਮਾ ਸੌਂਪ ਦਿੰਦੇ ਸਨ। ਪਰਮਾਤਮਾ ਦੀ ਮਿਹਰ ਅਤੇ ਲੋਕਾਂ ਦੇ ਵਿਸ਼ਵਾਸ ਨਾਲ ਮੇਰੀ ਡਿਊਟੀ ਹੁਣ ਸਤਲੁਜ ਦਰਿਆ ਦਾ ਪਾਣੀ ਬਚਾਉਣ ਲਈ ਲੱਗੀ ਹੋਈ ਹੈ, ਜਿਸ ਨੂੰ ਮੈਂ ਜੀਅ-ਜਾਨ ਨਾਲ ਨਿਭਾਵਾਂਗਾ।' ਉਨ੍ਹਾ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਅਤੇ ਉਹ ਹਰ ਹਾਲ ਵਿੱਚ ਪਾਣੀਆਂ ਦੀ ਰਾਖੀ ਕਰਨਗੇ।

ਪਠਾਨਕੋਟ ਹਮਲੇ ਦਾ ਸਾਜ਼ਿਸ਼ਘਾੜਾ ਸ਼ਾਹਿਦ ਲਤੀਫ ਮਾਰਿਆ ਗਿਆ

ਨਵੀਂ ਦਿੱਲੀ : 2016 ਵਿਚ ਪਠਾਨਕੋਟ ਦੇ ਏਅਰ ਫੋਰਸ ਸਟੇਸ਼ਨ 'ਤੇ ਹਮਲੇ ਦੇ ਸਾਜ਼ਿਸ਼ਘਾੜੇ ਤੇ ਜੈਸ਼-ਏ-ਮੁਹੰਮਦ ਦੇ ਦਹਿਸ਼ਤਗਰਦ ਸ਼ਾਹਿਦ ਲਤੀਫ ਤੇ ਦੋ ਹੋਰਨਾਂ ਦੀ ਬੁੱਧਵਾਰ ਤਿੰਨ ਅਣਪਛਾਤਿਆਂ ਨੇ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਦੇ ਡਸਕਾ ਕਸਬੇ ਦੀ ਮਸਜਿਦ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਲਤੀਫ ਉਰਫ ਬਿਲਾਲ ਭਾਰਤ ਨੂੰ ਲੋੜੀਂਦਾ ਸੀ। ਉਹ 1993 ਵਿਚ ਕਸ਼ਮੀਰ ਵਾਦੀ 'ਚ ਦਾਖਲ ਹੋਇਆ ਸੀ ਤੇ ਇਕ ਸਾਲ ਬਾਅਦ ਫੜਿਆ ਗਿਆ ਸੀ। ਉਹ ਜੈਸ਼ ਦੇ ਬਾਨੀ ਮਸੂਦ ਅਜ਼ਹਰ ਨਾਲ 2010 ਤੱਕ ਜੰਮੂ ਜੇਲ੍ਹ ਵਿਚ ਰਿਹਾ ਸੀ। ਯੂ ਪੀ ਏ ਸਰਕਾਰ ਨੇ ਸਦਭਾਵਨਾ ਵਜੋਂ ਜਿਹੜੇ 25 ਦਹਿਸ਼ਤਗਰਦ ਛੱਡੇ ਸਨ, ਉਨ੍ਹਾਂ ਵਿਚ ਲਤੀਫ ਵੀ ਸੀ। ਉਹ ਫਿਰ ਜੈਸ਼ ਵਿਚ ਸ਼ਾਮਲ ਹੋ ਗਿਆ ਸੀ। ਪਠਾਨਕੋਟ ਏਅਰ ਫੋਰਸ ਸਟੇਸ਼ਨ 'ਚ 2 ਜਨਵਰੀ 2016 ਵਿਚ ਜੈਸ਼ ਦੇ ਚਾਰ ਦਹਿਸ਼ਤਗਰਦਾਂ ਨੇ ਦਾਖਲ ਹੋ ਕੇ ਏਅਰ ਫੋਰਸ ਦੇ 7 ਜਵਾਨ ਮਾਰ ਦਿੱਤੇ ਸਨ ਤੇ ਤਿੰਨ ਦਿਨ ਕਬਜ਼ਾ ਕਰੀ ਰੱਖਿਆ ਸੀ।

ਪੁਰਕਾਇਸਥ 'ਤੇ ਛਾਪੇਮਾਰੀ ਜਾਰੀ

ਨਵੀਂ ਦਿੱਲੀ : ਸੀ ਬੀ ਆਈ ਨੇ ਨਿਊਜ਼ ਪੋਰਟਲ ਨਿਊਜ਼ ਕਲਿੱਕ ਵੱਲੋਂ ਕਥਿਤ ਤੌਰ 'ਤੇ ਐੱਫ ਸੀ ਆਰ ਏ ਦੀ ਉਲੰਘਣਾ ਦੇ ਸੰਬੰਧ ਵਿਚ ਐੱਫ ਆਈ ਆਰ ਦਰਜ ਕਰਨ ਦੇ ਬਾਅਦ ਬੁੱਧਵਾਰ ਦੋ ਥਾਵਾਂ 'ਤੇ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਦੇ ਅਧਿਕਾਰੀਆਂ ਦੀ ਟੀਮ ਨੇ ਨਿਊਜ਼ ਕਲਿੱਕ ਦੇ ਬਾਨੀ ਪ੍ਰਬੀਰ ਪੁਰਕਾਇਸਥ ਦੇ ਘਰ ਅਤੇ ਦਫਤਰ 'ਤੇ ਛਾਪਾ ਮਾਰਿਆ, ਜਿਸ ਨੂੰ ਹਾਲ ਹੀ 'ਚ ਦਿੱਲੀ ਪੁਲਸ ਨੇ ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਸੀ।

ਅਫਗਾਨਿਸਤਾਨ 'ਚ ਫਿਰ ਭੁਚਾਲ

ਹੇਰਾਤ : ਪੱਛਮੀ ਅਫਗਾਨਿਸਤਾਨ 'ਚ ਬੁੱਧਵਾਰ ਸਵੇਰੇ ਭੂਚਾਲ ਦੇ ਜ਼ਬਰਦਸਤ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਨੂੰ ਰਿਕਟਰ ਪੈਮਾਨੇ 'ਤੇ 6.3 ਨਾਪਿਆ ਗਿਆ। ਸ਼ਨਿਚਰਵਾਰ ਨੂੰ ਵੀ ਇਸੇ ਜਗ੍ਹਾ 'ਤੇ ਆਏ ਜ਼ੋਰਦਾਰ ਭੂਚਾਲ ਕਾਰਨ 2000 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਸੀ।

'ਗੁਰੂ ਸੇਵਾ' ਕਰਾਉਣ ਵਾਲਾ ਬਾਬਾ ਨੱਪਿਆ

ਨਵੀਂ ਦਿੱਲੀ : ਔਰਤਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿਚ 33 ਸਾਲਾ ਅਖੌਤੀ ਬਾਬੇ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਵਿਨੋਦ ਕਸ਼ਯਪ ਨੂੰ ਦਵਾਰਕਾ ਉੱਤਰੀ ਥਾਣੇ 'ਚ ਦਰਜ ਦੋ ਸ਼ਿਕਾਇਤਾਂ ਦੇ ਸੰਬੰਧ 'ਚ ਗ੍ਰਿਫਤਾਰ ਕੀਤਾ ਗਿਆ ਹੈ। ਉਹ ਇਲਾਕੇ 'ਚ ਮਾਤਾ ਮਸਾਣੀ ਚੌਕੀ ਦਰਬਾਰ ਲਗਾਉਂਦਾ ਸੀ। ਉਹ ਯੂ-ਟਿਊਬ ਚੈਨਲ ਵੀ ਚਲਾਉਂਦਾ ਸੀ, ਜਿਸ ਦੇ ਵੱਡੀ ਗਿਣਤੀ 'ਚ ਫਾਲੋਅਰਜ਼ ਹਨ। ਦੋਵਾਂ ਮਾਮਲਿਆਂ 'ਚ ਇਲਜ਼ਾਮ ਹੈ ਕਿ ਉਸ ਨੇ ਮਹਿਲਾ ਸ਼ਰਧਾਲੂਆਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਚ ਮਦਦ ਕਰਨ ਦੇ ਬਹਾਨੇ ਬੁਲਾਇਆ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ 'ਗੁਰੂ ਸੇਵਾ' ਕਰਨ। ਇਸ ਤੋਂ ਬਾਅਦ ਉਹ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਦਾ ਸੀ।

ਨਵਾਜ਼ ਸ਼ਰੀਫ ਦੀ ਵਾਪਸੀ 21 ਨੂੰ

ਇਸਲਾਮਾਬਾਦ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ 21 ਅਕਤੂਬਰ ਨੂੰ ਦੁਬਈ ਤੋਂ ਚਾਰਟਰਡ ਫਲਾਈਟ ਰਾਹੀਂ ਪਾਕਿਸਤਾਨ ਪਹੁੰਚਣਗੇ। ਇਸ ਨਾਲ ਨਵਾਜ਼ ਦੀ ਚਾਰ ਸਾਲ ਦੀ 'ਸਵੈ-ਜਲਾਵਤਨੀ' ਖਤਮ ਹੋ ਜਾਵੇਗੀ। 'ਜੀਓ ਨਿਊਜ਼' ਮੁਤਾਬਕ ਨਵਾਜ਼ ਨੂੰ ਲੈ ਕੇ ਜਾਣ ਵਾਲੀ ਫਲਾਈਟ ਦਾ ਨਾਂਅ 'ਉਮੀਦ-ਏ-ਪਾਕਿਸਤਾਨ' ਹੋਵੇਗਾ, ਜਿਸ 'ਚ ਕਰੀਬ 150 ਯਾਤਰੀ ਸਵਾਰ ਹੋ ਸਕਦੇ ਹਨ। ਪਾਕਿਸਤਾਨ ਦੇ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੇ 73 ਸਾਲਾ ਸ਼ਰੀਫ ਅਗਲੇ ਸਾਲ ਜਨਵਰੀ 'ਚ ਹੋਣ ਵਾਲੀਆਂ ਆਮ ਚੋਣਾਂ 'ਚ ਆਪਣੀ ਪਾਰਟੀ ਪੀ ਐੱਮ ਐੱਲ-ਐੱਨ ਦੀ ਅਗਵਾਈ ਕਰਨਗੇ।

ਸਟੇਡੀਅਮ 'ਚ ਧਮਾਕੇ ਦੀ ਈਮੇਲ ਕਰਨ ਵਾਲਾ ਗ੍ਰਿਫਤਾਰ

ਅਹਿਮਦਾਬਾਦ : ਕ੍ਰਾਈਮ ਬ੍ਰਾਂਚ ਨੇ ਸ਼ਹਿਰ ਦੇ ਨਰਿੰਦਰ ਮੋਦੀ ਸਟੇਡੀਅਮ 'ਤੇ ਹਮਲੇ ਦੀ ਧਮਕੀ ਦੇਣ ਵਾਲੀ ਈਮੇਲ ਭੇਜਣ ਦੇ ਦੋਸ਼ 'ਚ ਇਕ ਵਿਅਕਤੀ ਨੂੰ ਰਾਜਕੋਟ ਤੋਂ ਗ੍ਰਿਫਤਾਰ ਕੀਤਾ ਹੈ। ਉਸ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਸਟੇਡੀਅਮ 'ਚ 14 ਅਕਤੂਬਰ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਮੈਚ ਖੇਡਿਆ ਜਾਵੇਗਾ। ਮੁਲਜ਼ਮ ਨੇ ਕਥਿਤ ਤੌਰ 'ਤੇ ਈਮੇਲ ਭੇਜ ਕੇ ਦਾਅਵਾ ਕੀਤਾ ਸੀ ਕਿ ਸਟੇਡੀਅਮ 'ਚ ਧਮਾਕਾ ਹੋਵੇਗਾ। ਉਹ ਮੂਲ ਤੌਰ 'ਤੇ ਮੱਧ ਪ੍ਰਦੇਸ਼ ਦਾ ਵਾਸੀ ਹੈ, ਪਰ ਅੱਜਕੱਲ੍ਹ ਰਾਜਕੋਟ ਦੇ ਬਾਹਰੀ ਇਲਾਕੇ 'ਚ ਰਹਿੰਦਾ ਹੈ।

ਗੋਲੀ ਚੱਲਣ ਨਾਲ ਫੌਜੀ ਦੀ ਮੌਤ

ਸ੍ਰੀਨਗਰ : ਪੁਣਛ 'ਚ ਕੰਟਰੋਲ ਰੇਖਾ ਨੇੜੇ ਬੁੱਧਵਾਰ ਸਵੇਰੇ ਪੰਜ ਵਜੇ ਆਪਣੀ ਹੀ ਸਰਵਿਸ ਰਾਈਫਲ ਤੋਂ ਗੋਲੀ ਲੱਗਣ ਨਾਲ ਕਾਂਸਟੇਬਲ ਅੰਮ੍ਰਿਤਪਾਲ ਸਿੰਘ ਦੀ ਮੌਤ ਹੋ ਗਈ। ਉਹ ਮਾਨਕੋਟ ਸੈਕਟਰ 'ਚ ਮੂਹਰਲੀ ਚੌਕੀ 'ਤੇ ਤਾਇਨਾਤ ਸੀ। ਜਾਂਚ ਕੀਤੀ ਜਾਵੇਗੀ ਕਿ ਉਸ ਨੇ ਖੁਦਕੁਸ਼ੀ ਕੀਤੀ ਹੈ ਜਾਂ ਗੋਲੀ ਗਲਤੀ ਨਾਲ ਚੱਲ ਗਈ।

81ਵਾਂ ਜਨਮ ਦਿਨ

ਮੁੰਬਈ : ਅਮਿਤਾਭ ਬੱਚਨ ਨੂੰ ਦੇਖਣ ਲਈ ਉਡੀਕ ਰਹੇ ਸੈਂਕੜੇ ਪ੍ਰਸੰਸਕਾਂ ਦੀ ਇੱਛਾ ਉਦੋਂ ਪੂਰੀ ਹੋ ਗਈ, ਜਦੋਂ ਇਸ ਅਦਾਕਾਰ ਨੇ 81ਵੇਂ ਜਨਮ ਦਿਨ 'ਤੇ ਮੰਗਲਵਾਰ ਅੱਧੀ ਰਾਤ ਨੂੰ ਆਪਣੀ ਰਿਹਾਇਸ਼ 'ਜਲਸਾ' ਤੋਂ ਲੋਕਾਂ ਦੀਆਂ ਵਧਾਈਆਂ ਕਬੂਲੀਆਂ।

ਰਾਜਸਥਾਨ 'ਚ ਵੋਟਾਂ 23 ਦੀ ਥਾਂ 25 ਨਵੰਬਰ ਨੂੰ ਪੈਣਗੀਆਂ

ਨਵੀਂ ਦਿੱਲੀ : ਚੋਣ ਕਮਿਸ਼ਨ ਨੇ 23 ਨਵੰਬਰ ਨੂੰ ਵਿਆਹ ਬਹੁਤ ਹੋਣ ਕਰਕੇ ਰਾਜਸਥਾਨ ਅਸੰਬਲੀ ਚੋਣ ਲਈ ਵੋਟਾਂ ਪਾਉਣ ਦੀ ਤਰੀਕ ਬਦਲ ਕੇ 25 ਨਵੰਬਰ ਕਰ ਦਿੱਤੀ ਹੈ। ਵੋਟਾਂ ਦੀ ਗਿਣਤੀ 3 ਦਸੰਬਰ ਨੂੰ ਹੀ ਹੋਵੇਗੀ।

ਵੱਡੀ ਮੱਛੀ ਹੱਥ ਲੱਗੀ

ਚੰਡੀਗੜ੍ਹ : ਪੰਜਾਬ ਪੁਲਸ ਅਤੇ ਜੰਮੂ-ਕਸ਼ਮੀਰ ਪੁਲਸ ਨੇ ਸਾਂਝੇ ਅਪਰੇਸ਼ਨ ਵਿਚ ਲੁਧਿਆਣਾ ਦੇ ਮੁੱਲਾਂਪੁਰ ਦਾਖਾ ਤੋਂ ਮਸ਼ਕੂਕ ਨਸ਼ਾ ਸਮੱਗਲਰ ਨੂੰ ਕਾਬੂ ਕਰਕੇ ਉਸ ਕੋਲੋਂ 4.94 ਕਰੋੜ ਰੁਪਏ ਜ਼ਬਤ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਮਨਜੀਤ ਸਿੰਘ (24) ਵਾਸੀ ਪਿੰਡ ਠੰਡੀਆਂ, ਬੰਗਾ, ਜ਼ਿਲ੍ਹਾ ਨਵਾਂਸ਼ਹਿਰ ਵਜੋਂ ਹੋਈ ਅਤੇ ਉਹ ਪਿਛਲੇ ਛੇ ਮਹੀਨਿਆਂ ਤੋਂ ਦਸਮੇਸ਼ ਨਗਰ ਮੁੱਲਾਂਪੁਰ ਦਾਖਾ ਵਿਖੇ ਰਹਿ ਰਿਹਾ ਸੀ। ਉਸ ਦੇ ਬੈੱਡ ਵਿੱਚ ਛੁਪਾ ਕੇ ਰੱਖੀ ਡਰੱਗ ਮਨੀ ਬਰਾਮਦ ਕਰਨ ਤੋਂ ਇਲਾਵਾ ਪੁਲਸ ਟੀਮਾਂ ਨੇ ਉਸ ਦੇ ਕਬਜ਼ੇ 'ਚੋਂ ਇਕ .32 ਬੋਰ ਰਿਵਾਲਵਰ, ਪੰਜਾਬ ਅਤੇ ਹਰਿਆਣਾ ਦੀਆਂ 38 ਜਾਲ੍ਹੀ ਵਾਹਨ ਨੰਬਰ ਪਲੇਟਾਂ, 44 ਗ੍ਰਾਮ ਸੋਨਾ, 385 ਗ੍ਰਾਮ ਚਾਂਦੀ, ਨੋਟ ਗਿਣਨ ਵਾਲੀ ਮਸ਼ੀਨ ਅਤੇ ਭਾਰ ਤੋਲਣ ਵਾਲੀ ਮਸ਼ੀਨ ਵੀ ਬਰਾਮਦ ਕੀਤੀ ਹੈ। ਉਸ ਦੀ ਮਹਿੰਦਰਾ ਸਕਾਰਪੀਓ ਕਾਰ ਵੀ ਜ਼ਬਤ ਕੀਤੀ ਗਈ। ਇਹ ਕਾਰਵਾਈ 30 ਕਿਲੋ ਕੋਕੀਨ ਸਮੇਤ 1 ਅਕਤੂਬਰ ਨੂੰ ਜੰਮੂ ਤੋਂ ਗ੍ਰਿਫ਼ਤਾਰ ਕੀਤੇ ਦੋ ਪੰਜਾਬ ਅਧਾਰਤ ਨਸ਼ਾ ਤਸਕਰ ਹਨੀ ਬਸਰਾ ਵਾਸੀ ਪਲਾਹੀ ਗੇਟ, ਫਗਵਾੜਾ ਅਤੇ ਸਰਬਜੀਤ ਸਿੰਘ ਵਾਸੀ ਪਿੰਡ ਬੱਲਾਂ, ਕਰਤਾਰਪੁਰ ਦੀ ਗ੍ਰਿਫਤਾਰੀ ਤੋਂ ਬਾਅਦ ਕੀਤੀ ਗਈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ 30 ਕਿਲੋ ਕੋਕੀਨ ਬਰਾਮਦਗੀ ਮਾਮਲੇ ਵਿੱਚ ਮੁਲਜ਼ਮ ਮਨਜੀਤ ਸਿੰਘ ਦੇ ਸ਼ਾਮਲ ਹੋਣ ਬਾਰੇ ਮਿਲੀਆਂ ਭਰੋਸੇਮੰਦ ਸੂਚਨਾਵਾਂ 'ਤੇ ਕਾਰਵਾਈ ਕਰਦਿਆਂ ਕਾਊਂਟਰ ਇੰਟੈਲੀਜੈਂਸ ਲੁਧਿਆਣਾ ਦੀਆਂ ਟੀਮਾਂ ਨੇ ਜੰਮੂ ਪੁਲਸ ਨਾਲ ਮਿਲ ਕੇ ਸੂਬੇ ਵਿੱਚ ਤਲਾਸ਼ੀ ਮੁਹਿੰਮ ਚਲਾਈ। ਉਨ੍ਹਾ ਕਿਹਾ ਕਿ ਪੁਲਸ ਟੀਮਾਂ ਨੇ ਜਾਲ ਵਿਛਾ ਕੇ ਮੁਲਜ਼ਮ ਮਨਜੀਤ ਸਿੰਘ ਨੂੰ ਮੁੱਲਾਂਪੁਰ ਦਾਖਾ ਵਿਖੇ ਕਿਰਾਏ ਦੇ ਮਕਾਨ ਤੋਂ ਕਾਬੂ ਕਰ ਲਿਆ। ਉਨ੍ਹਾ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ● ਬਾਕੀ ਸਫ਼ਾ 2 'ਤੇ

ਲਖਬੀਰ ਰੋਡੇ ਦੀ ਜ਼ਮੀਨ ਕੁਰਕ ਕਰਨ ਦਾ ਹੁਕਮ

ਮੁਹਾਲੀ : ਇੱਥੋਂ ਦੀ ਕੌਮੀ ਜਾਂਚ ਏਜੰਸੀ ਦੀ ਅਦਾਲਤ ਨੇ ਖਾਲਿਸਤਾਨ ਲਿਬਰੇਸ਼ਨ ਫਰੰਟ ਦੇ ਪਾਕਿਸਤਾਨ ਸਥਿਤ ਮੁਖੀ ਲਖਬੀਰ ਸਿੰਘ ਉਰਫ ਰੋਡੇ ਦੀ ਮੋਗਾ ਜ਼ਿਲ੍ਹੇ 'ਚ ਜ਼ਮੀਨ ਕੁਰਕ ਕਰਨ ਦੇ ਹੁਕਮ ਦਿੱਤੇ ਹਨ। ਇਹ ਜ਼ਮੀਨ ਪਿੰਡ ਕੋਠੇ ਗੁਰੂਪੁਰਾ (ਰੋਡੇ) 'ਚ ਸਥਿਤ ਹੈ।

ਅਦਾਲਤ ਦਾ ਇਹ ਹੁਕਮ ਕੌਮੀ ਜਾਂਚ ਏਜੰਸੀ ਵੱਲੋਂ 1 ਜਨਵਰੀ 2021 ਨੂੰ ਯੂ ਏ ਪੀ ਏ, ਭਾਰਤੀ ਦੰਡਾਵਲੀ ਅਤੇ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਦੀਆਂ ਵੱਖ-ਵੱਖ ਧਾਰਾਵਾਂ ਦੇ ਤਹਿਤ ਦਰਜ ਕੀਤੇ ਗਏ ਕੇਸ 'ਚ ਆਇਆ ਹੈ।

ਹੇਮਕੁੰਟ ਯਾਤਰਾ ਮੁਕੰਮਲ

ਅੰਮ੍ਰਿਤਸਰ : 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਬੁੱਧਵਾਰ ਦੁਪਹਿਰ ਅਰਦਾਸ ਮਗਰੋਂ ਸਮਾਪਤ ਹੋ ਗਈ ਅਤੇ ਗੁਰਦੁਆਰੇ ਦੇ ਕਵਾੜ ਸੰਗਤ ਵਾਸਤੇ ਬੰਦ ਕਰ ਦਿੱਤੇ ਗਏ। ਯਾਤਰਾ 20 ਮਈ ਨੂੰ ਆਰੰਭ ਹੋਈ ਸੀ ਅਤੇ ਚਾਰ ਮਹੀਨੇ 20 ਦਿਨ ਮਗਰੋਂ ਸਮਾਪਤ ਹੋ ਗਈ। ਦੋ ਲੱਖ ਤੋਂ ਵੱਧ ਸ਼ਰਧਾਲੂਆਂ ਨੇ ਗੁਰੂ ਘਰ 'ਚ ਮੱਥਾ ਟੇਕਿਆ।

ਪੰਜਾਬ ਨੂੰ ਮਿਲਿਆ ਜੀ ਐੱਸ ਟੀ ਬਕਾਇਆ ਮੁਆਵਜ਼ੇ ਦਾ 3670 ਕਰੋੜ : ਚੀਮਾ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਜੁਲਾਈ 2017 ਤੋਂ ਮਾਰਚ 2022 ਦੀ ਮਿਆਦ ਲਈ ਵਸਤੂਆਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਦੇ ਅਧੀਨ ਬਕਾਏ ਵਜੋਂ ਪੰਜਾਬ ਨੂੰ ਭਾਰਤ ਸਰਕਾਰ ਤੋਂ 3670.64 ਕਰੋੜ ਰੁਪਏ ਪ੍ਰਾਪਤ ਹੋਏ ਹਨ।

ਇਸ ਮਾਮਲੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਜੀ ਐੱਸ ਟੀ ਅਧੀਨ ਮੁਆਵਜ਼ੇ ਦੀ ਮਿਆਦ 30 ਜੂਨ 2022 ਨੂੰ ਖਤਮ ਹੋ ਗਈ ਸੀ, ਹਾਲਾਂਕਿ ਪੰਜਾਬ ਸਰਕਾਰ ਨੇ ਆਬਕਾਰੀ ਅਤੇ ਕਰ ਵਿਭਾਗ ਪੰਜਾਬ ਰਾਹੀਂ ਭਾਰਤ ਸਰਕਾਰ ਕੋਲ ਬਕਾਇਆ ਜੀ ਐੱਸ ਟੀ ਮੁਆਵਜ਼ੇ ਦਾ ਮੁੱਦਾ ਉਠਾਇਆ ਸੀ। ਉਨ੍ਹਾ ਕਿਹਾ ਕਿ ਸੂਬੇ ਦੇ ਲਗਾਤਾਰ ਅਤੇ ਅਣਥੱਕ ਯਤਨਾਂ ਸਦਕਾ ਭਾਰਤ ਸਰਕਾਰ ਵੱਲੋਂ ਜੁਲਾਈ 2017 ਤੋਂ ਮਾਰਚ 2022 ਦੀ ਮਿਆਦ ਦੇ ਬਕਾਇਆ ਮੁਆਵਜ਼ੇ ਵਜੋਂ ਰਾਜ ਨੂੰ 3670.64 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਲਈ 11 ਅਕਤੂਬਰ ਨੂੰ ਮਨਜ਼ੂਰੀ ਦੇ ਹੁਕਮ ਜਾਰੀ ਕੀਤੇ ਗਏ।

ਚੀਮਾ ਨੇ ਬਕਾਇਆ ਮੁਆਵਜ਼ਾ ਰਾਸ਼ੀ ਜਾਰੀ ਕਰਨ ਲਈ ਕੇਂਦਰੀ ਵਿੱਤ ਮੰਤਰੀ ਦਾ ਧੰਨਵਾਦ ਕਰਨ ਦੇ ਨਾਲ-ਨਾਲ ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਦਫਤਰ ਅਤੇ ਪੰਜਾਬ ਦੇ ਪ੍ਰਮੁੱਖ ਮਹਾਂਲੇਖਾਕਾਰਾਂ ਦਾ ਧੰਨਵਾਦ ਕੀਤਾ ਹੈ। ਓ_ ਨ੍ਹ, ' ● ਬਾਕੀ ਸਫ਼ਾ 2 'ਤੇ

ਗਾਜ਼ਾ 'ਚ ਬਲੈਕਆਊਟ ਦੇ ਆਸਾਰ



ਇਜ਼ਰਾਈਲੀ ਹਮਲਿਆਂ ਨਾਲ ਗਾਜ਼ਾ ਦੇ ਜਬਾਲੀਆ ਦਾ ਹੋਇਆ ਇਹ ਹਾਲ।

ਯੇਰੂਸ਼ਲਮ : ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਤਾਬੜਤੋੜ ਹਵਾਈ ਹਮਲਿਆਂ ਤੋਂ ਬਚਣ ਲਈ ਗਾਜ਼ਾ ਪੱਟੀ ਦੇ ਲੋਕ ਜਾਨ ਬਚਾਉਂਦੇ ਫਿਰ ਰਹੇ ਹਨ। ਬੁੱਧਵਾਰ ਗਾਜ਼ਾ ਦਾ ਇੱਕੋ-ਇਕ ਪਾਵਰ ਪਲਾਂਟ ਈਂਧਨ ਖਤਮ ਹੋਣ ਨਾਲ ਬੰਦ ਹੋਣ ਵਾਲਾ ਸੀ, ਜਿਸ ਨਾਲ ਬਲੈਕਆਊਟ ਹੋ ਜਾਵੇਗੀ। ਇਜ਼ਰਾਈਲ ਨੇ ਗਾਜ਼ਾ ਨੂੰ ਖੁਰਾਕ, ਪਾਣੀ, ਈਂਧਨ ਤੇ ਦਵਾਈਆਂ ਦੀ ਸਪਲਾਈ ਰੋਕ ਦਿੱਤੀ ਹੈ।

ਮੀਤ ਹੇਅਰ ਵੱਲੋਂ ਏਸ਼ੀਅਨ ਗੇਮਜ਼ ਮੈਡਲਿਸਟ ਪ੍ਰਨੀਤ ਕੌਰ ਦਾ ਸਵਾਗਤ

ਮੁਹਾਲੀ (ਗੁਰਜੀਤ ਬਿੱਲਾ)- ਹਾਂਗਜ਼ੂ ਏਸ਼ੀਅਨ ਗੇਮਜ਼ ਵਿੱਚ ਸੋਨ ਤਮਗਾ ਜਿੱਤ ਕੇ ਪਹਿਲੀ ਵਾਰ ਪੰਜਾਬ ਪਰਤੀ ਤੀਰਅੰਦਾਜ਼ ਪ੍ਰਨੀਤ ਕੌਰ ਦਾ ਅੱਜ ਮੁਹਾਲੀ ਦੇ ਸ਼ਹੀਦ ਭਗਤ ਸਿੰਘ ਅੰਤਰ-ਰਾਸ਼ਟਰੀ ਹਵਾਈ ਅੱਡੇ ਉੱਤੇ ਪੁੱਜਣ ਮੌਕੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸ਼ਾਹਾਨਾ ਸਵਾਗਤ ਕੀਤਾ।

ਮੀਤ ਹੇਅਰ ਨੇ ਪ੍ਰਨੀਤ ਕੌਰ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਰਫੋਂ ਸਵਾਗਤ ਤੇ ਸਨਮਾਨ ਕਰਦਿਆਂ ਕਿਹਾ ਕਿ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੀ ਇਸ ਮਾਣਮੱਤੀ ਧੀ ਨੇ ਏਸ਼ੀਅਨ ਗੇਮਜ਼ ਵਿੱਚ ਪੰਜਾਬ ਅਤੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਨੂੰ ਮੁੜ ਖੇਡ ਨਕਸ਼ੇ ਉਤੇ ਨਾਂਅ ਚਮਕਾਉਣ ਵਾਲੇ ਤਮਗਾ ਜੇਤੂਆਂ ਨੂੰ ਜਲਦ ਹੀ ਸਾਰੇ ਖਿਡਾਰੀਆਂ ਦੇ ਦੇਸ਼ ਵਾਪਸ

ਆਉਣ ਉੱਤੇ ਵਿਸ਼ੇਸ਼ ਸਮਾਗਮ ਦੌਰਾਨ ਨਗਦ ਇਨਾਮ ਰਾਸ਼ੀ ਨਾਲ ਸਨਮਾਨਤ ਕਰਨਗੇ।

ਮੀਤ ਹੇਅਰ ਨੇ ਕਿਹਾ ਕਿ ਪ੍ਰਨੀਤ ਕੌਰ ਆਪਣੀ ਸਖਤ ਮਿਹਨਤ ਅਤੇ ਲਗਨ ਨਾਲ ਛੋਟੀ ਜਿਹੀ ਉਮਰ ਵਿੱਚ ਵਿਸ਼ਵ ਚੈਂਪੀਅਨਸ਼ਿਪ, ਵਿਸ਼ਵ ਕੱਪ ਅਤੇ ਏਸ਼ੀਅਨ ਗੇਮਜ਼ ਵਿੱਚ ਸੋਨ ਤਮਗਾ ਜਿੱਤ ਕੇ ਸੂਬੇ ਦੀਆਂ ਲੜਕੀਆਂ ਲਈ ਪ੍ਰੇਰਨਾਸਰੋਤ ਬਣੀ ਹੈ। ਉਨ੍ਹਾ ਉਸ ਦੀ ਪ੍ਰਾਪਤੀ ਦਾ ਸਿਹਰਾ ਮਾਪਿਆਂ ਤੇ ਕੋਚਾਂ ਸਿਰ ਬੰਨ੍ਹਿਆ।

ਇਸ ਮੌਕੇ ਪ੍ਰਨੀਤ ਕੌਰ ਨੇ ਸੂਬਾ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੂੰ ਖੇਡਾਂ ਦੀ ਤਿਆਰੀ ਲਈ ਪਹਿਲਾਂ ਹੀ 8 ਲੱਖ ਰੁਪਏ ਦੀ ਇਨਾਮ ਰਾਸ਼ੀ ਨਾਲ ਮਦਦ ਕੀਤੀ। ਉਸ ਨੇ ਕਿਹਾ ਕਿ ਉਹ ਭਵਿੱਖ ਵਿੱਚ ਇਸੇ ਤਰ੍ਹਾਂ ਦੇਸ਼ ਅਤੇ ਸੂਬੇ ਦਾ ਨਾਂਅ ਚਮਕਾਉਣ ਲਈ ਪੂਰੀ ਮਿਹਨਤ ਕਰੇਗੀ।

ਖੇਡ ਮੰਤਰੀ ਨੇ ਪ੍ਰਨੀਤ ਕੌਰ, ਉਸ ਦੇ ਪਿਤਾ ਅਵਤਾਰ ਸਿੰਘ, ਮਾਤਾ ਜਗਮੀਤ ਕੌਰ ਤੇ ਕੋਚ ਸੁਰਿੰਦਰ ਸਿੰਘ ਦਾ ਉਚੇਚਾ ਸਨਮਾਨ ਕੀਤਾ।

ਸਾਖਰਤਾ ਅਭਿਆਨ ਦੀ ਨਾਇਕਾ 101 ਸਾਲਾ ਕਾਤਯਾਨੀ ਅੰਮਾ ਦਾ ਦੇਹਾਂਤ

ਤ੍ਰਿਵੇਂਦਰਮ : 101 ਸਾਲਾ ਕਾਤਯਾਨੀ ਅੰਮਾ, ਜਿਸ ਨੇ ਕੇਰਲਾ ਰਾਜ ਸਾਖਰਤਾ ਅਭਿਆਨ ਤਹਿਤ ਸਭ ਤੋਂ ਵੱਡੀ ਉਮਰ ਦੀ ਵਿਦਿਆਰਥਣ ਬਣ ਕੇ ਇਤਿਹਾਸ ਰਚਿਆ ਸੀ, ਦਾ ਅਲਾਪੁਝਾ ਸਥਿਤ ਆਪਣੇ ਨਿਵਾਸ ਸਥਾਨ 'ਤੇ ਦੇਹਾਂਤ ਹੋ ਗਿਆ। ਦਿਮਾਗ ਦਾ ਦੌਰਾ ਪੈਣ ਤੋਂ ਬਾਅਦ ਉਹ ਕੁਝ ਸਮੇਂ ਤੋਂ ਬਿਸਤਰ 'ਤੇ ਸੀ। ਕਾਤਯਾਨੀ ਅੰਮਾ ਨੇ ਨਾ ਸਿਰਫ ਦੱਖਣੀ ਰਾਜ 'ਚ ਸਾਖਰਤਾ ਮੁਹਿੰਮ ਦੇ ਹਿੱਸੇ ਵਜੋਂ 96 ਸਾਲ ਦੀ ਉਮਰ 'ਚ ਪੜ੍ਹ ਕੇ ਪ੍ਰਸਿੱਧੀ ਪ੍ਰਾਪਤ ਕੀਤੀ, ਸਗੋਂ ਉਸ ਨੇ

'ਅੱਖਰਲਕਸ਼ਮ' ਪ੍ਰੀਖਿਆ 'ਚ ਵੀ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਚੌਥੀ ਜਮਾਤ ਦੀ ਪ੍ਰੀਖਿਆ ਦੇ ਬਰਾਬਰ ਹੈ। ਉਹ 43,330 ਵਿਦਿਆਰਥੀਆਂ ਵਿੱਚੋਂ ਸਭ ਤੋਂ ਵੱਡੀ ਉਮਰ ਦੀ ਸੀ, ਜੋ ਅਲਾਪੁਝਾ ਜ਼ਿਲ੍ਹੇ ਦੇ ਚੇਪਾਡ ਪਿੰਡ 'ਚ ਪ੍ਰੀਖਿਆ ਲਈ ਬੈਠੇ ਸਨ। ਉਸ ਨੇ ਮਾਰਚ 2020 'ਚ ਮਹਿਲਾ ਦਿਵਸ 'ਤੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਤੋਂ ਨਾਰੀ ਸ਼ਕਤੀ ਪੁਰਸਕਾਰ ਵੀ ਪ੍ਰਾਪਤ ਕੀਤਾ। 2019 'ਚ ਉਹ 'ਕਾਮਨਵੈਲਥ ਆਫ ਲਰਨਿੰਗ ਗੁੱਡਵਿਲ ਅੰਬੈਸਡਰ' ਵੀ ਬਣੀ।

ਅੱਜ-ਨਾਮਾ

ਕੋਈ ਨਹੀਂ ਕੋਨਾ ਸੰਸਾਰ ਦਾ ਰਿਹਾ ਪਿੱਛੇ,
ਥਾਉਂ-ਥਾਂ ਜਾਪਦੀ ਮੌਤ ਰਹੀ ਨੱਚ ਬੇਲੀ।
ਕਿਸੇ ਥਾਂ ਰਹਿੰਦੀ ਭੁਚਾਲ ਦੀ ਮਾਰ ਪੈਂਦੀ,
ਕਬਰਾਂ ਦਿੱਸਣ ਜਾਂ ਸਿਵੇ ਰਹੇ ਮੱਚ ਬੇਲੀ।
ਕਿਤੇ ਭੜਕਦਾ ਦੰਗਾ, ਫਿਰ ਬਲੇ ਭਾਂਬੜ,
ਤਬਾਹੀ ਡਿੱਠੀ ਤਾਂ ਭਰਦਾ ਏ ਗੱਚ ਬੇਲੀ।
ਕਿਸੇ ਥਾਂ ਜੰਗਾਂ ਦੇ ਚੱਲਦੇ ਫਿਰਨ ਰਾਕੇਟ,
ਟਾਵਰ ਤਿੜਕਦੇ ਟੁੱਟਾ ਜਿਉਂ ਕੱਚ ਬੇਲੀ।
ਖਤਰਾ ਰੋਜ਼ ਆ ਸੁਣੀਂਦਾ ਏਲੀਅਨਜ਼ ਦਾ,
ਲੱਭਦਾ ਉਨ੍ਹਾਂ ਦਾ ਕੋਈ ਨਹੀਂ ਤੋੜ ਬੇਲੀ।
ਬੰਦਾ ਬੰਦਿਆਂ ਦੀ ਖੁਦ ਹੀ ਮੌਤ ਬਣਿਆ,
ਕਾਹਦੀ ਏਲੀਅਨਜ਼ ਦੀ ਏਥੇ ਥੋੜ ਬੇਲੀ।

-ਤੀਸ ਮਾਰ ਖਾਂ

ਝੋਨੇ ਦੀ 12 ਲੱਖ ਟਨ ਆਮਦ : ਕਟਾਰੂ ਚੱਕ

ਬਰਨਾਲਾ : ਇਥੇ ਦਾਣਾ ਮੰਡੀ ਪੁੱਜੇ ਖੁਰਾਕ , ਸਿਵਲ ਸਪਲਾਈ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਕਿਹਾ ਕਿ ਹੁਣ ਤੱਕ ਸੂਬੇ ਦੀਆਂ ਮੰਡੀਆਂ ਵਿੱਚ 12 ਲੱਖ ਟਨ ਝੋਨੇ ਦੀ ਆਮਦ ਦਰਜ ਕੀਤੀ ਗਈ ਹੈ। 11.17 ਲੱਖ ਟਨ ਖਰੀਦ ਅਤੇ 1400 ਕਰੋੜ ਰੁਪਏ ਦੀ ਅਦਾਇਗੀ ਸਿੱਧੇ ਤੌਰ 'ਤੇ ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾ ਚੁੱਕੀ ਹੈ। ਸੂਬਾ ਆਪਣੇ 182 ਲੱਖ ਟਨ ਝੋਨੇ ਦੀ ਖਰੀਦ ਦੇ ਟੀਚੇ ਨੂੰ ਆਸਾਨੀ ਨਾਲ ਪੂਰਾ ਕਰੇਗਾ। ਉਨ੍ਹਾ ਕਿਹਾ ਕਿ ਸਰਕਾਰ ਝੋਨੇ ਦੀ ਨਿਰਵਿਘਨ ਖਰੀਦ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਖਰੀਦਣ ਦੇ 10 ਘੰਟਿਆਂ ਤੋਂ 24 ਘੰਟਿਆਂ ਦੇ ਅੰਦਰ ਭੁਗਤਾਨ ਕੀਤਾ ਜਾ ਰਿਹਾ ਹੈ। ਆੜ੍ਹਤੀਆਂ, ਸ਼ੈਲਰਾਂ ਅਤੇ ਮਜ਼ਦੂਰਾਂ ਦੇ ਮੁੱਦਿਆਂ ਬਾਰੇ ਉਨ੍ਹਾ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਕੇਂਦਰ ਸਰਕਾਰ ਨੂੰ ਪੱਤਰ ਲਿਖ ਚੁੱਕੀ ਹੈ ਕਿ ਹੜਤਾਲ 'ਤੇ ਬੈਠੇ ਵਰਗ ਦੀਆਂ ਮੰਗਾਂ ਮੰਨੀਆਂ ਜਾਣ। ਰਾਜ ਦੇ 8.50 ਲੱਖ ਕਿਸਾਨ ਰਾਜ ਦੇ 854 ਖਰੀਦ ਕੇਂਦਰਾਂ ਵਿੱਚ ਆਪਣੀ ਉਪਜ ਵੇਚ ਰਹੇ ਹਨ। ਉਨ੍ਹਾਂ ਸੂਬੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨਾ ਸਾੜਨ ਅਤੇ ਇਸ ਦੀ ਬਜਾਏ ਮਸ਼ੀਨਰੀ 'ਤੇ ਸਰਕਾਰੀ ਸਬਸਿਡੀ ਦੀ ਵਰਤੋਂ ਝੋਨੇ ਦੇ ਸਥਾਨਕ ਪ੍ਰਬੰਧਨ ਲਈ ਕਰਨ। ਮੰਤਰੀ ਨੇ ਅਨਾਜ ਮੰਡੀ ਬਰਨਾਲਾ ਦਾ ਦੌਰਾ ਕੀਤਾ। ਉਨ੍ਹਾ ਝੋਨੇ ਦੀ ਖਰੀਦ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਅਨਾਜ ਮੰਡੀ ਵਿੱਚ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ। ਬਰਨਾਲਾ 'ਚ 10 ਅਕਤੂਬਰ ਤੱਕ 650 ਟਨ ਝੋਨੇ ਦੀ ਆਮਦ ਹੋਈ ਹੈ।

ਵਾੜ ਟੱਪ ਕੇ ਪੁਸ਼ਪਾਂਜਲੀ

ਲਖਨਊ : ਜੈਪ੍ਰਕਾਸ਼ ਨਾਰਾਇਣ ਨੂੰ ਬੁੱਧਵਾਰ ਉਨ੍ਹਾ ਦੇ ਜਨਮ ਦਿਨ 'ਤੇ ਸ਼ਰਧਾਂਜਲੀ ਭੇਟ ਕਰਨ ਲਈ ਜੈਪ੍ਰਕਾਸ਼ ਨਾਰਾਇਣ ਇੰਟਰਨੈਸ਼ਨਲ ਸੈਂਟਰ ਵਿਚ ਨਾ ਵੜਨ ਦੇਣ 'ਤੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਤੇ ਕਈ ਪਾਰਟੀ ਵਰਕਰਾਂ ਨੇ ਵਾੜ ਟੱਪ ਕੇ ਜੈਪ੍ਰਕਾਸ਼ ਦੇ ਬੁੱਤ 'ਤੇ ਫੁੱਲਮਾਲਾ ਚੜ੍ਹਾਈ। ਪੁਲਸ ਨੇ ਉਨ੍ਹਾਂ ਨੂੰ ਰੋਕਣ ਲਈ ਤਾਕਤ ਦੀ ਵਰਤੋਂ ਕੀਤੀ। ਅਧਿਕਾਰੀਆਂ ਨੇ ਉਨ੍ਹਾਂ ਨੂੰ ਅੰਦਰ ਉਸਾਰੀ ਦਾ ਕੰਮ ਚੱਲਣ ਦੀ ਗੱਲ ਕਹਿ ਕੇ ਰੋਕਿਆ ਸੀ।

ਅਖਿਲੇਸ਼ ਨੇ ਟਵੀਟ ਕੀਤਾ-ਲੋਕਨਾਇਕ ਜੈਪ੍ਰਕਾਸ਼ ਨਾਰਾਇਣ ਜੀ ਦੀ ਜੈਅੰਤੀ 'ਤੇ ਸਪਾ ਨੂੰ ਫੁੱਲਮਾਲਾ ਚੜ੍ਹਾਉਣ ਤੋਂ ਰੋਕਣ ਲਈ ਟੀਨ ਦੀਆਂ ਚਾਦਰਾਂ ਲਾ ਕੇ ਸੈਂਟਰ ਦਾ ਰਾਹ ਰੋਕਿਆ ਜਾ ਰਿਹਾ ਹੈ। ਸੱਚ ਇਹ ਹੈ ਕਿ ਭਾਜਪਾ ਲੋਕਨਾਇਕ ਜੈਪ੍ਰਕਾਸ਼ ਜੀ ਦੇ ਭ੍ਰਿਸ਼ਟਾਚਾਰ, ਬੇਕਾਰੀ-ਬੇਰੁਜ਼ਗਾਰੀ ਤੇ ਮਹਿੰਗਾਈ ਖਿਲਾਫ ਛੇੜੇ ਗਏ ਅੰਦੋਲਨ ਦੀ ਯਾਦ ਨੂੰ ਦੁਹਰਾਉਣ ਤੋਂ ਡਰ ਰਹੀ ਹੈ ਕਿਉਂਕਿ ਭਾਜਪਾ ਰਾਜ ਵਿਚ ਤਾਂ ਭ੍ਰਿਸ਼ਟਾਚਾਰ, ਬੇਕਾਰੀ-ਬੇਰੁਜ਼ਗਾਰੀ ਤੇ ਮਹਿੰਗਾਈ ਉਦੋਂ ਨਾਲੋਂ ਕਈ ਗੁਣਾ ਜ਼ਿਆਦਾ ਹੈ। ਹੁਣ ਕੀ ਫੁਲਮਾਲਾ ਚੜ੍ਹਾਈ ਲਈ ਵੀ ਜੈਪ੍ਰਕਾਸ਼ ਜੀ ਦੀ ਤਰ੍ਹਾਂ 'ਸੰਪੂਰਨ ਕ੍ਰਾਂਤੀ' ਦਾ ਸੱਦਾ ਦੇਣਾ ਪਵੇਗਾ। ਜੇ ਭਾਜਪਾ ਨੂੰ ਇਹੀ ਮਨਜ਼ੂਰ ਹੈ ਤਾਂ ਇਹੀ ਸਹੀ।

12-OCT-PAGE-1.qxd 10/11/2023 10:19 PM Page 2

ਨਸ਼ੀਲੇ ਪਦਾਰਥਾਂ ਸਮੇਤ 11 ਗ੍ਰਿਫ਼ਤਾਰ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ) ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ. ਐਸ.ਐਸ.ਪੀ ਵੱਲੋਂ ਜ਼ਿਲ੍ਹਾ ਅੰਦਰ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਜਿੱਥੇ ਪੁਲਸ ਦੀਆਂ ਅਲੱਗ-ਅਲੱਗ ਟੁਕੜੀਆਂ ਬਣਾ ਕੇ ਜ਼ਿਲ੍ਹਾ ਅੰਦਰ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ, ਉੱਥੇ ਨਸ਼ੇ ਦੇ ਸੁਦਾਗਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਹੀ ਪੁਲਸ ਵੱਲੋਂ ਵੱਖ-ਵੱਖ ਥਾਣਿਆਂ ਵਿੱਚ 11 ਮੁਕੱਦਮੇ ਦਰਜ ਕਰ 11 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ 01 ਕਿਲੋ ਅਫ਼ੀਮ, 730 ਲੀਟਰ ਲਾਹਣ, 205 ਨਸ਼ੀਲੀਆਂ ਗੋਲੀਆਂ ਤੇ ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤੇ ਗਏ ਹਨ।

ਥਾਣਾ ਕਬਰਵਾਲਾ ਪੁਲਸ ਦਾਨਾ ਮੰਡੀ ਪਿੰਡ ਪੰਨੀਵਾਲਾ ਮੌਜੂਦ ਸੀ ਤਾਂ ਇੱਕ ਆਦਮੀ ਸਟਰੀਟ ਲਾਈਟ ਕੋਲ ਖੜਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੀ ਬਿਨਾਂ 'ਤੇ ਨਾਂਅ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਭੁਨੇਸ਼ਵਰ ਕੁਮਾਰ ਪੁੱਤਰ ਸ੍ਰੀ ਨਰੇਸ਼ ਯਾਦਵ ਵਾਸੀ ਸ੍ਰੀ ਮੁਕਤਸਰ ਸਾਹਿਬ ਦੱਸਿਆ। ਸ਼ੱਕ ਦੇ ਅਧਾਰ 'ਤੇ ਉਸ ਦੀ ਤਲਾਸ਼ੀ ਕੀਤੀ ਤਾਂ ਉਸ ਪਾਸੋਂ 1 ਕਿੱਲੋ ਅਫੀਮ ਬਰਾਮਦ ਹੋਈ, ਜਿਸ ਤੇ ਉਕਤ ਦੋਸ਼ੀ 'ਤੇ ਥਾਣਾ ਕਬਰਵਾਲਾ ਪੁਲਿਸ ਵੱਲੋਂ ਮੁਕੱਦਮਾ ਨੰ 141 ਮਿਤੀ 09.10 .2023 ਅ/ਧ 18/61/85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਮੁਖਬਰ ਦੀ ਇਤਲਾਹ 'ਤੇ ਗੁਰਪਾਲ ਸਿੰਘ ਉਰਫ ਲਾਡੀ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਮੁਕੰਦ ਸਿੰਘ ਵਾਲਾ ਤੋਂ 300 ਲੀਟਰ ਲਾਹਣ ਬਰਾਮਦ ਕੀਤੀ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਨੰਬਰ 155 ਮਿਤੀ 09.10.2023 ਅ/ਧ 61/1/14 ਐਕਸਾਇਜ ਐਕਟ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕੀਤੀ। ਥਾਣਾ ਕੋਟਭਾਈ ਪੁਲਿਸ ਵੱਲੋਂ ਮੁਖਬਰ ਦੀ ਇਤਲਾਹ 'ਤੇ ਪਰਮਿੰਦਰ ਸਿੰਘ ਉਰਫ ਗੋਰਾ ਪੁੱਤਰ ਬੋਹੜ ਸਿੰਘ ਵਾਸੀ ਪਿੰਡ ਦੋਦਾ ਤੋਂ 70 ਲੀਟਰ ਲਾਹਣ ਬ੍ਰਾਮਦ ਕੀਤੀ। ਥਾਣਾ ਕੋਟਭਾਈ ਪੁਲਿਸ ਵੱਲੋਂ ਮੁਖਬਰ ਦੀ ਇਤਲਾਹ 'ਤੇ ਹਰਦੇਵ ਸਿੰਘ ਉਰਫ਼ ਦੇਬੀ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਦੋਦਾ ਤੋਂ 40 ਲੀਟਰ ਲਾਹਣ ਬਰਾਮਦ ਕੀਤੀ। ਥਾਣਾ ਬਰੀਵਾਲਾ ਪੁਲਿਸ ਪਾਰਟੀ ਵੱਲੋਂ ਗਸ਼ਤ ਵਾ ਚੈਕਿੰਗ ਦੌਰਾਨ ਜਗਸੀਰ ਸਿੰਘ ਉਰਫ ਪਕੌੜੀ ਪੁੱਤਰ ਹੰਸਾ ਸਿੰਘ , ਵਾਸੀ ਪਿੰਡ ਖਾਰਾ ਨੂੰ 105 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ। ਬੇਅੰਤ ਸਿੰਘ ਉਰਫ ਬੱਗੀ ਪੁੱਤਰ ਸੁਖਦੇਵ ਸਿੰਘ, ਵਾਸੀ ਸ੍ਰੀ ਮੁਕਤਸਰ ਸਾਹਿਬ ਨੂੰ 100 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ। ਥਾਣਾ ਗਿੱਦੜਬਾਹਾ ਪੁਲਸ ਵੱਲੋਂ ਮੁਖਬਰ ਦੀ ਇਤਲਾਹ 'ਤੇ ਜਸਮੀਤ ਸਿੰਘ ਉਰਫ਼ ਮੋਟੂ ਪੁੱਤਰ ਅਜੈਬ ਸਿੰਘ ਵਾਸੀ ਪਿੰਡ ਘੱਗਾ ਤੋਂ 40 ਲੀਟਰ ਲਾਹਣ ਬਰਾਮਦ ਕੀਤੀ।

ਪਰਾਲ਼ੀ ਨਾ ਸਾੜਨ ਲਈ ਕਿਸਾਨਾਂ ਨੂੰ ਕੀਤਾ ਜਾਗਰੂਕ

ਦੋਰਾਹਾ (ਹਰਮਿੰਦਰ ਸੇਠ) ਗੁਰੂ ਨਾਨਕ ਨੈਸ਼ਨਲ ਕਾਲਜ ਦੇ ਐੱਨ.ਐੱਸ.ਐੱਸ. ਵਲੰਟੀਅਰਾਂ ਅਤੇ ਵਿਦਿਆਰਥੀਆਂ ਵੱਲੋਂ ਕਿਸਾਨ ਮੇਲੇ ਦਾ ਦੌਰਾ ਕੀਤਾ ਗਿਆ। ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ, ਲੁਧਿਆਣਾ ਦੁਆਰਾ ਸਮਰਾਲਾ ਵਿਖੇ ਆਯੋਜਤ ਕਿਸਾਨ ਮੇਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਡੀਨ ਐਕਸਟੈਂਸ਼ਨ ਐਕਟੀਵਿਟੀਜ਼ ਡਾ. ਲਵਲੀਨ ਬੈਂਸ ਅਤੇ ਪ੍ਰੋ. ਗੁਰਪ੍ਰੀਤ ਕੌਰ ਦੀ ਅਗਵਾਈ ਅਧੀਨ ਸ਼ਿਰਕਤ ਕੀਤੀ। ਕਾਲਜ ਦੇ ਵਿਦਿਆਰਥੀਆਂ ਨੇ ਸਮਰਾਲਾ ਤੇ ਉਸਦੇ ਨਾਲ ਲੱਗਦੇ ਪਿੰਡਾਂ ਤੋਂ ਆਏ ਹੋਏ ਕਿਸਾਨਾਂ ਨੂੰ ਕਾਲਜ ਦੇ ਵੱਲੋਂ ਪਰਾਲੀ ਸਾੜਨ ਦੇ ਖਿਲਾਫ ਚਲਾਈ ਗਈ ਮੁਹਿੰਮ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਾਲਜ ਸਾਲ 2018 ਤੋਂ ਪਰਾਲੀ ਦੇ ਖਿਲਾਫ਼ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਾਉਂਦਾ ਹੈ ਅਤੇ ਨਾਲ ਹੀ ਨਾਲ ਲੋੜਵੰਦ ਕਿਸਾਨਾਂ ਨੂੰ ਮਸ਼ੀਨਰੀ ਵੀ ਮੁਹੱਈਆ ਕਰਾਉਂਦਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਕਾਲਜ ਵੱਲੋਂ ਦਿੱਤੀ ਜਾ ਰਹੀ ਮਸ਼ੀਨਰੀ ਦਾ ਉਹ ਵੱਧ ਤੋਂ ਵੱਧ ਲਾਭ ਉਠਾਉਣ ਤੇ ਵਾਤਾਵਰਨ ਨੂੰ ਸੁਰੱਖਿਅਤ ਤੇ ਸਾਫ-ਸੁਥਰਾ ਰੱਖਣ ਦੇ ਵਿੱਚ ਮਦਦ ਕਰਨ।

ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਇਆ

ਹਠੂਰ (ਨਛੱਤਰ ਸੰਧੂ) ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸਰਕਾਰੀ ਕਾਲਜ ਬੁਰਜ ਹਰੀ ਸਿੰਘ ਵਿਖੇ ਵਿਸ਼ਵ ਮਾਨਸਿਕ ਸਿਹਤ ਦਿਵਸ ਪ੍ਰਿੰਸੀਪਲ ਡਾਕਟਰ ਸ਼ਰਨਜੀਤ ਕੌਰ ਪਰਮਾਰ ਦੀ ਯੋਗ ਅਗਵਾਈ ਹੇਠ ਮਨਾਇਆ ਗਿਆ। ਪਹਿਲੀ ਵਾਰ ਇਹ ਦਿਵਸ ਸਾਲ 1992 ਵਿੱਚ ਸੰਯੁਕਤ ਰਾਸ਼ਟਰ ਸੰਸਥਾ ਵਲੋਂ ਮਨਾਇਆ ਗਿਆ। 1994 ਵਿੱਚ ਸੰਯੁਕਤ ਰਾਸ਼ਟਰ ਸੰਸਥਾ ਦੇ ਤਤਕਾਲੀ ਸਕੱਤਰ ਜਨਰਲ ਯੂਜੀਨ ਬ੍ਰੋਡ ਨੇ ਇਸ ਨੂੰ ਵਿਸ਼ਵ ਪੱਧਰ ਉਪਰ ਮਨਾਉਣ ਦੀ ਸਲਾਹ ਦਿੱਤੀ ਤੇ ਉਸ ਸਮੇਂ ਤੋਂ ਬਾਅਦ ਹੀ ਇਹ ਦਿਨ ਹਰ ਸਾਲ ਮਨਾਇਆ ਜਾ ਰਿਹਾ ਹੈ। ਪ੍ਰੋਫੈਸਰ ਹਰਵਿੰਦਰ ਸਿੰਘ ਜੋਸ਼ੀ ਨੇ ਕਿਹਾ ਕਿ ਕਰੋਨਾ ਮਹਾਂਮਾਰੀ ਤੋਂ ਬਾਅਦ ਮਾਨਸਿਕ ਰੋਗਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। ਇਸ ਬਿਮਾਰੀ ਤੋਂ ਬੱਚੇ ਵੀ ਅਛੂਤੇ ਨਹੀਂ ਰਹੇ। ਯੂਨੀਸੇਫ ਦੀ ਰਿਪੋਰਟ ਮੁਤਾਬਕ 14% ਬੱਚੇ ਡਿਪ੍ਰੈਸ਼ਨ ਦਾ ਸ਼ਿਕਾਰ ਹਨ। ਹਮੇਸ਼ਾ ਆਪਣੇ ਬੱਚਿਆਂ ਨਾਲ ਸਮੇਂ ਸਿਰ ਗੱਲਬਾਤ ਕਰਦੇ ਰਹਿਣਾ ਚਾਹੀਦਾ ਹੈ। ਬੱਚਿਆਂ ਦੇ ਵਿਹਾਰ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਬੱਚਾ ਜਿਉਂ-ਜਿਉਂ ਵੱਡਾ ਹੁੰਦਾ ਹੈ ਤਾਂ ਮਾਪਿਆਂ ਦਾ ਧਿਆਨ ਘਟ ਜਾਂਦਾ ਹੈ, ਉਹ ਗ਼ਲਤ ਸੰਗਤ ਵਿੱਚ ਵੀ ਜਾ ਸਕਦਾ ਹੈ। ਇਸ ਲਈ ਬੱਚਿਆਂ ਦਾ ਆਤਮ ਵਿਸ਼ਵਾਸ ਵਧਾਉਂਦੇ ਰਹਿਣਾ ਚਾਹੀਦਾ ਹੈ, ਚੰਗੀਆਂ ਆਦਤਾਂ ਸਿਖਾਉਂਦੇ ਰਹਿਣਾ ਚਾਹੀਦਾ ਹੈ। ਮਾਨਸਿਕ ਸਿਹਤ ਵਿਗੜਨ ਦੇ ਕਾਰਨਾਂ ਵਿੱਚ ਵਿਸ਼ੇਸ਼ ਤੌਰ 'ਤੇ ਧਿਆਨ ਨਾ ਲੱਗਣਾ, ਨਿਰਾਸ਼ਾ ਦੇ ਆਲਮ 'ਚ ਰਹਿਣਾ, ਜ਼ਰੂਰਤ ਤੋਂ ਜ਼ਿਆਦਾ ਗੁੱਸਾ ਆਉਣਾ, ਸਮਾਜਿਕ ਮੇਲ ਜੋਲ ਵਿੱਚ ਕਮੀ ਤੇ ਵਾਰ-ਵਾਰ ਆਤਮਹੱਤਿਆ ਜਾਂ ਮਰਨ ਦੇ ਵਿਚਾਰ ਆਉਣੇ ਆਦਿ ਪ੍ਰਮੁੱਖ ਕਾਰਨ ਹਨ। ਸਮਾਗਮ ਵਿੱਚ ਪ੍ਰੋਫੈਸਰ ਅਰੁਨ ਕੁਮਾਰ, ਪ੍ਰੋ ਖੁਸ਼ਪ੍ਰੀਤ ਕੌਰ ਤੇ ਸਮੁੱਚੇ ਵਿਦਿਆਰਥੀ ਹਾਜ਼ਰ ਸਨ।

ਕੋਟਲੀ ਅਬਲੂ ਸਕੂਲ ਨੇ ਸਰਕਲ ਕਬੱਡੀ, ਖੋ ਖੋ ਤੇ ਗੱਤਕੇ 'ਚ ਮੱਲਾਂ ਮਾਰੀਆਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਜ਼ਿਲ੍ਹਾ ਸਿੱਖਿਆ ਦਫ਼ਤਰ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਖੇਡਾਂ ਹੋਈਆਂ। ਇਨ੍ਹਾਂ ਖੇਡਾਂ ਵਿੱਚ ਸ.ਸ.ਸ.ਸ. ਕੋਟਲੀ ਅਬਲੂ ਦੇ ਵਿਦਿਆਰਥੀਆਂ ਨੇ ਕਬੱਡੀ ਸਰਕਲ (ਅੰਡਰ 17) ਵਿੱਚ ਕੁੜੀਆਂ ਨੇ ਪਹਿਲਾਂ ਸਥਾਨ ਤੇ (ਅੰਡਰ 14) ਵਿੱਚ ਕੁੜੀਆਂ ਨੇ ਦੂਜਾ ਸਥਾਨ ਤੇ ਖੋ-ਖੋ ਅੰਡਰ 14 ਲੜਕੇ ਦੂਜਾ ਸਥਾਨ ਹਾਸਲ ਕੀਤਾ। ਗੱਤਕਾ ਅੰਡਰ 14 ਲੜਕੇ ਤੇ ਲੜਕੀਆਂ ਪਹਿਲਾ ਸਥਾਨ, ਗੱਤਕਾ ਅੰਡਰ 17 ਲੜਕੇ ਤੇ ਲੜਕੀਆਂ ਪਹਿਲਾ ਸਥਾਨ ਹਾਸਲ ਕੀਤਾ ਗਿਆ। ਕੁੱਲ 28 ਮੈਡਲ ਗੱਤਕਾ ਖਿਡਾਰੀਆਂ ਵੱਲੋਂ ਪ੍ਰਾਪਤ ਕੀਤੇ ਗਏ, ਜਿਨ੍ਹਾਂ ਵਿੱਚੋਂ ਕ੍ਰਮਵਾਰ 15 ਗੋਲਡ ਮੈਡਲ, 11 ਸਿਲਵਰ ਮੈਡਲ ਅਤੇ ਦੋ ਬਰਾਊਜ ਮੈਡਲ ਜਿੱਤੇ। ਇੰਚਾਰਜ ਪ੍ਰਿੰਸੀਪਲ ਸ੍ਰੀ ਜਗਦੀਸ਼ ਕੁਮਾਰ ਨੇ ਜੇਤੂ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਖੇਡਾਂ ਨੂੰ ਜ਼ਰੂਰੀ ਦੱਸਿਆ ਤੇ ਪੀਟੀਆਈ 'ਚੋਂ ਬੂਟਾ ਸਿੰਘ ਅਤੇ ਸਮੂਹ ਸਟਾਫ਼ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਉਤਸ਼ਾਹ ਨੂੰ ਵਧਾਇਆ।

'ਮੇਰੀ ਮਿੱਟੀ ਮੇਰਾ ਦੇਸ਼' ਬਲਾਕ ਪੱਧਰੀ ਪ੍ਰੋਗਰਾਮ ਕਰਾਇਆ

ਅਮਲੋਹ, (ਲਖਵੀਰ ਸਿੰਘ, ਹਰਚਰਨ ਉਪਲ)-ਬੀਡੀਪੀਓ ਦਫਤਰ ਵਿਖੇ 'ਮੇਰੀ ਮਿੱਟੀ ਮੇਰਾ ਦੇਸ਼' ਬਲਾਕ ਪੱਧਰੀ ਪ੍ਰੋਗਰਾਮ ਬੀਡੀਪੀਓ ਮੋਹਿਤ ਕਲਿਆਣ ਦੀ ਅਗਵਾਈ ਵਿੱਚ ਕਰਾਇਆ ਗਿਆ। ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨਿੰਦਰ ਸਿੰਘ ਮਨੀ ਬੜਿੰਗ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਮਨੀ ਬੜਿੰਗ ਨੇ ਕਿਹਾ ਕਿ ਦੇਸ਼ ਲਈ ਜਾਨਾਂ ਵਾਰਨ ਵਾਲੇ ਯੋਧਿਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਥੇ ਹੀ ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਯੋਧਿਆਂ ਦੇ ਇਤਿਹਾਸ ਤੋਂ ਜਾਣੂ ਕਰਾਉਣਾ ਚਾਹੀਦਾ ਹੈ। ਇਸ ਸਮਾਗਮ ਦੌਰਾਨ ਮਾਤ ਭੂਮੀ ਦੀ ਸੁਤੰਤਰਤਾ ਤੇ ਸਵੈਮਾਨ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਵੀਰਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਮੇਰੀ ਮਿੱਟੀ ਮੇਰਾ ਦੇਸ ਪ੍ਰੋਗਰਾਮ ਅਧੀਨ ਕਲਸ਼ ਯਾਤਰਾ ਦੇ ਸਬੰਧ ਵਿੱਚ ਪਿੰਡਾਂ ਵਿੱਚੋਂ ਇਕੱਤਰ ਕੀਤੀ ਗਈ ਮਿੱਟੀ ਬਲਾਕ ਪੱਧਰ 'ਤੇ ਇਕੱਠੀ ਕੀਤੀ ਗਈ। ਬਲਾਕ ਪੱਧਰ ਤੋਂ ਇਹ ਮਿੱਟੀ ਕਲਸ਼ ਯਾਤਰਾ ਪ੍ਰੋਗਰਾਮ ਦੇ ਤਹਿਤ ਨਵੀਂ ਦਿੱਲੀ ਵਿਖੇ ਇੰਡੀਆ ਗੇਟ ਕੋਲ ਸ਼ਹੀਦਾਂ ਦੀ ਯਾਦ ਵਿੱਚ ਬਣਨ ਵਾਲੇ ਸਮਾਰਕ ਵਿੱਚ ਸ਼ਾਮਿਲ ਕੀਤੀ ਜਾਵੇਗੀ। ਇਸ ਦੌਰਾਨ ਨੋਰਥ-ਜ਼ੋਨ ਕਲਚਰ ਸੈਂਟਰ ਪਟਿਆਲਾ ਵਲੋਂ ਇਨਕਲਾਬ ਜਿੰਦਾਬਾਦ ਦਾ ਨਾਟਕ ਪੇਸ਼ ਕੀਤਾ।

ਡਾ. ਰਾਕੇਸ਼ ਜਿੰਦਲ ਨੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ

ਬਰਨਾਲਾ,(ਰਾਜਿੰਦਰ ਬਰਾੜ) ਸਥਾਨਕ ਐਸ ਐਸ ਡੀ ਕਾਲਜ ਬਰਨਾਲਾ ਵਿਖੇ ਡਾ.ਰਾਕੇਸ਼ ਜਿੰਦਲ ਵੱਲੋਂ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਐਸ ਡੀ ਸਭਾ (ਰਜਿ.) ਬਰਨਾਲਾ ਦੇ ਚੇਅਰਮੈਨ ਸ਼ਿਵਦਰਸ਼ਨ ਕੁਮਾਰ ਸ਼ਰਮਾ ਨੇ ਪ੍ਰਿੰਸੀਪਲ ਨੂੰ ਵਧਾਈ ਦਿੰਦਿਆ ਅਹੁਦੇ ਦੀ ਜਿੰਮੇਵਾਰੀ ਸੌਂਪਦਿਆ ਕਿਹਾ ਕਿ ਸਾਨੂੰ ਪੂਰਨ ਆਸ ਹੈ ਕਿ ਇਹਨਾਂ ਦੀ ਅਗਵਾਈ 'ਚ ਕਾਲਜ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇਗਾ ਅਤੇ ਇਲਾਕੇ ਦਾ ਨੰਬਰ 1 ਕਾਲਜ ਹੋਵੇਗਾ। ਐਸ ਡੀ ਸਭਾ ਦੇ ਜਨਰਲ ਸਕੱਤਰ ਸ਼ਿਵ ਸਿੰਗਲਾ ਨੇ ਦੱਸਿਆ ਕਿ ਡਾ. ਰਾਕੇਸ਼ ਜਿੰਦਲ ਦਾ 25 ਸਾਲ ਪੜ੍ਹਾਉਣ ਦਾ ਤਜ਼ਰਬਾ ਹੈ। ਇਹਨਾਂ ਵੱਲੋਂ ਵੱਖ-ਵੱਖ ਕਈ ਵਿਦਿਅਕ ਸੰਸਥਾਵਾਂ ਦੇ ਮੁਖੀ ਵਜੋਂ ਪਾਏ ਯੋਗਦਾਨ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ। ਇਸ ਮੌਕੇ ਕੋਆਰਡੀਨੇਟਰ ਮੁਨੀਸ਼ੀ ਦੱਤ ਸ਼ਰਮਾ, ਪ੍ਰੋ ਭਾਰਤ ਭੂਸਣ, ਡੀਨ ਅਕਾਦਿਮਕ ਪ੍ਰੋ ਨੀਰਜ ਸ਼ਰਮਾ, ਡਾ.ਬਿਕਰਮਜੀਤ ਪੁਰਬਾ, ਪ੍ਰੋ ਕਰਨੈਲ ਸਿੰਘ, ਪ੍ਰੋ ਪਰਵਿੰਦਰ ਕੌਰ, ਪ੍ਰੋ ਸੁਨੀਤਾ ਗੋਇਲ, ਪ੍ਰੋ ਸੀਮਾ ਰਾਣੀ, ਪ੍ਰੋ ਹਰਪ੍ਰੀਤ ਕੌਰ, ਪ੍ਰੋ ਵੀਰਪਾਲ, ਪ੍ਰੋ ਅਮਨਦੀਪ ਕੌਰ, ਕਾਲਜੀਏਟ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਨਿਰਮਲਾ ਦੇਵੀ ਹਾਜ਼ਰ ਸਨ।

ਪਰਾਲੀ ਨਾ ਸਾੜਨ ਸੰਬੰਧੀ ਜਾਗਰੂਕਤਾ ਕੈਂਪ ਲਾਇਆ

ਧਰਮਕੋਟ (ਗੁਰਦੀਪ ਸਿੰਘ ਭੁੱਲਰ) ਪਰਾਲੀ ਨਾ ਸਾੜਨ ਤੇ ਵਾਤਾਵਰਣ ਸੰਭਾਲ ਸੰਬੰਧੀ ਮਾਨਵ ਵਿਕਾਸ ਸੰਸਥਾ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪਿੰਡ ਕਿਸ਼ਨਪੁਰ ਕਲਾਂ ਦੇ ਪ੍ਰਿੰਸੀਪਲ ਮੈਡਮ ਦੀ ਅਗਵਾਈ ਹੇਠ ਟੀ.ਐਨ.ਸੀ ਦੇ ਪ੍ਰੋਜੈਕਟ ਪ੍ਰਾਣਾ ਅਧੀਨ ਵਿਖੇ ਜਾਗਰੂਕਤਾ ਕੈਂਪ ਲਾਇਆ ਗਿਆ। ਕੈਂਪ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਬੱਚਿਆਂ ਨੇ ਭਾਗ ਲਿਆ। ਸੰਸਥਾ ਦੇ ਅਧਿਕਾਰੀਆਂ ਵੱਲੋਂ ਟੀ.ਐਨ.ਸੀ ਦੇ ਪ੍ਰੋਜੈਕਟ ਪ੍ਰਾਣਾ ਬਾਰੇ ਵਿਸਥਾਰਪੂਰਕ ਦੱਸਿਆ। ਵਿਦਿਆਰਥੀਆਂ ਨੂੰ ਮਿੱਟੀ, ਪਾਣੀ ਤੇ ਹਵਾ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕ ਕੀਤਾ ਗਿਆ। ਸੰਸਥਾ ਦੇ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਾਤਾਵਰਨ ਦਾ ਪ੍ਰਦੂਸ਼ਣ ਹੋਣਾ ਮਨੁੱਖਤਾ ਲਈ ਗੰਭੀਰ ਵਿਸ਼ਾ ਬਣਦਾ ਜਾ ਰਿਹਾ ਤੇ ਪਰਾਲੀ ਨੂੰ ਅੱਗ ਲੱਗਣ ਨਾਲ ਵਾਤਾਵਰਨ ਤੇ ਜੀਵ ਜੰਤੂਆਂ ਦੀ ਸਿਹਤ 'ਤੇ ਪੈ ਰਹੇ ਮਾੜੇ ਪ੍ਰਭਾਵ ਲਈ ਜਾਣੂ ਕਰਾਇਆ। ਅਧਿਕਾਰੀਆ ਵੱਲੋਂ ਡਰਾਇੰਗ ਮੁਕਾਬਲੇ ਵੀ ਕਰਾਏ ਗਏ, ਜਿਸ ਦਾ ਵਿਸ਼ਾ ਵਾਤਾਵਰਨ ਬਚਾਉਣ ਸੰਬੰਧੀ ਸੀ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪਹਿਲੇ ਤਿੰਨ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਮੌਕੇ ਰੁਪਿੰਦਰਜੀਤ ਕੌਰ, ਖੁਸ਼ਵਿੰਦਰ ਕੌਰ, ਦਰਸ਼ਨ ਸਿੰਘ ਅਧਿਆਪਕ ਆਦਿ ਮੌਜੂਦ ਰਹੇ। ਸਕੂਲ ਦੇ ਸਟਾਫ਼ ਨੇ ਸੰਸਥਾ ਤੋਂ ਆਏ ਖੇਤੀਬਾੜੀ ਸੁਪਰਵਾਈਜਰ ਕਰਨਜੋਤ ਸਿੰਘ ਗਰੇਵਰ, ਕਿਸਾਨ ਮਿੱਤਰ ਮਨਜਿੰਦਰ ਸਿਘ, ਬੂਟਾ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਸਰਹੱਦੀ ਪਿੰਡਾਂ 'ਚ ਆਵਾਰਾ ਕੁੱਤਿਆਂ ਦਾ ਕਹਿਰ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿੱਚ ਆਵਾਰਾ ਕੁੱਤਿਆਂ ਦਾ ਕਹਿਰ ਵਧਦਾ ਜਾ ਰਿਹਾ ਹੈ। ਆਏ ਦਿਨ ਇਨ੍ਹਾਂ ਆਵਾਰਾ ਕੁੱਤਿਆਂ ਕਾਰਨ ਹਾਦਸਿਆਂ ਦੇ ਮਾਮਲੇ ਸਾਹਮਣੇ ਆ ਰਹੇ ਹਨ। ਅਜਿਹਾ ਹੀ ਇੱਕ ਮਾਮਲਾ ਪਿੰਡ ਰੇਤੇ ਵਾਲੀ ਭੈਣੀ ਵਿੱਚ ਸਾਹਮਣੇ ਆਇਆ ਹੈ, ਜਿੱਥੇ ਇੱਕ ਪਾਲਤੂ ਬੱਕਰੀ ਇਨ੍ਹਾਂ ਆਵਾਰਾ ਕੁੱਤਿਆਂ ਦਾ ਸ਼ਿਕਾਰ ਹੋ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਬੱਕਰੀ ਆਪਣੇ ਘਰ ਤੋਂ ਕੁਝ ਦੂਰੀ 'ਤੇ ਖੇਤਾਂ ਵਿੱਚ ਚਾਰਾ ਖਾਣ ਗਈ ਸੀ। ਇਸੇ ਦੌਰਾਨ 10-12 ਆਵਾਰਾ ਕੁੱਤਿਆਂ ਨੇ ਉੱਥੇ ਆ ਕੇ ਬੱਕਰੀ ਨੂੰ ਘੇਰ ਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਉਸ ਦੀ ਗਰਦਨ 'ਤੇ ਕਈ ਥਾਂਵਾਂ 'ਤੇ ਕੱਟਿਆ ਅਤੇ ਉਸ ਨੂੰ ਨੇੜੇ ਦੇ ਪਾਣੀ ਦੇ ਟੋਏ 'ਚ ਲੈ ਗਏ। ਇਸ ਦੌਰਾਨ ਕੁੱਤਿਆਂ ਨੇ ਬੱਕਰੀ ਦੀ ਹਾਲਤ ਖਰਾਬ ਕਰ ਦਿੱਤੀ ਸੀ।

ਇਸ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਮੌਕੇ 'ਤੇ ਪਹੁੰਚੇ ਅਤੇ ਦੇਖਿਆ ਕਿ ਉਨ੍ਹਾਂ ਦੀ ਬੱਕਰੀ ਦੀ ਹਾਲਤ ਕਾਫੀ ਨਾਜ਼ੁਕ ਸੀ। ਥੋੜ੍ਹੀ ਦੇਰ ਬਾਅਦ ਬੱਕਰੀ ਦੀ ਮੌਤ ਹੋ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਹੜ੍ਹ ਕਾਰਨ ਉਨ੍ਹਾਂ ਦੇ ਘਰਾਂ ਦੇ ਆਲੇ-ਦੁਆਲੇ ਵੱਡੇ-ਵੱਡੇ ਟੋਏ ਬਣ ਗਏ ਹਨ। ਇਨ੍ਹਾਂ ਟੋਇਆਂ ਵਿੱਚ ਹਾਲੇ ਵੀ ਹੜ੍ਹ ਦਾ ਪਾਣੀ ਖੜ੍ਹਾ ਹੈ, ਜਿਸ ਕਾਰਨ ਉਸ ਦੀ ਬੱਕਰੀ ਦੀ ਮੌਤ ਆਵਾਰਾ ਕੁੱਤਿਆਂ ਦੇ ਕੱਟਣ ਅਤੇ ਹੜ੍ਹ ਕਾਰਨ ਬਣੇ ਟੋਏ ਵਿੱਚ ਖੜ੍ਹੇ ਪਾਣੀ ਵਿੱਚ ਡੁੱਬਣ ਕਾਰਨ ਹੋ ਗਈ। ਉਸ ਨੇ ਸਰਕਾਰ ਤੋਂ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਪਿੰਡ ਦੇ ਸਰਪੰਚ ਗੁਰਮੀਤ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਬੱਕਰੀ ਨਾਲ ਹੋਏ ਹਾਦਸੇ ਦਾ ਪਤਾ ਲੱਗਾ ਤਾਂ ਉਹ ਖੁਦ ਮੌਕੇ 'ਤੇ ਪੁੱਜੇ। ਇਸ ਤੋਂ ਬਾਅਦ ਉਸ ਦੇ ਪਰਵਾਰਕ ਮੈਂਬਰਾਂ ਨੇ ਕੁੱਤਿਆਂ ਵੱਲੋਂ ਕੱਟ ਕੇ ਉਸ ਨੂੰ ਪਾਣੀ ਨਾਲ ਭਰੇ ਟੋਏ ਵਿੱਚ ਘਸੀਟਣ ਬਾਰੇ ਦੱਸਿਆ।

ਉਨ੍ਹਾਂ ਦੱਸਿਆ ਕਿ ਪਹਿਲਾਂ ਉਨ੍ਹਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਸੀ ਅਤੇ ਹੁਣ ਉਨ੍ਹਾਂ ਦੇ ਪਿੰਡ ਅਤੇ ਆਲੇ-ਦੁਆਲੇ ਆਵਾਰਾ ਕੁੱਤਿਆਂ ਦੀ ਭਰਮਾਰ ਦੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੜ੍ਹ ਤੋਂ ਬਾਅਦ ਉਨ੍ਹਾਂ ਦੇ ਪਿੰਡਾਂ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ ਵੀ ਵਧ ਗਈ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਆਵਾਰਾ ਕੁੱਤਿਆਂ ਨੂੰ ਕਾਬੂ ਕੀਤਾ ਜਾਵੇ।

ਔਰਤ ਪ੍ਰੋਫ਼ੈਸਰ ਨੇ ਲਾਏ ਮਿਮਿਟ ਦੇ ਆਰਜ਼ੀ ਪ੍ਰਿੰਸੀਪਲ 'ਤੇ ਗੰਭੀਰ ਦੋਸ਼

ਮਲੋਟ, (ਗੁਰਮੀਤ ਸਿੰਘ ਮੱਕੜ):-ਬਹੁਤ ਸਾਰੀਆਂ ਸਿੱਖਿਆ ਸੰਸਥਾਵਾਂ ਅਤੇ ਉੱਚ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਵਿੱਚ ਕਈ ਵਾਰ ਦੇਖਿਆ ਜਾਂਦਾ ਹੈ ਕਿ ਜਿਹੜੇ ਵਿਦਿਆਰਥੀ ਤੇ ਸਟਾਫ਼ ਮੈਂਬਰ ਹੁੰਦੇ ਹਨ, ਉਨ੍ਹਾਂ ਵਲੋਂ ਕਈ ਤਰ੍ਹਾਂ ਉੱਥੋਂ ਦੀ ਮੈਨੇਜਮੈਂਟ, ਪ੍ਰੋਫ਼ੈਸਰ ਸਾਹਿਬਾਨ 'ਤੇ ਇਲਜ਼ਾਮ ਲਾਏ ਜਾਂਦੇ ਹਨ, ਜਿਸ ਦੇ ਚੱਲਦਿਆਂ ਹੀ ਪਿਛਲੇ ਦਿਨੀਂ ਚੰਡੀਗੜ੍ਹ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਵਿਚ ਵੀ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

ਇਸੇ ਤਰ੍ਹਾਂ ਦੀ ਇੱਕ ਹੋਰ ਘਟਨਾ ਸਾਹਮਣੇ ਆਈ ਹੈ, ਜਿਸ ਵਿਚ ਇੱਕ ਮਹਿਲਾ ਪ੍ਰੋਫੈਸਰ ਜੋ ਮਿਮਿਟ ਮਲੋਟ ਵਿੱਚ ਨੌਕਰੀ ਕਰ ਰਹੇ ਹਨ ਅਤੇ ਉਨ੍ਹਾਂ ਵਲੋਂ ਆਪਣੇ ਕਾਲਜ ਦੇ ਆਰਜ਼ੀ ਡਾਇਰੈਕਟਰ-ਕਮ-ਪ੍ਰਿੰਸੀਪਲ 'ਤੇ ਤੰਗ ਪ੍ਰੇਸ਼ਾਨ ਅਤੇ ਅਸ਼ਲੀਲ ਹਰਕਤਾਂ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਪੀੜ੍ਹਤ ਮਹਿਲਾ ਪ੍ਰੋਫੈਸਰ ਨੇ ਵੀਡੀਓ ਸੰਦੇਸ਼ ਰਾਹੀਂ ਦੱਸਿਆ ਕਿ ਉਹ ਲਗਭਗ ਪਿਛਲੇ 20 ਸਾਲਾਂ ਤੋਂ ਮਿਮਿਟ ਕਾਲਜ ਵਿਖੇ ਨੌਕਰੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਮਿਮਿਟ ਕਾਲਜ ਦੇ ਆਰਜ਼ੀ ਡਾਇਰੈਕਟਰ-ਕਮ-ਪ੍ਰਿੰਸੀਪਲ, ਜੋ ਸਿਆਸੀ ਆਗੂਆਂ ਦੀ ਸ਼ਹਿ 'ਤੇ ਇਸ ਅਹੁਦੇ ਨੂੰ ਹਾਸਲ ਕੀਤਾ ਹੈ, ਪ੍ਰੰਤੂ ਨਿਯਮਾਂ ਮੁਤਾਬਕ ਉਹ ਅਹੁਦੇ ਦੇ ਯੋਗ ਨਹੀਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ ਹੈ, ਉਨ੍ਹਾਂ ਵਲੋਂ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਡਿਊਟੀ ਦੌਰਾਨ ਉਨ੍ਹਾਂ ਵਲੋਂ ਗਲਤ ਸ਼ਬਦਾਵਲੀ ਵਰਤੀ ਗਈ।

ਉਨ੍ਹਾਂ ਦੱਸਿਆ ਕਿ ਉਸ ਤੋਂ ਬਾਅਦ ਫਰਵਰੀ ਮਹੀਨੇ ਵਿਚ ਉਨ੍ਹਾਂ ਨੂੰ ਕਈ ਵਾਰ ਆਪਣੇ ਦਫ਼ਤਰ ਵਿਚ ਬੁਲਾਇਆ ਗਿਆ ਤੇ ਉਸ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਗਈਆਂ। ਪੀੜ੍ਹਤ ਮਹਿਲਾ ਪ੍ਰੋਫ਼ੈਸਰ ਨੇ ਦੱਸਿਆ ਕਿ ਪ੍ਰਿੰਸੀਪਲ ਦੇ ਸਹਿਯੋਗੀਆਂ ਵਲੋਂ ਵੀ ਰਾਤ ਸਮੇਂ ਫੋਨ ਕਰਕੇ ਉਸ ਨੂੰ ਮੰਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਧਮਕੀਆਂ ਦਿੱਤੀਆਂ ਗਈਆਂ, ਜਿਸ ਤੋਂ ਬਾਅਦ ਉਨ੍ਹਾਂ ਵਲੋਂ ਸਥਾਨਕ ਪੁਲਿਸ ਅਤੇ ਉੱਚ ਅਧਿਕਾਰੀਆਂ ਨੂੰ ਵੀ ਇਸ ਸਬੰਧੀ ਸ਼ਿਕਾਇਤ ਕੀਤੀ ਗਈ, ਪ੍ਰੰਤੂ ਸਿਆਸੀ ਦਬਾਅ ਦੇ ਚੱਲਦਿਆਂ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਵੀਡੀਓ ਸੰਦੇਸ਼ ਰਾਹੀਂ ਦੱਸਿਆ ਕਿ ਉਨ੍ਹਾਂ ਦੋ ਕੈਬਨਿਟ ਮੰਤਰੀਆਂ ਨੂੰ ਇਸ ਸਬੰਧੀ ਸ਼ਿਕਾਇਤਾਂ ਕੀਤੀਆਂ, ਪ੍ਰੰਤੂ ਉਨ੍ਹਾਂ ਨੇ ਇਸ ਨੂੰ ਅਣਗੌਲਿਆ ਕਰ ਦਿੱਤਾ। ਉਸ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਾਈ ਜਾਵੇ ਅਤੇ ਇਸ ਦਾ ਸਮੱਰਥਨ ਕਰਨ ਵਾਲੇ ਰਾਜਨੀਤਿਕ ਆਗੂਆਂ ਨੂੰ ਇਸ ਮਾਮਲੇ ਤੋਂ ਪਾਸੇ ਰੱਖਿਆ ਜਾਵੇ ਅਤੇ ਪੁਲਸ ਉਸ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰੇ ਅਤੇ ਇਸ ਪ੍ਰਿੰਸੀਪਲ ਨੂੰ ਬਰਖਾਸਤ ਕਰਕੇ ਯੋਗ ਵਿਅਕਤੀ ਨੂੰ ਇਸ ਦਾ ਅਹੁਦਾ ਸੌਂਪਿਆ ਤਾਂ ਜੁ ਸਰਕਾਰ ਦੀ ਹੋ ਰਹੀ ਬਦਨਾਮੀ ਨੂੰ ਰੋਕਿਆ ਜਾ ਸਕੇ। ਪੀੜ੍ਹਤ ਮਹਿਲਾ ਪ੍ਰੋਫ਼ੈਸਰ ਵੱਲੋਂ ਲਾਏ ਗਏ ਦੋਸ਼ਾਂ ਦੀ ਗੰਭੀਰਤਾ ਨਾਲ ਜਾਂਚ ਹੋਵੇ ਤਾਂ ਜੁ ਇਹ ਪਤਾ ਲੱਗ ਸਕੇ ਕਿ ਉਸਨੇ ਆਪਣੇ ਨਿੱਜੀ ਹਿੱਤਾਂ ਲਈ ਦੋਸ਼ ਲਾਏ ਹਨ ਜਾਂ ਅਸਲ ਸੱਚਾਈ ਕੀ ਹੈ?

ਕਰੀ ਕਲਾਂ 'ਚ ਹੰਸ ਫਾਊਂਡੇਸ਼ਨ ਵੱਲੋਂ ਜਾਗਰੂਕਤਾ ਕੈਂਪ

ਮਮਦੋਟ (ਜਸਬੀਰ ਸਿੰਘ ਕੰਬੋਜ)-ਸਿਹਤ ਸੇਵਾਵਾਂ ਤੇ ਚਕਿਤਸਾ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਅ ਰਹੀ ਹੰਸ ਫਾਊਂਡੇਸ਼ਨ ਵੱਲੋਂ ਸਰਹੱਦੀ ਅਤੇ ਪਛੜੇ ਪੇਂਡੂ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਲੜੀ ਵਜੋਂ ਫ਼ਿਰੋਜ਼ਪੁਰ ਫ਼ਾਜ਼ਿਲਕਾ ਰੋਡ 'ਤੇ ਸਥਿਤ ਪਿੰਡ ਕਰੀ ਕਲਾਂ ਵਿਖੇ ਪਿੰਡ ਦੇ ਸਰਪੰਚ ਸਾਰਜ ਸਿੰਘ, ਪਿੰਡ ਦੀ ਪੰਚਾਇਤ ਅਤੇ ਸਮਾਜ ਸੇਵੀ ਨੌਜਵਾਨਾਂ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ, ਜਿਸ ਵਿਚ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਚੈੱਕਅਪ ਕਰਕੇ ਜਿਥੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ, ਉਥੇ ਹਾਜਰ ਪਿੰਡ ਵਾਸੀਆਂ ਨੂੰ ਮੌਸਮ ਦੇ ਬਦਲਾਅ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਸੁਚੇਤ ਕੀਤਾ ਗਿਆ। ਹੰਸ ਫਾਊਂਡੇਸ਼ਨ ਦੇ ਐੱਸ ਪੀ ਓ ਬਲਰਾਮ ਕੁਮਾਰ ਤੇ ਡਾਕਟਰ ਅਰਵਿੰਦ ਕੁਮਾਰ ਨੇ ਦੱਸਿਆ ਕਿ ਇਸ ਸਰਹੱਦੀ ਅਤੇ ਪਛੜੇ ਖੇਤਰ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਤੇ ਉਨ੍ਹਾਂ ਨੂੰ ਲੋੜੀਂਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਵਾਸਤੇ ਹੰਸ ਫਾਊਂਡੇਸ਼ਨ ਵੱਲੋਂ ਜਿਥੇ ਮਾਹਿਰ ਡਾਕਟਰਾਂ ਦੀ ਦੇਖ ਰੇਖ ਹੇਠ ਮੁਫ਼ਤ ਮੈਡੀਕਲ ਕੈਂਪ ਲਾਏ ਜਾ ਰਹੇ ਹਨ, ਉਥੇ ਜ਼ਰੂਰਤਮੰਦ ਮਰੀਜ਼ਾਂ ਨੂੰ ਅਗਲੇਰੇ ਇਲਾਜ ਵਾਸਤੇ ਐਂਬੂਲੈਂਸ ਦੀ ਵੀ ਵਿਵਸਥਾ ਕੀਤੀ ਗਈ ਹੈ।

ਪੱਤਰਕਾਰ ਫਰਿਆਦ ਨੂੰ ਸਦਮਾ, ਦਾਦੇ ਦਾ ਦਿਹਾਂਤ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਸਟੇਸ਼ਨ ਤੋਂ ਪੱਤਰਕਾਰ ਅਵਤਾਰ ਸਿੰਘ ਫਰਿਆਦ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਦਾਦਾ ਜਥੇਦਾਰ ਸਾਧੂ ਸਿੰਘ ਨਿਹੰਗ ਸਿੰਘ ਅਚਨਚੇਤ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ। ਜਥੇਦਾਰ ਸਾਧੂ ਸਿੰਘ ਨਿਹੰਗ ਸਿੰਘ ਨਮਿਤ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਸਮਾਗਮ 18 ਅਕਤੂਬਰ ਨੂੰ ਉਨ੍ਹਾਂ ਦੇ ਗ੍ਰਹਿ ਅੰਬੇਡਕਰ ਹਾਊਸ, ਨੇੜੇ ਨਹਿਰ, ਵਾਰਡ ਨੰਬਰ 9, ਗਾਰਡਨ ਐਵੀਨਿਊ ਅਜਨਾਲਾ ਵਿਖੇ ਦੁਪਹਿਰ 12 ਤੋਂ 1 ਵਜੇ ਹੋਵੇਗਾ।

ਪਬਲਿਕ ਨੋਟਿਸ

ਹਰ ਆਮ ਵਾ ਖ਼ਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਲਾਟ ਨੰ: 229 ਵਾਕਿਆ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ ਸਕੀਮ ਦੇ ਅਲਾਟੀ ਸ੍ਰੀ ਰਾਮ ਗੋਪਾਲ ਪੁੱਤਰ ਸ੍ਰੀ ਮਿੱਠੂ ਰਾਮ ਦੀ ਮੌਤ ਮਿਤੀ: 27.04.2015 ਨੂੰ ਹੋਈ ਬਾਰੇ ਦੱਸ ਕਿ ਉਹਨਾ ਦੇ ਪੁੱਤਰ ਸ੍ਰੀ ਗੁਰਮੀਤ ਲਾਲ ਪੁੱਤਰ ਸ੍ਰੀ ਰਾਮ ਗੋਪਾਲ ਵਾਸੀ ਬਰਨਾਲਾ ਨੇ ਇੰਦਰਾਜ ਮਾਲਕੀ ਵਾਰਸਾ ਨਾਮ ਦਰਜ਼ ਕਰਨ ਦੀ ਮੰਗ ਕੀਤੀ ਹੈ। ਬਿਨੈਕਾਰ ਨੇ ਦਰਖਾਸਤ ਨਾਲ ਮਾਨਯੋਗ ਸਿਵਲ ਜੱਜ (ਜੂਨੀਅਰ ਡਵੀਜ਼ਨ ਬਰਨਾਲਾ) ਜੀ ਵੱਲੋਂ ਦਾਵਾ ਨੰਬਰ CS/1023/2019 ਦੇ ਫੈਸਲਾ ਮਿਤੀ:01/07/2023 ਪੇਸ਼ ਕੀਤਾ ਹੈ। ਜਿਸ ਅਨੁਸਾਰ ਮਾਨਯੋਗ ਕੋਰਟ ਨੇ ਸ੍ਰੀ ਰਾਮ ਗੋਪਾਲ ਦੀ ਮੌਤ ਤੋਂ ਬਾਅਦ ਪਲੈਨਟਿਫ ਨੰ:01 (ਗੁਰਮੀਤ ਲਾਲ) ਅਤੇ 02 (ਰਿੰਕਲ ਰਾਣੀ) ਅਤੇ ਡਿਫੈਂਡੈਂਟ ਨੰ: 02 (ਸਲੋਚਨਾ ਰਾਣੀ), 03 (ਸੁਦਰਸ਼ਨ ਕੁਮਾਰ ਉਰਫ ਸੁਖਦਰਸ਼ਨ ਕੁਮਾਰ) ਅਤੇ 04 (ਬਿੰਦੂ ਰਾਣੀ) ਨੂੰ ਲੀਗਲ ਹੇਅਰ ਘੋਸ਼ਿਤ ਕੀਤਾ ਹੈ। ਡਿਫੈਂਡੈਂਟ ਨੰ:03 ਸੁਦਰਸ਼ਨ ਕੁਮਾਰ ਉਰਫ ਸੁਖਦਰਸ਼ਨ ਕੁਮਾਰ ਦੀ ਮੌਤ ਹੋਣ ਕਾਰਨ ਉਹਨਾਂ ਦੇ ਵਾਰਸ ਪੂਜਾ ਰਾਣੀ ਵਿਧਵਾ ਸੁਖਦਰਸ਼ਨ ਕੁਮਾਰ ਅਤੇ ਪੰਕਜ ਪੁੱਤਰ ਸ੍ਰੀ ਸੁਖਦਰਸ਼ਨ ਕੁਮਾਰ ਨੂੰ ਵਾਰਸ ਦਰਜ ਕੀਤਾ ਹੈ। ਡਿਫੈਂਡੈਂਟ ਨੰ: 04 ਬਿੰਦੂ ਰਾਣੀ ਦੀ ਮੌਤ ਹੋਣ ਕਾਰਨ ਉਹਨਾਂ ਦੇ ਵਾਰਸ ਚੰਚਲ ਰਾਣੀ ਅਤੇ ਵਿਨੋਦ ਮਿੱਤਲ ਨੂੰ ਵਾਰਸ ਦਰਜ਼ ਕੀਤਾ ਹੈ। ਹੁਣ ਮਾਨਯੋਗ ਕੋਰਟ ਦੇ ਫੈਸਲੇ ਅਨੁਸਾਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ ਸਕੀਮ ਵਿਚਲੇ ਪਲਾਂਟ ਨੰ: 229 ਦੀ ਮਾਲਕੀ ਟਰੱਸਟ ਰਿਕਾਰਡ ਵਿੱਚ 1 ਸ੍ਰੀ ਗੁਰਮੀਤ ਲਾਲ ਪੁੱਤਰ ਸ੍ਰੀ ਰਾਮ ਗੋਪਾਲ ਵਾਸੀ ਠੀਕਰੀਵਾਲਾ ਰੋਡ,ਬਰਨਾਲਾ 2 ਸ੍ਰੀਮਤੀ ਰਿੰਕਲ ਰਾਣੀ ਪੁੱਤਰੀ ਰਾਮ ਗੋਪਾਲ ਹਾਲ ਪਤਨੀ ਸ੍ਰੀ ਰਾਜੀਵ ਕੁਮਾਰ ਪੁੱਤਰ ਸ੍ਰੀ ਗੋਪੀ ਚੰਦ ਵਾਸੀ ਮਕਾਨ ਨੰ:ਬੀ-X/482 ਪਟੇਲ ਨਗਰ ਗਲੀ ਨੰ:01, ਬਰਨਾਲਾ 3 ਸਲੋਚਨਾ ਰਾਣੀ ਪਤਨੀ ਲੇਟ ਰਾਮ ਗੋਪਾਲ ਹਾਲ ਪਤਨੀ ਅਸ਼ੋਕ ਕੁਮਾਰ ਪੁੱਤਰ ਪਿਆਰਾ ਲਾਲ ਵਾਸੀ ਮਕਾਨ ਨੰ: ਬੀ-II/295,ਬਾਬੂ ਰਾਮ ਕਾਲੋਨੀ ਵਾਲੀ ਗਲੀ ਰਾਮਪੁਰਾ ਫੂਲ ਜਿਲਾ ਬਠਿੰਡਾ 4 ਪੂਜਾ ਰਾਣੀ ਵਿਧਵਾ ਸੁਦਰਸ਼ਨ ਕੁਮਾਰ ਉਰਫ ਸੁਖਦਰਸ਼ਨ ਕੁਮਾਰ ਵਾਸੀ ਮਕਾਨ ਨੰ:229 ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ (22 ਏਕੜ) ਸਕੀਮ ਬਰਨਾਲਾ 5 ਪੰਕਜ ਕੁਮਾਰ ਪੁੱਤਰ ਲੇਟ ਸ੍ਰੀ ਸੁਦਰਸ਼ਨ ਕੁਮਾਰ ਉਰਫ ਸੁਖਦਰਸ਼ਨ ਕੁਮਾਰ ਵਾਸੀ ਮਕਾਨ ਨੰ: 229 ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ ਸਕੀਮ (22 ਏਕੜ) ਬਰਨਾਲਾ 6 ਵਿਨੋਦ ਮਿੱਤਲ ਪੁੱਤਰ ਸੱਤਪਾਲ ਮਿੱਤਲ ਵਾਸੀ ਮਕਾਨ ਨੰ:38/8, ਹੋਲੀ ਚੌਕ ਆਊਟਰ ਵਿਰਨੀ, ਬੈਕਰ ਨਰੇਲਾ ਨੋਰਥ ਵੈਸਟ, ਦਿੱਲੀ (110040) 7 ਚੰਚਲ ਪੁੱਤਰੀ ਲੇਟ ਬਿੰਦੂ ਰਾਣੀ ਪਤਨੀ ਵਿਨੋਦ ਮਿੱਤਲ ਕੁਮਾਰ ਵਾਸੀ ਮਕਾਨ ਨੰ:38/8,ਹੋਲੀ ਚੌਕ ਆਊਟਰ ਵਿਰਨੀ, ਬੈਕਰ ਨਰੇਲਾ ਨੋਰਥ ਵੈਸਟ ਦਿੱਲੀ (110040) ਦੇ ਨਾਮ ਮਾਲਕੀ ਦਰਜ਼ ਕੀਤੀ ਜਾਣੀ ਹੈ। ਅਗਰ ਪਲਾਟ ਨੰ:229, ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨਗਰ ਸਕੀਮ (22 ਏਕੜ) ਬਰਨਾਲਾ ਦੀ ਮਾਲਕੀ ਉਕਤ 7 ਨਾਮਾ ਤੇ ਦਰਜ ਹੋਣ ਸਬੰਧੀ ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਸਬੂਤਾਂ ਸਹਿਤ ਲਿਖਤੀ ਇਤਰਾਜ਼ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਪਾਸ ਪੇਸ਼ ਕੀਤਾ ਜਾਵੇ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਇੰਦਰਾਜ ਮਾਲਕੀ ਦਰਜ ਕਰਨ ਸਬੰਧੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ ਬਰਨਾਲਾ

ਬਾ-ਅਦਾਲਤ ਸ੍ਰੀ ਅਮਰਜੀਤ ਸਿੰਘ ਸਬ-ਰਜਿਸਟਰਾਰ, ਅੰਮ੍ਰਿਤਸਰ-2

ਵਿਸ਼ਾ: ਦਿਨੇਸ਼ ਸ਼ਰਮਾ ਪੁੱਤਰ ਸ੍ਰੀ ਨਰਿੰਦਰ ਦੇਵ ਸ਼ਰਮਾ ਵਾਸੀ ਮਕਾਨ ਨੰਬਰ 1010 ਰੇਲਵੇ ਗਲੀ, ਭਾਰਤ ਨਗਰ ਬਟਾਲਾ ਰੋਡ ਅੰਮ੍ਰਿਤਸਰ ਵੱਲੋਂ ਪੇਸ਼ ਕੀਤੀ ਗਈ ਵਸੀਅਤ ਜੇਰ ਧਾਰਾ 40 ਭਾਰਤੀ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ।

ਵਿਸ਼ਾ:- ਆਮ ਜਨਤਾ ਨੂੰ ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ **ਦਿਨੇਸ਼ ਸ਼ਰਮਾ ਪੁੱਤਰ ਸ੍ਰੀ ਨਰਿੰਦਰ ਦੇਵ ਸ਼ਰਮਾ ਵਾਸੀ ਮਕਾਨ ਨੰਬਰ 1010 ਰੇਲਵੇ ਗਲੀ, ਭਾਰਤ ਨਗਰ ਬਟਾਲਾ ਰੋਡ ਅੰਮ੍ਰਿਤਸਰ** ਵੱਲੋਂ ਇੱਕ ਵਸੀਅਤ ਮਿਤੀ 10.3.2023 ਪੇਸ਼ ਕਰਕੇ ਜ਼ੇਰੇ ਧਾਰਾ 40 ਭਾਰਤੀ ਰਜਿਸਟਰੇਸ਼ਨ ਐਕਟ, 1908 ਦੇ ਅਧੀਨ ਤਸਦੀਕ ਕਰਨ ਬਾਰੇ ਨੇ ਇੱਕ ਲਿਖਤੀ ਦਰਖਾਸਤ ਦਿੱਤੀ ਹੈ ਕਿ ਉਸਦੇ ਪਿਤਾ **ਨਰਿੰਦਰ ਦੇਵ ਪੁੱਤਰ ਸ੍ਰੀ ਲਛਮਨ ਦਾਸ ਵਾਸੀ ਮਕਾਨ ਨੰਬਰ 1010 ਰੇਲਵੇ ਗਲੀ, ਭਾਰਤ ਨਗਰ ਬਟਾਲਾ ਰੋਡ ਅੰਮ੍ਰਿਤਸਰ** ਜੀ ਦੀ ਮੌਤ ਮਿਤੀ 5.8.2023 ਨੂੰ ਹੋ ਚੁੱਕੀ ਹੈ ਅਤੇ **ਨਰਿੰਦਰ ਦੇਵ ਪੁੱਤਰ ਸ੍ਰੀ ਲਛਮਨ ਦਾਸ ਵਾਸੀ ਮਕਾਨ ਨੰਬਰ 1010 ਰੇਲਵੇ ਗਲੀ, ਭਾਰਤ ਨਗਰ ਬਟਾਲਾ ਰੋਡ ਅੰਮ੍ਰਿਤਸਰ** ਨੇ ਆਪਣੇ ਜਿਉਂਦਿਆਂ ਜੀ ਆਪਣੀ ਚਲ ਅਚਲ ਜਾਇਦਾਦ ਦੀ ਬਾਬਤ ਇੱਕ ਵਸੀਅਤ ਮਿਤੀ 10.3.2023 ਉਸਦੇ ਹੱਕ ਵਿੱਚ ਕੀਤੀ ਸੀ ਜੋ ਤਬੀਅਤ ਜਿਆਦਾ ਖਰਾਬ ਹੋਣ ਦੀ ਵਜ੍ਹਾ ਕਾਰਨ ਇਹ ਵਸੀਅਤ ਰਜਿਸਟਰਡ ਨਹੀਂ ਕਰਾ ਸਕੇ। ਹੁਣ **ਦਿਨੇਸ਼ ਸ਼ਰਮਾ ਪੁੱਤਰ ਸ੍ਰੀ ਨਰਿੰਦਰ ਦੇਵ ਸ਼ਰਮਾ ਵਾਸੀ ਮਕਾਨ ਨੰਬਰ 1010 ਰੇਲਵੇ ਗਲੀ, ਭਾਰਤ ਨਗਰ ਬਟਾਲਾ ਰੋਡ ਅੰਮ੍ਰਿਤਸਰ** ਨੇ ਬੇਨਤੀ ਕੀਤੀ ਹੈ ਕਿ ਇਹ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ, 1908 ਦੀ ਧਾਰਾ 40 ਅਧੀਨ ਰਜਿਸਟਰਡ ਤਸਦੀਕ ਕੀਤੀ ਜਾਵੇ।

ਇਹ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ, 1908 ਦੀ ਧਾਰਾ 40 ਦੇ ਅਧੀਨ ਰਜਿਸਟਰਡ/ਤਸਦੀਕ ਕਰਨ ਲਈ ਨਿਮਨ-ਹਸਤਾਖਰ ਦੇ ਪੇਸ਼ ਹੋਈ ਹੈ। ਮ੍ਰਿਤਕ ਦੇ ਵਾਰਸਾਂ ਅਤੇ ਆਮ ਜਨਤਾ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਵਸੀਅਤ ਦੇ ਭਾਰਤੀ ਰਜਿਸਟਰੇਸ਼ਨ ਐਕਟ, 1908 ਦੀ ਧਾਰਾ 40 ਅਧੀਨ ਰਜਿਸਟਰਡ ਕਰਨ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਇਹ ਇਸ਼ਤਿਹਾਰ ਜਾਰੀ ਹੋਣ ਤੋਂ 30 ਦਿਨ ਦੇ ਅੰਦਰ-ਅੰਦਰ ਨਿਮਨ-ਹਸਤਾਖਰ ਦੇ ਪੇਸ਼ ਹੋ ਕੇ ਆਪਣਾ ਇਤਰਾਜ਼ ਪੇਸ਼ ਕਰੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਸਮਿਆਦ ਤੋਂ ਬਾਅਦ ਕੋਈ ਇਤਰਾਜ਼ ਸੁਣਨਯੋਗ ਨਹੀਂ ਹੋਵੇਗਾ ਅਤੇ ਇਹ ਵਸੀਅਤ ਜੇਰ ਧਾਰਾ 40 ਭਾਰਤੀ ਰਜਿਸਟਰੇਸ਼ਨ ਐਕਟ, 1908 ਦੇ ਅਧੀਨ ਤਸਦੀਕ/ਰਜਿਸਟਰਡ ਕਰ ਦਿੱਤੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ11.10.23 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ਹੈ।

ਨੰਬਰ:ਆਰ.ਸੀ/438 **ਸਬ ਰਜਿਸਟਰਾਰ**
ਮਿਤੀ:- 11/10/23 **ਅੰਮ੍ਰਿਤਸਰ-2**

ਮੋਗਾ ਵਿਖੇ ਕਿਸਾਨ ਬਜ਼ਾਰ ਨੂੰ ਭਰਵਾਂ ਹੁੰਗਾਰਾ

ਮੋਗਾ (ਅਮਰਜੀਤ ਬੱਬਰੀ)-ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਮੰਡੀ ਬੋਰਡ ਮੋਗਾ ਵੱਲੋਂ ਨਵੀਂ ਦਾਣਾ ਮੰਡੀ ਵਿੱਚ ਹਰੇਕ ਮਹੀਨੇ ਦੀ 10 ਤਾਰੀਖ ਨੂੰ ਕਿਸਾਨ ਬਜ਼ਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਕਿਸਾਨ ਬਜ਼ਾਰ ਇੱਕ ਸਾਲ ਤੋਂ ਸਫ਼ਲਤਾਪੂਰਵਕ ਚੱਲ ਰਿਹਾ ਹੈ। ਅਕਤੂਬਰ ਮਹੀਨੇ ਦੇ ਕਿਸਾਨ ਬਜ਼ਾਰ ਨੂੰ ਵੀ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ। 35 ਦੇ ਕਰੀਬ ਅਗਾਂਹਵਧੂ ਕਿਸਾਨਾਂ ਨੇ ਆਪਣੇ ਸਟਾਲ ਸਥਾਪਤ ਕਰਕੇ ਜ਼ਹਿਰ ਮੁਕਤ, ਰਸਾਇਣ ਮੁਕਤ, ਕੁਦਰਤੀ ਅਤੇ ਵਿਰਾਸਤੀ ਢੰਗ ਨਾਲ ਕਾਸ਼ਤ ਕੀਤੀਆਂ ਫ਼ਸਲਾਂ ਦਾ ਆਪ ਮੰਡੀਕਰਨ ਕੀਤਾ। ਇਸ ਕਿਸਾਨ ਬਜ਼ਾਰ ਵਿੱਚ ਕਿਸਾਨਾਂ ਵੱਲੋਂ ਸ਼ੁੱਧ ਗੁੜ, ਸ਼ੱਕਰ, ਸ਼ਹਿਦ, ਸਰ੍ਹੋਂ ਦਾ ਖਾਲਸ ਤੇਲ, ਦੇਸੀ ਦਾਲਾਂ, ਮੂਲ ਅਨਾਜ, ਆਟਾ, ਸਬਜ਼ੀਆਂ, ਬਾਸਮਤੀ ਚਾਵਲ, ਮਸਾਲੇ ਤੋਂ ਇਲਾਵਾ ਦੁੱਧ ਤੋਂ ਬਣੇ ਪਦਾਰਥ ਦੁੱਧ, ਲੱਸੀ, ਪਨੀਰ, ਦੇਸੀ ਘਿਓ ਆਦਿ ਵਰਗੇ ਉਤਪਾਦ ਵੇਚੇ ਗਏ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਕਿਸਾਨ ਬਜ਼ਾਰ ਵਿੱਚ 500 ਤੋਂ ਵਧੇਰੇ ਗ੍ਰਾਹਕਾਂ ਨੇ ਇਹਨਾਂ ਅਗਾਂਹਵਧੂ ਕਿਸਾਨਾਂ ਦੇ ਜ਼ਹਿਰ ਮੁਕਤ ਉਤਪਾਦਾਂ ਵਿੱਚ ਦਿਲੀ ਰੁਚੀ ਦਿਖਾ ਕੇ ਇਹਨਾਂ ਦੀ ਖਰੀਦ ਕੀਤੀ। ਉਹਨਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਕੁਦਰਤੀ ਅਤੇ ਵਿਰਾਸਤੀ ਖੇਤੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ, ਕਿਉਂਕਿ ਇਸ ਨਾਲ ਮਨੁੱਖੀ ਸਰੀਰ ਨੂੰ ਲੱਗਦੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਹਿਰ ਮੁਕਤ ਖੇਤੀ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦੀ ਚਪੇਟ ਵਿੱਚ ਆ ਕੇ ਬਹੁਤ ਸਾਰੀਆਂ ਬਹੁਮੁੱਲੀਆਂ ਜਾਨਾਂ ਜਾ ਰਹੀਆਂ ਹਨ, ਜਿਹੜੀਆਂ ਕਿ ਕੀਟਨਾਸ਼ਕ ਦਵਾਈਆਂ ਦੀ ਹੀ ਦੇਣ ਹਨ। ਉਨ੍ਹਾਂ ਦੱਸਿਆ ਕਿ ਕਿਸਾਨੀ ਨੂੰ ਆਰਥਿਕ ਪੱਖੋਂ ਫਿਰ ਹੀ ਮਜ਼ਬੂਤ ਕੀਤਾ ਜਾ ਸਕਦਾ ਹੈ ਜੇਕਰ ਕਿਸਾਨ ਆਪਣੀਆਂ ਕਾਸ਼ਤ ਕੀਤੇ ਉਤਪਾਦਾਂ ਦਾ ਆਪ ਮੰਡੀਕਰਨ ਕਰਨਗੇ। ਇਸ ਨਾਲ ਲੋਕਾਂ ਨੂੰ ਜ਼ਹਿਰ ਮੁਕਤ ਉਤਪਾਦ ਮਿਲਣਗੇ ਅਤੇ ਕਿਸਾਨਾਂ ਨੂੰ ਆਪਣੀ ਆਮਦਨੀ ਵਿੱਚ ਵਾਧਾ ਮਿਲੇਗਾ।

ਡਿਪਟੀ ਕਮਿਸ਼ਨਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕਿਸਾਨ ਬਜ਼ਾਰ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਵਧੀਆ ਉਤਪਾਦਾਂ ਦੀ ਖਰੀਦ ਨੂੰ ਯਕੀਨੀ ਬਣਾਉਣ ਅਤੇ ਕਿਸਾਨਾਂ ਦੀ ਆਮਦਨੀ ਵਿੱਚ ਵਾਧਾ ਕਰਨ ਲਈ ਸਹਿਯੋਗ ਦੇਣ।

ਜ਼ਿਲ੍ਹਾ ਮੰਡੀ ਅਫ਼ਸਰ ਜਸ਼ਨਦੀਪ ਸਿੰਘ ਨੇ ਦੱਸਿਆ ਕਿ ਅੱਜ ਦੇ ਇਸ ਕਿਸਾਨ ਬਜ਼ਾਰ ਵਿੱਚ ਗ੍ਰਾਹਕਾਂ ਦੀ ਭਾਰੀ ਗਿਣਤੀ ਅਤੇ ਰੁਚੀ ਵੇਖਣ ਨੂੰ ਮਿਲੀ।

ਮਿਸ਼ਨ ਇੰਦਰਧਨੁਸ਼ ਦੌਰਾਨ ਯੂਵਿਨ ਪੋਰਟਲ 'ਤੇ ਲਾਭਪਾਤਰੀਆਂ ਦੇ ਸਰਟੀਫਿਕੇਟ ਜਾਰੀ ਕੀਤੇ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਇੰਟੈਂਸੀਫਾਈਡ ਮਿਸ਼ਨ ਇੰਦਰ ਧਨੁਸ਼ 5.0 ਤਹਿਤ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਜੇਸ਼ ਕੁਮਾਰ ਦੀ ਅਗਵਾਈ ਵਿੱਚ ਪੀ.ਐਚ.ਸੀ ਨੰਦਪੁਰ ਕਲੌੜ ਵਿਖੇ ਐਸ.ਐਮ.ਓ ਡਾ.ਭੁਪਿੰਦਰ ਸਿੰਘ ਦੀ ਦੇਖ-ਰੇਖ ਅਧੀਨ ਮਿਸ਼ਨ ਇੰਦਰ ਧਨੁਸ਼ ਦੇ ਸੈਸ਼ਨ ਦੌਰਾਨ ਯੂਵਿਨ ਪੋਰਟਲ ਤੇ ਲਾਭਪਾਤਰੀਆਂ ਦੇ ਨਾਂਅ ਦਰਜ ਕਰ ਸਰਟੀਫਿਕੇਟ ਜਾਰੀ ਕੀਤੇ ਗਏ। ਮਿਸ਼ਨ ਇੰਦਰਧਨੁਸ਼ ਸਬੰਧੀ ਬਲਾਕ ਐਜੂਕੇਟਰ ਹੇਮੰਤ ਕੁਮਾਰ ਨੇ ਕਿਹਾ ਕਿ ਮਿਸ਼ਨ ਇੰਦਰਧਨੁਸ਼ ਦਾ ਦੂਜਾ ਰਾਊਂਡ, ਜੋ 9 ਅਕਤੂਬਰ ਤੋਂ 14 ਅਕਤੂਬਰ 2023 ਤੱਕ ਚੱਲ ਰਿਹਾ ਹੈ, ਇਸ ਵਿੱਚ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਯੂਵਿਨ ਪੋਰਟਲ ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਲੋਕਾਂ ਲਈ ਲਾਹੇਵੰਦ ਸਾਬਤ ਹੋਵੇਗੀ। ਯੂਵਿਨ ਪੋਰਟਲ ਰਾਹੀਂ ਲਾਭਪਾਤਰੀ ਨੂੰ ਲਾਏ ਗਏ ਟੀਕਿਆਂ ਦੀ ਜਾਣਕਾਰੀ ਸਿੱਧੇ ਤੌਰ 'ਤੇ ਉਨ੍ਹਾਂ ਦੇ ਫੋਨ 'ਤੇ ਹੀ ਉਪਲਬਧ ਹੋ ਜਾਂਦੀ ਹੈ। ਲਾਭਪਾਤਰੀ ਟੀਕਾਕਰਨ ਦਾ ਸਰਟੀਫਿਕੇਟ ਆਪਣੇ ਮੋਬਾਇਲ ਤੋਂ ਡਾਊਨਲੋਡ ਵੀ ਕਰ ਸਕਦੇ ਹਨ। ਇਸ ਮੌਕੇ ਡਾ. ਗੁਰਜਿੰਦਰ ਕੌਰ ਨੇ ਕਿਹਾ ਮਿਸ਼ਨ ਇੰਦਰਧਨੁਸ਼ ਦਾ ਮੁੱਖ ਮਕਸਦ ਕਿਸੇ ਕਾਰਨ ਕਰਕੇ ਜਾਂ ਕੋਰੋਨਾ ਮਹਾਂਮਾਰੀ ਦੇ ਸਮੇਂ ਦੌਰਾਨ ਜੋ ਬੱਚੇ ਤੇ ਗਰਭਵਤੀ ਮਾਂਵਾਂ ਵੈਕਸੀਨੇਸ਼ਨ ਤੋਂ ਵਾਂਝੇ ਰਹਿ ਗਏ ਸਨ। ਉਨ੍ਹਾਂ ਨੂੰ ਇਸ ਮਿਸ਼ਨ ਅਧੀਨ ਕਵਰ ਕਰਨਾ ਹੈ। ਉਨ੍ਹਾਂ ਕਿਹਾ ਕਿ ਬਲਾਕ ਪੀ.ਐਚ.ਸੀ ਨੰਦਪੁਰ ਕਲੌੜ ਵਿੱਚ ਵੱਖ-ਵੱਖ ਥਾਂਵਾਂ 'ਤੇ ਸੈਸ਼ਨ (ਕੈਂਪ) ਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਕੁੱਝ ਕੈਂਪ ਹਾਈ ਰਿਸਕ ਥਾਂਵਾਂ 'ਚ ਲਾਏ ਗਏ, ਜਿਨ੍ਹਾਂ ਵਿੱਚ ਬੱਚਿਆਂ ਤੇ ਗਰਭਵਤੀ ਮਾਂਵਾਂ ਨੂੰ ਵੈਕਸੀਨੇਸ਼ਨ ਲਾਉਣ ਦਾ ਟੀਚਾ ਪੂਰਾ ਕੀਤਾ ਗਿਆ। ਇਸ ਮਿਸ਼ਨ ਤਹਿਤ ਉਸਾਰੀ ਅਧੀਨ ਇਮਾਰਤਾਂ, ਭੱਠਿਆਂ, ਪਥੇਰਾਂ ਤੇ ਸ਼ੈੱਲਰਾਂ ਦੀ ਆਬਾਦੀ ਨੂੰ ਕਵਰ ਕੀਤਾ ਜਾ ਰਿਹਾ ਹੈ ਅਤੇ ਯੂ ਵਿਨ ਪੋਰਟਲ 'ਤੇ ਇੰਦਰਾਜ ਕੀਤਾ ਗਿਆ।

ਮੁੱਖ ਮੰਤਰੀ ਸਿੱਕਮ ਐੱਲ ਕੇ ਤ੍ਰਿਪਾਠੀ ਨੂੰ ਤਿੰਨ ਕਰੋੜ ਰੁਪਏ ਦਾ ਚੈੱਕ ਸੌਂਪਦੇ ਹੋਏ ਐੱਨ ਐੱਚ ਪੀ ਸੀ ਦੇ ਕਾਰਜਕਾਰੀ ਨਿਰਦੇਸ਼ਕ (ਸਿਲੀਗੁੜੀ ਖੇਤਰ) ਸੀ ਆਰ ਦਾਸ, ਪਾਵਰ ਸਟੇਸ਼ਨ ਹੈੱਡ ਤੀਸਤਾ-ਵੀ ਪਾਵਰ ਸਟੇਸ਼ਨ ਤੇ ਤੀਸਤਾ ਪ੍ਰੋਜੈਕਟ ਦੇ ਪ੍ਰੋਜੈਕਟ ਹੈੱਡ ਲਹਿੰਦਾਪ ਲੇਪਚਾ।

ਜ਼ਰੂਰੀ ਸੂਚਨਾ

ਮੈਂ ਸੁਨੀਲ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਵਾਸੀ ਮਕਾਨ ਨੰ. 08, ਵਿਜੇ ਨਗਰ, ਜਲੰਧਰ ਹਾਲ ਵਾਸੀ ਮਕਾਨ ਨੰ.8, ਕੰਟਰੀ ਵਿਲ੍ਹਾ, ਟਾਵਰ ਇਨਲੇਵ, ਫੇਜ-1, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੇ ਮਕਾਨ ਦੀ ਰਜਿਸਟਰੀ ਨੰਬਰ 2022-23/187/1/536 ਮਿਤੀ 18.04.2022 ਦੀ ਪੁਰਾਣੀ ਰਜਿਸਟਰੀ ਨੰਬਰ 2021-2022/187/3568 ਮਿਤੀ 22.07.2021 ਜੋ ਕਿ ਸ਼੍ਰੀਮਤੀ ਹਰਿੰਦਰ ਕੌਰ ਸੰਘੇੜਾ ਪਤਨੀ ਅਵਤਾਰ ਹੈਨਰੀ @ ਅਵਤਾਰ ਸਿੰਘ ਸੰਘੇੜਾ ਵਾਸੀ ਮਕਾਨ ਨੰ. 707, ਮਾਡਲ ਟਾਊਨ, ਜਲੰਧਰ ਦੇ ਨਾਮ ਪਰ ਦਰਜ ਹੈ ਇਹ ਪੁਰਾਣੀ ਰਜਿਸਟਰੀ ਮਿਤੀ 03.10.2023 ਨੂੰ ਗੁੰਮ ਹੋ ਗਈ ਹੈ ਜਿਸ ਦੀ ਮਿਤੀ 04.10.2023 ਨੂੰ IN-PB-46904777162558V ਜਲੰਧਰ ਨੂੰ ਸੂਚਨਾ ਦਿੱਤੀ ਗਈ ਹੈ।

ਨਾਮ / ਪਿਤਾ ਦਾ ਨਾਮ : ਸੁਨੀਲ ਕੁਮਾਰ ਪੁੱਤਰ ਓਮ ਪ੍ਰਕਾਸ਼

ਪਤਾ : ਮਕਾਨ ਨੰ. 8, ਕੰਟਰੀ ਵਿੱਲਾ ਟਾਵਰ ਇਨਕਲੇਵ, ਫੇਜ-1, ਜਲੰਧਰ

ਰਿਪੋਰਟ ਦਰਜ ਕਰਨ ਦਾ ਮਿਤੀ : 10.10.2023

ਦਸਤਾਵੇਜ ਗੁੰਮਣ ਦੀ ਮਿਤੀ : 05.10.2023

ਗੁੰਮਣ ਦਾ ਸਥਾਨ : ਜਲੰਧਰ

ਪੁਲਿਸ ਥਾਣਾ : ਪੀਐੱਸਓਸੀ ਡਵੀ. 1, ਜਲੰਧਰ

ਗੁੰਮ ਹੋਇਆ ਸਮਾਨ : ਜਾਇਦਾਦ ਨਾਲ ਸੰਬੰਧਿਤ ਦਸਤਾਵੇਜ

ਹੋਰ ਵੇਰਵੇ : ਜੀ.ਪੀ.ਏ. ਨੰ. 6406 ਮਿਤੀ 28.3.2013

ਜੇਕਰ ਕਿਸੇ ਨੂੰ ਇਹ ਦਸਤਾਵੇਜ (ਰਜਿਸਟਰੀ) ਲੱਭਦੀ ਹੈ ਤਾਂ ਕਿਰਪਾ ਕਰਕੇ ਮੇਰੇ ਐਡਵੋਕੇਟ ਸੁਮਿਤ ਸ਼ਰਮਾ ਐਂਡ ਐਸੋਸੀਏਟਸ, ਗੜ੍ਹਾ ਰੋਡ, ਆਲ ਇੰਡੀਆ ਰੇਡੀਓ ਦੇ ਸਾਹਮਣੇ, ਜਲੰਧਰ ਨਾਲ ਸੰਪਰਕ ਕਰੋ। ਮੋਬਾਇਲ ਨੰ. 98145-16349

ਚੋਣ ਨੋਟਿਸ

ਦੀ ਜੰਤਾ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ. ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਿਤੀ 26-10-2023 ਅਤੇ 27-10-2023 ਨੂੰ ਸਵੇਰੇ 8.00 ਵਜੇ ਸਭਾ ਦੇ ਦਫਤਰ 33-ਡੀ, ਗੋਲਡਨ ਐਵੇਨਿਊ, ਅੰਮ੍ਰਿਤਸਰ ਵਿਖੇ ਹੋਵੇਗੀ। ਸਭਾ ਦੇ ਮੈਂਬਰਾਂ ਨੂੰ ਚੋਣ ਵਿੱਚ ਹਿੱਸਾ ਲੈਣ ਲਈ ਸੂਚਿਤ ਕੀਤਾ ਜਾਂਦਾ ਹੈ।

ਸਕੱਤਰ ਸਭਾ
ਦੀ ਜੰਤਾ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ. ਅੰਮ੍ਰਿਤਸਰ

ਉੱਤਰ ਰੇਲਵੇ

G20 — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 02.11.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

ਨਿਵਿਦਾ ਪ੍ਰਕਾਰ	ਖੁਲ੍ਹਾ	ਨਿਵਿਦਾ ਅਨੁਭਾਗ	ਕੰਮ	ਬੋਲੀ ਪ੍ਰਣਾਲੀ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	09.10.2023	ਬੋਲੀ ਸ਼ੁਰੂ ਦੀ ਮਿਤੀ	19.10.2023	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ	02.11.2023 15:00 ਵਜੇ

ਲ. ਨੰ.	ਨਿਵਿਦਾ ਨੰ.	ਨਿਵਿਦਾ ਦਾ ਵੇਰਵਾ
1.	258-2023-24-BDGM-DRM-FZR	ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਟੀਆਰਆਰ (ਮਾਧਮਿਕ) (17.867 ਕਿਮੀ) ਬਨਿਹਾਲ-ਬਾਰਾਮੂਲਾ ਵਿਚ ਬਡਗਾਮ, ਅਨੰਤਨਾਗ, ਕਾਜੀਗੁੰਡ, ਪਟੱਨ ਹਮਰੇ, ਕਾਕਾਪੋਰ, ਪੰਜਗਾਮ, ਸਾਦੂਰਾ, ਅਵੰਤੀਪੁਰਾ, ਸ਼੍ਰੀਨਗਰ, ਸੋਪੋਰ, ਮਾਝੋਮ ਸਟੇਸ਼ਨਾਂ ਤੇ ਵਖ-ਵਖ ਲਾਈਨਾਂ ਵਿਚ 90 ਕਿਲੋਗ੍ਰਾਮ ਅਤੇ 52 ਕਿਲੋਗ੍ਰਾਮ (90 ਯੂਟੀਐਸ) ਰੇਲ ਦੇ ਨਾਲ ਕੰਮ ਕਰਨ ਲਈ।

ਵਿਗਿਆਪਨ ਮੂਲ	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
₹2,54,52,058.21	₹2,77,300/-	60 ਦਿਨ	12 ਮਹੀਨੇ

ਸਮਾਨ ਨੇਚਰ ਦਾ ਕੰਮ: ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੈਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

ਲ. ਨੰ.	ਨਿਵਿਦਾ ਨੰ.	ਨਿਵਿਦਾ ਦਾ ਵੇਰਵਾ
2.	259-2023-24-BDGM-DRM-FZR	ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਫਿਟਿੰਗ ਨਵੀਨੀਕਰਨ ਦੇ ਮਾਧਿਅਮ ਨਾਲ (136.290 ਕਿਮੀ) ਕਾਜ਼ੀਗੁੰਡ-ਬਾਰਾਮੂਲਾ ਸੈਕਸ਼ਨ ਅਤੇ ਬਨਿਹਾਲ-ਕਾਜੀਗੁੰਡ ਸੈਕਸ਼ਨ 18.40 ਕਿਮੀ (ਕਿਮੀ 150.30 ਤੋਂ 168.70 ਤਕ) ਤੇ ਵੱਖ-ਵੱਖ ਸਥਾਨਾਂ ਤੇ ਕਿਮੀ 0.00 ਤੋਂ 117.890 ਕਿਮੀ ਤੇ ਮੌਜੂਦਾ 52 ਕਿਗ੍ਰਾ/60 ਕਿਗ੍ਰਾ ਪੀਐਸਸੀ ਸਲੀਪਰ ਦਾ ਕੰਮ ਕਰਨ ਲਈ।

ਵਿਗਿਆਪਨ ਮੂਲ	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
₹2,38,68,092.48	₹2,69,400/-	60 ਦਿਨ	12 ਮਹੀਨੇ

ਸਮਾਨ ਨੇਚਰ ਦਾ ਕੰਮ: ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੈਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ. : 258 & 259-2023-24-BDGM-DRM-FZR

ਤਾਰੀਕ : 09.10.2023 3152/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

...ਸਫ਼ਾ 1 ਦੇ ਬਾਕੀ

ਵੱਡੀ ਮੱਛੀ...

ਮੁਲਜ਼ਮ ਮਨਜੀਤ ਸਿੰਘ ਜੰਮੂ ਪੁਲਸ ਵੱਲੋਂ ਕਾਬੂ ਕੀਤੇ ਗਏ ਦੋ ਵਿਅਕਤੀਆਂ, ਜੋ ਖੇਪ ਬਰਾਮਦ ਕਰਨ ਲਈ ਜੰਮੂ ਜਾਂਦੇ ਸਨ, ਕੋਲੋਂ ਜਲੰਧਰ ਖੇਤਰ ਤੋਂ ਇਹ ਖੇਪ ਲੈ ਕੇ ਵਾਹਨਾਂ ਰਾਹੀਂ ਹੋਰ ਵੱਖ-ਵੱਖ ਸਥਾਨਾਂ 'ਤੇ ਪਹੁੰਚਾਉਂਦਾ ਸੀ। ਉਨ੍ਹਾ ਕਿਹਾ ਕਿ ਮਾਮਲੇ ਦੇ ਅਗਲੇ-ਪਿਛਲੇ ਸੰਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

ਏ ਆਈ ਜੀ ਕਾਊਂਟਰ ਇੰਟੈਲੀਜੈਂਸ ਸਿਮਰਤਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਖੁਲਾਸਾ ਕੀਤਾ ਕਿ ਉਹ ਨਸ਼ੇ ਦੀ ਖੇਪ ਜਲੰਧਰ ਤੋਂ ਹੋਰ ਵੱਖ-ਵੱਖ ਥਾਵਾਂ 'ਤੇ ਪਹੁੰਚਾਉਂਦਾ ਸੀ ਅਤੇ ਹੁਣ ਤੱਕ ਉਹ ਤਿੰਨ ਖੇਪਾਂ ਪਹੁੰਚਾ ਚੁੱਕਾ ਹੈ। ਇਹ ਵੀ ਖੁਲਾਸਾ ਹੋਇਆ ਕਿ ਮਨਜੀਤ ਸਿੰਘ ਦਾ ਪਿਤਾ ਸਤਨਾਮ ਸਿੰਘ ਵੀ ਨਸ਼ਾ ਤਸਕਰੀ ਦਾ ਧੰਦਾ ਕਰਦਾ ਹੈ ਅਤੇ ਗੜ੍ਹਸ਼ੰਕਰ ਵਿਖੇ ਦਰਜ ਐੱਨ ਡੀ ਪੀ ਐੱਸ ਕੇਸ ਵਿੱਚ ਭਗੌੜਾ (ਪੀ ਓ) ਐਲਾਨਿਆ ਗਿਆ ਹੈ। ਪੁਲਸ ਟੀਮਾਂ ਵੱਲੋਂ ਉਸ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਪੰਜਾਬ ਨੂੰ ਮਿਲਿਆ...

ਬਕਾਇਆ ਮੁਆਵਜ਼ਾ ਰਾਸ਼ੀ ਨੂੰ ਪ੍ਰਾਪਤ ਕਰਨ ਲਈ ਆਬਕਾਰੀ ਅਤੇ ਕਰ ਵਿਭਾਗ ਪੰਜਾਬ ਦੇ ਫੀਲਡ ਅਤੇ ਮੁੱਖ ਦਫਤਰ ਦੇ ਅਧਿਕਾਰੀਆਂ ਦੇ ਮਿਸਾਲੀ ਕੰਮ ਦੀ ਵੀ ਸ਼ਲਾਘਾ ਕੀਤੀ। ਵਿੱਤ ਮੰਤਰੀ ਚੀਮਾ ਨੇ ਦੱਸਿਆ ਕਿ ਆਬਕਾਰੀ ਤੇ ਕਰ ਵਿਭਾਗ ਨੇ ਇਹ ਪ੍ਰਾਪਤੀ ਵਿੱਤ ਕਮਿਸ਼ਨਰ ਕਰ ਵਿਕਾਸ ਪ੍ਰਤਾਪ ਅਤੇ ਕਮਿਸ਼ਨਰ ਕਰ ਅਰਸ਼ਦੀਪ ਸਿੰਘ ਥਿੰਦ ਦੀ ਸਿੱਧੀ ਨਿਗਰਾਨੀ ਅਤੇ ਰਹਿਨੁਮਾਈ ਹੇਠ ਕੀਤੀ ਹੈ। ਉਨ੍ਹਾ ਵਧੀਕ ਕਮਿਸਨਰ (ਆਡਿਟ) ਰਵਨੀਤ ਸਿੰਘ ਖੁਰਾਣਾ ਅਤੇ ਡੀ ਸੀ ਐੱਫ ਏ ਹਰਪ੍ਰੀਤ ਕੌਰ ਵੱਲੋਂ ਕੀਤੇ ਗਏ ਯਤਨਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ।

ਵਿੱਤ ਮੰਤਰੀ ਨੇ ਪ੍ਰਮੁੱਖ ਸਕੱਤਰ ਵਿੱਤ ਏ ਕੇ ਸਿਨਹਾ, ਸਕੱਤਰ ਖਰਚਾ ਮੁਹੰਮਦ ਤਇਅਬ ਅਤੇ ਵਿਸ਼ੇਸ਼ ਸਕੱਤਰ ਵਿੱਤ ਯਸਨਜੀਤ ਸਿੰਘ ਸਮੇਤ ਵਿੱਤ ਵਿਭਾਗ ਦੇ ਅਧਿਕਾਰੀਆਂ ਦੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ।

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਖੁਲ੍ਹੀ ਨਿਵਿਦਾ ਸੂਚਨਾ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 03.11.2023 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 03.11.2023 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

ਟੈਂਡਰ ਨੰਬਰ	ਕੰਮਾਂ ਦਾ ਵੇਰਵਾ	ਅੰਦਾਜ਼ਨ ਲਾਗਤ (Rs.)	ਟੈਂਡਰ ਦੀ ਕੀਮਤ (Rs.)	ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ	ਬਿਆਨਾ ਰਾਸ਼ੀ# (Rs.)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਵੈਬਸਾਈਟ
510B-ਟੀ.ਆਰ.ਡੀ.-ਫਿਰੋਜ਼ਪੁਰ-2023-24	ਫਿਰੋਜ਼ਪੁਰ ਡਵੀਜਨ ਵਿਚ ਅੰਮ੍ਰਿਤਸਰ-ਭਗਤਾਂਵਾਲਾ ਸੈਕਸ਼ਨ ਵਿਚ ਟ੍ਰਾਮਵੇ ਓਐਚਈ ਨੂੰ ਪਾਰੰਪਰਿਕ ਓਐਚਈ ਵਿਚ ਤਬਦੀਲ ਕਰਨਾ	96,32,076.16p	ਜੀਰੋ	03.11.2023 15:00 ਵਜੇ ਤਕ	1,92,700/-	12 ਮਹੀਨੇ	03.11.2023 15:00 ਵਜੇ ਦੇ ਬਾਅਦ	www.ireps.gov.in
508C-ਟੀ.ਆਰ.ਡੀ.-ਫਿਰੋਜ਼ਪੁਰ-2023-24	ਫਿਰੋਜ਼ਪੁਰ ਮੰਡਲ ਦੇ ਛੇਹਰਟਾ ਅਤੇ ਅੰਮ੍ਰਿਤਸਰ ਸਟੇਸ਼ਨਾਂ ਉਤੇ ਵਾਸ਼ਿੰਗ ਲਾਈਨਾਂ ਦਾ ਬਿਜਲਈਕਰਨ	2,36,21,985.28p	ਜੀਰੋ	03.11.2023 15:00 ਵਜੇ ਤਕ	2,68,100/-	06 ਮਹੀਨੇ	03.11.2023 15:00 ਵਜੇ ਦੇ ਬਾਅਦ	www.ireps.gov.in

#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

ਨੰ.:510B ਅਤੇ 508C-ਟੀ.ਆਰ.ਡੀ./ਫਿਰੋਜ਼ਪੁਰ/ਟੀ-2023-24 ਮਿਤੀ: 11.10.2023 3153/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਸੂਬਾ ਪੱਧਰੀ ਰੈਲੀ 14 ਨੂੰ

ਤਰਨ ਤਾਰਨ/ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਪੰਜਾਬ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਤੇ ਸਿਰਮੌਰ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਅੰਮ੍ਰਿਤਪਾਲ ਬਾਕੀਪੁਰ, ਜਨਰਲ ਸਕੱਤਰ ਰਜਵੰਤ ਬਾਗੜੀਆਂ ਨੇ ਇਕ ਸਾਂਝੇ ਬਿਆਨ ਰਾਹੀਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ ਪ੍ਰਚਾਰ ਤੋਂ ਇਲਾਵਾ ਸੂਬੇ ਦੇ ਲੋਕਾਂ ਲਈ ਕੋਈ ਵੀ ਕੰਮ ਨਹੀਂ ਕੀਤਾ ਜਾ ਰਿਹਾ। ਮੁਲਾਜ਼ਮਾਂ, ਪੈਨਸ਼ਨਰਾਂ ਤੇ ਕਿਰਤੀ ਵਰਗ ਨੂੰ ਮਿਲ ਰਹੀਆਂ ਸਹੂਲਤਾਂ ਨੂੰ ਵੀ ਬੰਦ ਕਰਕੇ ਨਿੱਜੀਕਰਨ ਨੂੰ ਬੜ੍ਹਾਵਾ ਦੇਣ ਦੇ ਨਾਲ ਸਰਮਾਏਦਾਰ ਜਮਾਤ ਦੀ ਸੇਵਾ ਕੀਤੀ ਜਾ ਰਹੀ ਹੈ। ਸਾਥੀਆਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀਆਂ ਦੇ ਘਿਰਾਓ ਕਰਨ ਉਪਰੰਤ ਸੰਘਰਸ਼ ਦੇ ਅਗਲੇ ਪੜਾਅ ਵਜੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਬੈਨਰ ਹੇਠ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਇਕ ਵਿਸ਼ਾਲ ਸੂਬਾ ਪੱਧਰੀ ਰੈਲੀ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾ ਰਿਹਾ ਹੈ। ਇਸ ਸੂਬਾ ਪੱਧਰੀ ਰੈਲੀ ਵਿਚ ਪੰਜਾਬ ਭਰ ਤੋਂ ਪ ਸ ਸ ਫ਼ ਵੱਲੋਂ ਮੁਲਾਜ਼ਮ ਹਜ਼ਾਰਾਂ ਦੀ ਗਿਣਤੀ ਵਿਚ ਸ਼ਮੂਲੀਅਤ ਕਰ ਰਹੇ ਹਨ। ਆਗੂਆਂ ਵੱਲੋਂ ਸਮੂਹ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਨੂੰ ਇਸ ਰੈਲੀ ਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ ਗਈ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਗੁਰਪ੍ਰੀਤ ਮਾੜੀਮੇਘਾ, ਬਲਜੀਤ ਟੌਮ, ਕੰਵਲਜੀਤ ਝਾਮਕਾ, ਨਰਿੰਦਰ ਨੂਰ, ਗੁਲਬਾਗ ਸਿੰਘ ਕੁਹਾੜਕਾ, ਅਵਤਾਰ ਸਿੰਘ ਅਤੇ ਰਵੀ ਕੁਮਾਰ ਆਦਿ ਵੀ ਹਾਜ਼ਰ ਸਨ।

ਨੌਜਵਾਨ ਦੀ ਸੜਕ ਹਾਦਸੇ 'ਚ ਮੌਤ, ਪੁਲਸ ਕਰ ਰਹੀ ਹੈ ਮਾਮਲੇ ਦੀ ਜਾਂਚ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲਾ ਤਰਨ ਤਾਰਨ ਅਧੀਨ ਆਉਣ ਦੇ ਕਸਬਾ ਸੁਰ ਸਿੰਘ ਵਿਖੇ ਬੀਤੀ ਸ਼ਾਮ ਕੰਮ ਤੋਂ ਵਾਪਸ ਪਰਤ ਰਹੇ ਭਾਈ ਲੱਧੂ ਸਿੰਘ ਦੇ 22 ਸਾਲਾ ਨੌਜਵਾਨ ਦੀ ਸੜਕ ਹਾਦਸੇ ਵਿੱਚ ਭੇਦ ਭਰੇ ਹਾਲਾਤ ਵਿੱਚ ਮੌਤ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ। ਮ੍ਰਿਤਕ ਨੌਜਵਾਨ ਦੀ ਪਹਿਚਾਣ ਸ਼ਮਸ਼ੇਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਭਾਈ ਲੱਧੂ ਵਜੋਂ ਹੋਈ ਹੈ, ਦਿੰਦਿਆਂ ਮ੍ਰਿਤਕ ਨੌਜਵਾਨ ਦੇ ਭਰਾ ਦਲੇਰ ਸਿੰਘ ਨੇ ਦੱਸਿਆ ਕਿ ਉਸਦਾ ਭਰਾ ਸ਼ਮਸ਼ੇਰ ਸਿੰਘ ਸ਼ੇਰਾ ਰਾਜ ਮਿਸਤਰੀ ਦਾ ਕੰਮ ਕਰਦਾ ਹੈ ਅਤੇ ਵਕਤ ਕਰੀਬ 7 ਵਜੇ ਝਬਾਲ ਤੋਂ ਕੰਮ ਤੋਂ ਵਾਪਸ ਆਪਣੇ ਮੋਟਰਸਾਈਕਲ 880879 ਹਾਂਡਾ ਡੀਲਕਸ 'ਤੇ ਸਵਾਰ ਹੋ ਕੇ ਪਿੰਡ ਨੂੰ ਪਰਤ ਰਿਹਾ ਸੀ ਕਿ ਰਸਤੇ ਵਿੱਚ ਸੁਰ ਸਿੰਘ ਨਜ਼ਦੀਕ ਅਣਪਛਾਤੇ ਵਾਹਨ ਵੱਲੋਂ ਮਾਰੀ ਟੱਕਰ ਨਾਲ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਿਸ ਨੂੰ ਰਾਹਗੀਰਾਂ ਵੱਲੋਂ ਭਿੱਖੀਵਿੰਡ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਨੌਜਵਾਨ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਨੌਜਵਾਨ ਦੀ ਹੋਈ ਮੌਤ ਨਾਲ ਜਿੱਥੇ ਪੂਰਾ ਪਰਿਵਾਰ ਸਦਮੇ ਵਿੱਚ ਹੈ ਉੱਥੇ ਹੀ ਪਰਿਵਾਰ ਵੱਲੋਂ ਪੁਲਸ ਪਾਸੋਂ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ।

ਉਧਰ ਇਸ ਮਾਮਲੇ ਸੰਬੰਧੀ ਚੌਕੀ ਸੁਰ ਸਿੰਘ ਦੇ ਇੰਚਾਰਜ ਏਐੱਸਆਈ ਨਰੇਸ਼ ਕੁਮਾਰ ਨੇ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪੱਟੀ ਵਿਖੇ ਭੇਜ ਦਿੱਤਾ ਹੈ ਅਤੇ ਪਰਿਵਾਰ ਦੇ ਬਿਆਨ ਕਲਮਬੰਦ ਕਰਕੇ ਦਰਜ ਕਰਨ ਦੀ ਗੱਲ ਕਹੀ ਹੈ।

ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਨੇ ਗਵਰਨਰ ਪੰਜਾਬ ਨੂੰ ਭੇਜਿਆ ਮੰਗ ਪੱਤਰ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਖੇਤ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਕੁਲ ਹਿੰਦ ਖੇਤ ਮਜ਼ਦੂਰ ਯੂਨੀ: ਤਹਿਸੀਲ ਪੱਟੀ ਦੇ ਪ੍ਰਧਾਨ ਕਾਮਰੇਡ ਪ੍ਰੀਤਮ ਸਿੰਘ ਸਬਜੀ ਵਾਲਿਆਂ ਦੀ ਪ੍ਰਧਾਨਗੀ ਹੇਠ ਬੀਡੀਪੀਓ ਦਫਤਰ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ, ਨਾਅਰੇਬਾਜ਼ੀ ਕੀਤੀ ਅਤੇ ਗਵਰਨਰ ਪੰਜਾਬ ਚੰਡੀਗੜ੍ਹ ਨੂੰ ਮੰਗ ਪੱਤਰ ਭੇਜਿਆ। ਇਸ ਰੋਸ ਧਰਨੇ ਨੂੰ ਕੁਲ ਹਿੰਦ ਖੇਤ ਮਜ਼ਦੂਰ ਯੂਨੀ: ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਰਾਣਾ ਮਸੀਹ ਚੂਸਲੇਵੜ, ਸੈਂਟਰ ਆਫ ਟਰੇਡ ਯੂਨੀ: ਦੇ ਸੂਬਾ ਸਕੱਤਰੇਤ ਮੈਂਬਰ ਕਾ: ਸੁਖਦੇਵ ਸਿੰਘ ਗੋਹਲਵੜ, ਜ਼ਿਲਾ ਆਗੂ ਕਾਮਰੇਡ ਪ੍ਰਗਟ ਸਿੰਘ ਪੱਟੀ ਅਤੇ ਕਾ: ਮਹਿੰਦਰ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਮਹਿੰਗਾਈ ਨਿੱਤ ਦਿਨ ਛਾਲਾ ਮਾਰ ਕੇ ਵੱਧ ਰਹੀ ਹੈ ਗਰੀਬ ਵਰਗ ਮਹਿੰਗਾਈ ਦੇ ਪੁੜਾਂ ਵਿੱਚ ਆਟੇ ਵਾਂਗ ਪਿਸ ਰਿਹਾ ਜਿਸ ਦੀ ਇਨਾਂ ਸਰਕਾਰਾਂ ਨੂੰ ਕੋਈ ਚਿੰਤਾ ਨਹੀਂ। ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ ਸਿਰਫ 100 ਦਿਨ ਰੋਜ਼ਗਾਰ ਦੇਣ ਤੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ 100 ਦਿਨ ਦੇ ਰੋਜ਼ਗਾਰ ਨਾਲ ਪਰਿਵਾਰ ਨਹੀਂ ਪਾਲਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਮਨਰੇਗਾ ਵਰਕਰਾਂ ਦੇ ਜਾਬ ਕਾਰਡ ਕਈ ਪਿੰਡਾਂ ਦੇ ਸਰਪੰਚਾਂ ਨੇ ਆਪਣੇ ਕੋਲ ਰੱਖੇ ਹੋਏ ਹਨ ਜਿਸ ਕਾਰਨ ਮਨਰੇਗਾ ਵਰਕਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਗੂਆਂ ਨੇ ਆਪਣੇ ਮੰਗ ਪੱਤਰ ਵਿੱਚ ਮੰਗ ਕੀਤੀ ਕਿ ਮਨਰੇਗਾ ਵਰਕਰਾਂ ਨੂੰ ਸਾਲ ਵਿੱਚ 200 ਦਿਨ ਕੰਮ ਅਤੇ 600 ਰੁਪਏ ਦਿਹਾੜੀ ਦਿੱਤੀ ਜਾਵੇ, ਮਨਰੇਗਾ ਵਰਕਰਾਂ ਦੀ ਐਪ ਉੱਪਰ ਹਾਜ਼ਰੀ ਲਗਾਉਣ ਦਾ ਪ੍ਰਬੰਧ ਨੁਕਸਾਨ ਦੇਹ ਹੈ ਇਸ ਸਿਸਟਮ ਨੂੰ ਤੁਰੰਤ ਬੰਦ ਕੀਤਾ ਜਾਵੇ, ਮਨਰੇਗਾ ਸਬੰਧੀ ਕੇਂਦਰ ਸਰਕਾਰ ਆਪਣੇ ਬਜਟ ਵਿੱਚ ਬਣਦੀ ਰਕਮ ਅਲਾਟ ਕਰੇ, ਕੇਂਦਰ ਸਰਕਾਰ ਵੱਲੋਂ ਲਗਭਗ ਪੰਜ ਕਰੋੜ ਰੱਦ ਕੀਤੇ ਜੌਬ ਕਾਰਡ ਮੁੜ ਜਾਰੀ ਕੀਤੇ ਜਾਣ, ਬੇ-ਘਰੇ ਅਤੇ ਤੰਗ ਗਲੀਆਂ ਭੀੜੇ ਮਕਾਨਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਨੂੰ 10-10 ਮਰਲੇ ਦੇ ਰਹਾਇਸ ਪਲਾਟ ਅਤੇ ਮਕਾਨ ਦੀ ਉਸਾਰੀ ਵਾਸਤੇ ਪੰਜ ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ, ਦਲਿਤਾਂ ਅਤੇ ਕਮਜ਼ੋਰ ਵਰਗਾਂ ਦੇ ਸਮੁੱਚੇ ਕਰਜ਼ੇ ਮਾਫ ਕੀਤੇ ਜਾਣ, ਪਿੰਡਾਂ ਤੇ ਸ਼ਹਿਰਾਂ ਅੰਦਰ ਸਸਤੇ ਭਾਅ ਦੀਆਂ ਸਰਕਾਰੀ ਦੁਕਾਨਾਂ ਖੋਲੀਆਂ ਜਾਣ ਅਤੇ ਜ਼ਰੂਰੀ ਵਸਤੂਆਂ ਦੀ ਸਪਲਾਈ ਯਕੀਨੀ ਬਣਾਈ ਜਾਵੇ, ਪੰਚਾਇਤੀ ਜ਼ਮੀਨਾਂ ਦਾ ਤੀਸਰਾ ਹਿੱਸਾ ਦਲਿਤ ਪਰਿਵਾਰਾਂ ਨੂੰ ਖੇਤੀ ਕਰਨ ਵਾਸਤੇ ਦਿੱਤਾ ਜਾਵੇ।ਬੀਡੀਪੀਓ ਪੱਟੀ ਨੇ ਧਰਨੇ ਵਿੱਚ ਮੰਗ ਪੱਤਰ ਪ੍ਰਾਪਤ ਕਰਦਿਆਂ ਵਿਸ਼ਵਾਸ ਦਵਾਇਆ ਕਿ ਇਹ ਮੰਗ ਪੱਤਰ ਗਵਰਨਰ ਪੰਜਾਬ ਨੂੰ ਭੇਜ ਦਿੱਤਾ ਜਾਏਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਹੁਕਮ ਚੰਦ, ਸਰਵਣ ਸਿੰਘ ਜਸਵੰਤ ਸਿੰਘ ਘਰਿਆਲਾ, ਹਰਪਾਲ ਸਿੰਘ ਪੱਟੀ, ਸੁਖਦੇਵ ਸਿੰਘ ਘਰਿਆਲਾ, ਬੀਬੀ ਬਿੰਦੋ, ਬੀਬੀ ਕੰਬੋ, ਬੀਬੀ ਬਲਵਿੰਦਰ ਕੌਰ ਆਦਿ ਆਗੂ ਵੀ ਹਾਜ਼ਰ ਸਨ।

ਰਾਜੇਸ਼ ਰਾਮਪਾਲ ਰਈਆ ਸ਼ਹਿਰੀ ਦੇ ਮੁੜ ਪ੍ਰਧਾਨ ਨਿਯੁਕਤ

ਰਈਆ, (ਰੈਡੀ)-ਸੀਨੀਅਰ ਕਾਂਗਰਸੀ ਆਗੂ ਰਾਜੇਸ਼ ਰਾਮਪਾਲ ਨੂੰ ਕਾਂਗਰਸ ਪਾਰਟੀ ਵਲੋਂ ਮੁੜ ਰਈਆ ਸ਼ਹਿਰੀ ਦਾ ਪ੍ਰਧਾਨ ਚੁਣ ਲਿਆ ਗਿਆ। ਬੀਤੇ ਦਿਨੀਂ ਉਨ੍ਹਾਂ ਨੂੰ ਨਿਯੁਕਤੀ ਪੱਤਰ ਕਾਂਗਰਸ ਦਿਹਾਤੀ ਪ੍ਰਧਾਨ ਸੁਖਬਿੰਦਰ ਸਿੰਘ ਸੁਖ ਸਰਕਾਰੀਆ ਨੇ ਦਿੱਤਾ। ਇਸ ਦੌਰਾਨ ਰਾਜੇਸ਼ ਰਾਮਪਾਲ ਨੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਦਾ ਧੰਨਵਾਦ ਕੀਤਾ। ਇਸ ਮੌਕੇ ਤੇਜਿੰਦਰ ਸਿੰਘ ਬਿੱਲੂ, ਰੁਪਿੰਦਰ ਹੁੰਦਲ, ਸੁਖਵਿੰਦਰ ਸੁੱਖੀ, ਸੁਮਿਤ ਕਾਲੀਆ, ਰਣਜੀਤ ਸਿੰਘ ਰਾਣਾ, ਅਨੂਪ ਸਿੰਘ, ਹਰਦਿਆਲ ਸਿੰਘ ਅਤੇ ਡੀ. ਕੇ. ਰੈਡੀ ਹਾਜ਼ਰ ਸਨ।

ਆਰਨਾਮੈਂਟਲ ਬੂਟੇ ਲਗਾ ਕੇ ਮਨਾਇਆ ਜਨਮ ਦਿਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਥਾਨਕ ਕਸਬਾ ਕਾਦੀਆਂ ਦੇ ਸਰਕਾਰੀ ਸੀਨੀਅਰ ਸਕੂਲ ਵਿਖੇ ਸਕੂਲ ਪ੍ਰਿੰ. ਡਾ. ਸੁਨੀਤਾ ਕੌਸ਼ਲ, ਲੈਕ. ਪਰਮਜੀਤ ਕੌਰ, ਆਰਟ ਐਂਡ ਕਰਾਫਟ ਅਧਿਆਪਕ ਗੁਰਟੇਕ ਸਿੰਘ ਵੱਲੋਂ ਆਪਣੇ ਬੱਚਿਆਂ ਦਾ ਜਨਮ ਦਿਨ ਸਕੂਲ ਵਿਖੇ ਆਰਨਾਮੈਂਟਲ ਬੂਟੇ ਲਗਵਾ ਕੇ ਅਨੋਖੇ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਮਿਸ ਗਗਨਦੀਪ ਕੌਰ ਨੇ ਵੀ ਨੌਕਰੀ ਲੱਗਣ ਦੀ ਖੁਸ਼ੀ ਕਰਕੇ ਇਸ ਨੇਕ ਕਾਰਜ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਸਕੂਲ ਪ੍ਰਿੰ. ਡਾ. ਸੁਨੀਤਾ ਕੌਸ਼ਲ ਨੇ ਕਿਹਾ ਕਿ ਸਾਨੂੰ ਵਿਦਿਆਰਥੀਆਂ ਵਿੱਚ ਵੀ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਬਾਜ਼ਾਰ ਦੀਆਂ ਮਹਿੰਗੀਆਂ ਚੀਜ਼ਾਂ ਖਾਣ ਨਾਲੋਂ ਬਿਹਤਰ ਹੈ ਆਪਣੇ ਵਾਤਾਵਰਨ ਨੂੰ ਹੋਰ ਵਧੀਆ ਬਣਾਇਆ ਜਾਵੇ ਤਾਂ ਕਿ ਧਰਤੀ ਉੱਪਰਲਾ ਪ੍ਰਦੂਸ਼ਣ ਖਤਮ ਕੀਤਾ ਜਾ ਸਕੇ।

ਬਾਇਓਮੈਟ੍ਰਿਕ ਅੰਗੂਠਾ ਲਾਉਣ ਦੀ ਸ਼ਰਤ ਖਤਮ ਹੋਵੇ : ਕਿਸਾਨ ਸਭਾ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਕੁੱਲ ਹਿੰਦ ਕਿਸਾਨ ਸਭਾ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਦੇ ਤਾਜ਼ਾ ਹੁਕਮਾਂ ਅਨੁਸਾਰ ਫੋਕਲ ਪੁਆਇੰਟ ਮੰਡੀਆਂ ਵਿੱਚ ਕਿਸਾਨਾਂ ਨੂੰ ਝੋਨੇ ਦੀ ਖਰੀਦ ਦੀ ਅਦਾਇਗੀ ਕਰਨ ਲਈ ਬਾਇਓਮੈਟ੍ਰਿਕ ਅੰਗੂਠਾ ਲਾਉਣ ਦੀ ਸ਼ਰਤ ਖਤਮ ਕਰੇ ਕਿਉਂਕਿ ਇਸ ਨਾਲ ਬਹੁਤ ਝੰਜਟ ਪੈਦਾ ਹੋ ਰਿਹਾ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਧੂੰਦਾ, ਜਨਰਲ ਸਕੱਤਰ ਦਵਿੰਦਰ ਸੋਹਲ, ਮੀਤ ਸਕੱਤਰ ਹਰਭਿੰਦਰ ਸਿੰਘ ਕਸੇਲ ਤੇ ਸੁਖਦੇਵ ਸਿੰਘ ਮਾਨੋਚਾਹਲ, ਕਨਵੀਨਰ ਬਲਕਾਰ ਸਿੰਘ ਵਲਟੋਹਾ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਰਣਜੀਤ ਸਿੰਘ ਬਹਾਦਰ ਨਗਰ ਤੇ ਪਰਮਜੀਤ ਸਿੰਘ ਚੋਹਲਾ ਅਤੇ ਆੜ੍ਹਤੀਆ ਐਸੋਸੀਏਸ਼ਨ ਸਰਕਲ ਖੇਮਕਰਨ ਦੇ ਪ੍ਰਧਾਨ ਕੁਲਬੀਰ ਸਿੰਘ ਕਸੇਲ ਨੇ ਕਿਹਾ ਕਿ ਕਿਸਾਨਾਂ ਨੂੰ ਵੱਡਾ ਖਦਸ਼ਾ ਹੈ ਕਿ ਇਸ ਪ੍ਰਕਿਰਿਆ ਨਾਲ ਉਹ ਹੇਰਾ ਫੇਰੀ ਦੇ ਸ਼ਿਕਾਰ ਹੋ ਸਕਦੇ ਹਨ। ਹਰੇਕ ਕਿਸਾਨ ਅਦਾਇਗੀ ਲਈ ਆਪਣਾ ਬੈਂਕ ਖਾਤਾ ਅਤੇ ਆਧਾਰ ਕਾਰਡ ਦੇ ਚੁੱਕਾ ਹੈ। ਸਰਕਾਰ ਦੇ ਇਸ ਨਾਦਰਸ਼ਾਹੀ ਫੁਰਮਾਨ ਨਾਲ ਛੋਟੀਆਂ ਮੰਡੀਆਂ ਪ੍ਰਭਾਵਿਤ ਹੋ ਰਹੀਆਂ ਹਨ। ਆੜ੍ਹਤੀਆਂ ਨੇ ਪ੍ਰੇਸ਼ਾਨ ਹੋ ਕੇ ਹੜਤਾਲ ਕੀਤੀ ਹੈ ਸੋ ਇਸ ਹਫੜਾ-ਦਫੜੀ ਨਾਲ ਕੁੱਲ ਮਿਲਾ ਕੇ ਕਿਸਾਨ ਤੇ ਆੜ੍ਹਤੀਆ ਪ੍ਰੇਸ਼ਾਨ ਹੋ ਰਿਹਾ ਹੈ। ਸਰਕਾਰ ਇਹ ਫੈਸਲਾ ਵਾਪਸ ਲੈ ਕੇ ਤੁਰੰਤ ਖਰੀਦ ਚਾਲੂ ਕਰਾਵੇ।

ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ ਦੇ ਸਹਿਯੋਗੀਆਂ ਦਾ ਧੰਨਵਾਦ

ਝਬਾਲ (ਹਰਜਿੰਦਰ ਸਿੰਘ ਸੋਨੀ)-ਪ੍ਰਸਿੱਧ ਇਤਿਹਾਸਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਸਾਲਾਨਾ ਜੋੜ ਮੇਲੇ ਦੀ ਸੰਪੂਰਨਤਾ ਉਪਰੰਤ ਜਿੱਥੇ ਵਾਹਿਗੁਰੂ ਦੇ ਸ਼ਬਦ ਸਰੂਪ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਗਿਆ ਉੱਥੇ ਨਾਲ ਹੀ ਇਸ ਗੁਰਦੁਆਰਾ ਸਾਹਿਬ ਦੇ ਮੈਨੇਜਰ ਤੇ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਸੰਗਤ ਦਾ ਧੰਨਵਾਦ ਕਰਨ ਦੇ ਨਾਲ-ਨਾਲ ਮੁਬਾਰਕਾਂ ਵੀ ਦਿੱਤੀਆਂ ਗਈਆਂ। ਉਨ੍ਹਾਂ ਨੇ ਕਿਹਾ ਕਿ ਬਾਬਾ ਬੁੱਢਾ ਸਾਹਿਬ ਦੇ ਸਾਲਾਨਾ ਜੋੜ ਮੇਲੇ ਵਿਖੇ ਜਿੱਥੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਤਾਦਾਦ ਵਿਚ ਸੰਗਤ ਨਤਮਸਤਕ ਹੋਣ ਵਾਸਤੇ ਪਹੁੰਚੀ ਸੀ ਉੱਥੇ ਨਾਲ ਹੀ ਪਿੰਡਾਂ/ਸ਼ਹਿਰਾਂ ਦੀ ਸਿੱਖ ਸੰਗਤ ਨੇ ਗੁਰੂ ਘਰ ਆਉਣ ਵਾਲੀ ਸੰਗਤ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਭਰਪੂਰ ਸਹਿਯੋਗ ਕਰਦਿਆਂ ਤਰ੍ਹਾਂ-ਤਰ੍ਹਾਂ ਦੇ ਪਦਾਰਥਾਂ ਦੇ ਲੰਗਰ, ਛਬੀਲਾਂ, ਰਿਹਾਇਸ਼ ਅਤੇ ਆਪਣੀਆਂ ਪੈਲੀਆਂ ਵਿਚ ਗੱਡੀਆਂ ਮੋਟਰਾਂ ਦੀ ਪਾਰਕਿੰਗ ਆਦਿ ਦੇ ਯੋਗ ਪ੍ਰਬੰਧ ਕਰਨ ਵਿਚ ਕਿਸੇ ਪ੍ਰਕਾਰ ਦੀ ਕਸਰ ਨਹੀਂ ਛੱਡੀ। ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਮੈਡੀਕਲ ਕੈਂਪ ਲਗਾਉਣ ਵਾਲੇ ਡਾਕਟਰ ਸਾਹਿਬਾਨ ਤੇ ਪੱਤਰਕਾਰ ਭਾਈਚਾਰੇ ਵੱਲੋਂ ਕੀਤੀ ਗਈ ਸਮੁੱਚੇ ਜੋੜ ਮੇਲੇ ਦੀ ਕਵਰੇਜ ਅਤੇ ਪੁਲਸ ਪ੍ਰਸ਼ਾਸਨ ਵਲੋਂ ਕੀਤੇ ਗਏ ਪੁਖਤਾ ਪ੍ਰਬੰਧ ਆਦਿ ਦੀ ਵੀ ਸਲਾਹੁਤਾ ਕੀਤੀ ਅਤੇ ਕਿਹਾ ਕਿ ਜਿਥੇ ਸਹਿਯੋਗੀਆਂ ਦਾ ਧੰਨਵਾਦ ਕਰਨਾ ਮੇਰੇ ਲਈ ਜ਼ਰੂਰੀ ਬਣਦਾ ਹੈ ਉੱਥੇ ਬਾਬਾ ਬੁੱਢਾ ਸਾਹਿਬ ਜੀ ਦੇ ਘਰ ਦਾ ਝਾੜੂਬਰਦਾਰ ਹੋਣ ਕਰਕੇ ਸਮੁੱਚੀ ਸੰਗਤ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨਾ ਵੀ ਮੇਰਾ ਨੈਤਿਕ ਫਰਜ਼ ਬਣਦਾ ਹੈ।



ਧੰਨ-ਧੰਨ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੋਹਲ ਮੈਡੀਕਲ ਸਟੋਰ ਝਬਾਲ ਵੱਲੋਂ ਤਿੰਨ ਦਿਨਾ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ ਜਿਥੇ ਲੋੜਵੰਦਾਂ ਦਾ ਚੱਕਅੱਪ ਕਰਕੇ ਫ੍ਰੀ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ ਮੈਡੀਕਲ ਟੀਮ 'ਚ ਡਾ. ਗੁਰਨੇਕ ਸਿੰਘ ਸੋਹਲ, ਡਾ. ਬਲਜੀਤ ਸਿੰਘ, ਡਾ. ਗੁਰਮੀਤ ਸਿੰਘ, ਡਾ. ਗੁਰਲਾਲ ਸਿੰਘ ਅਤੇ ਡਾ. ਮਨਜੀਤ ਸਿੰਘ ਹਾਜ਼ਰ ਸਨ। (ਫੋਟੋ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ ਝਬਾਲ)

ਸੀਵਰੇਜ ਦਾ ਗੰਦਾ ਪਾਣੀ ਰਤਨਗੜ੍ਹ ਵੱਲ ਕੱਢਣ ਖਿਲਾਫ ਲੋਕ ਭੜਕੇ

ਗੁਰਦਾਸਪੁਰ, (ਜਨਕ ਮਹਾਜਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬਾਬਾ ਸ੍ਰੀ ਚੰਦ ਜੀ ਦੀ ਕੋਰ ਕਮੇਟੀ ਦੀ ਮੀਟਿੰਗ ਅਨੂਪ ਸਿੰਘ ਅਤੇ ਪ੍ਰਧਾਨ ਹਰਪਾਲ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ ਜਿਸ ਵਿੱਚ ਪਿੰਡ ਬਹਿਰਾਮਪੁਰ ਦੇ ਸੀਵਰੇਜ ਦਾ ਪਾਣੀ ਪਿੰਡ ਰਤਨਗੜ੍ਹ ਵਿੱਚ ਪਾਉਣ ਬਾਰੇ ਚਰਚਾ ਕੀਤੀ ਗਈ। ਇਸ ਮੌਕੇ ਜਤਿੰਦਰ ਸਿੰਘ ਚੀਮਾਂ ਵੱਲੋਂ ਦੱਸਿਆ ਗਿਆ ਕਿ ਪਿੰਡ ਬਹਿਰਾਮਪੁਰ ਦੇ ਸੀਵਰੇਜ ਦਾ ਪਾਣੀ ਜੋ ਕਿ ਛੱਪੜ ਵਿੱਚ ਜਾਂਦਾ ਸੀ ਪੰਚਾਇਤ ਨੇ ਪੂਰ ਦਿੱਤਾ ਹੈ। ਹੁਣ ਉਹ ਪਾਣੀ ਗਲੀਆਂ ਨਾਲੀਆਂ ਵਿੱਚ ਜਮ੍ਹਾ ਹੋ ਜਾਂਦਾ ਹੈ ਤੇ ਹੁਣ ਇਹ ਪਾਣੀ ਚੁੱਕ ਕੇ ਪਿੰਡ ਰਤਨਗੜ੍ਹ ਦੇ ਰਕਬੇ ਵਿੱਚ ਸੁਟਿਆ ਜਾ ਰਿਹਾ ਹੈ ਜੋ ਕਿ ਗਲਤ ਹੈ। ਜਤਿੰਦਰ ਸਿੰਘ ਵੱਲੋਂ ਦੱਸਿਆ ਗਿਆ ਕਿ ਬਹਿਰਾਮਪੁਰ ਦੀਆਂ ਫਸਲਾਂ ਖਰਾਬ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ 31 ਮਈ ਤੋਂ ਅੱਜ ਤੱਕ ਕਈ ਵਾਰ ਅਧਿਕਾਰੀਆਂ ਕੋਲ ਪਹੁੰਚ ਕੀਤੀ ਗਈ ਪਰ ਕੋਈ ਸਾਰਥਕ ਹੱਲ ਨਹੀਂ ਨਿਕਲਿਆ। ਜਤਿੰਦਰ ਚੀਮਾ ਵੱਲੋਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਗਿਆ ਕਿ 16 ਅਕਤੂਬਰ ਤੱਕ ਇਸ ਦਾ ਹੱਲ ਨਾ ਕੀਤਾ ਗਿਆ ਤਾ ਧਰਨਾ ਉਲੀਕ ਦਿੱਤਾ ਗਿਆ ਹੈ ਜਿਸ ਦਾ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਜੀਤ ਸਿੰਘ, ਹਰਪਾਲ ਸਿੰਘ, ਬਲਵਿੰਦਰਪਾਲ, ਯਸ਼ਪਾਲ, ਸਰਣ ਸਿੰਘ, ਦਲਬੀਰ ਸਿੰਘ ਖਿਆਲਾ, ਮਹਿੰਗਾ ਸਿੰਘ ਆਦਿ ਹਾਜ਼ਰ ਸਨ।

ਇਜ਼ਰਾਈਲ ਫਲਸਤੀਨੀਆਂ ਵਿਰੁੱਧ ਫਾਸਿਸਟ ਜੰਗੀ ਹਮਲੇ ਬੰਦ ਕਰੇ : ਲਿਬਰੇਸ਼ਨ

ਬਟਾਲਾ (ਤਰਲੋਕ ਬੱਗਾ)—ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਇਜ਼ਰਾਈਲ ਦੁਆਰਾ ਫਲੀਸਤੀਨੀ ਖਿਤੇ ਗਾਜ਼ਾ ਦੀ ਮੁਕੰਮਲ ਘੇਰਾਬੰਦੀ ਕਰਨ ਸਮੇਤ ਫਲਸਤੀਨੀਆਂ ਦੀ ਪੂਰਨ ਤਬਾਹੀ ਕਰਨ ਦੇ ਐਲਾਨ ਨੂੰ ਫਾਸਿਸਟ ਧਮਕੀ ਕਿਹਾ ਹੈ। ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਅਤੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਫਲੀਸਤੀਨੀ ਹਮਾਸ ਲੜਾਕਿਆਂ ਦਾ ਇਜ਼ਰਾਈਲ ਉਪਰ ਹਮਲਾ ਉਨ੍ਹਾਂ ਉੱਪਰ 7 ਦਹਾਕਿਆਂ ਦੇ ਵਧੇਰੇ ਸਮੇਂ ਤੋਂ ਹੋ ਰਹੇ ਫਾਸਿਸਟ ਜਬਰ ਜ਼ੁਲਮ ਦਾ ਨਤੀਜਾ ਹੈ। ਸੰਸਾਰ ਜਾਣਦਾ ਹੈ ਕਿ ਦੂਸਰੀ ਸੰਸਾਰ ਜੰਗ ਦੌਰਾਨ ਅਤੇ ਇਸ ਤੋਂ ਪਹਿਲਾਂ ਯੂਰਪੀ ਫਾਸਿਸਟਾਂ ਵਲੋਂ ਉਜਾੜੇ ਗਏ ਯਹੂਦੀਆਂ ਨੂੰ ਇਕੱਠਾ ਕਰਕੇ 1948 ਵਿੱਚ ਫਲਸਤੀਨੀਆ ਦੀ ਧਰਤੀ ਖੋਹ ਕੇ ਬਰਤਾਨੀਆ ਅਤੇ ਪੱਛਮੀ ਦੇਸ਼ਾਂ ਨੇ ਉਥੇ ਇਜ਼ਰਾਈਲ ਦੇਸ਼ ਬਣਾ ਦਿੱਤਾ ਸੀ ਅਤੇ ਫਲਸਤੀਨੀਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਭਜਾ ਕੇ ਉਨ੍ਹਾਂ ਨੂੰ ਬੇਵਤਨੇ ਬਣਾ ਦਿੱਤਾ ਸੀ ਜੋ 75 ਸਾਲਾਂ ਤੋਂ ਸ਼ਰਨਾਰਥੀਆਂ ਵਰਗਾ ਜੀਵਨ ਜਿਊਣ ਲਈ ਮਜਬੂਰ ਹਨ। ਇਸ ਖਿੱਤੇ ਵਿੱਚ ਇਜ਼ਰਾਈਲ ਸਾਮਰਾਜੀ ਅਮਰੀਕਾ ਦੀ ਫੌਜੀ ਚੌਕੀ ਦਾ ਰੋਲ ਅਦਾ ਕਰ ਰਿਹਾ ਹੈ। ਫਲਸਤੀਨੀਆਂ ਦੇ ਗਾਜ਼ਾ ਖੇਤਰ ਉਪਰ ਇਜ਼ਰਾਈਲ ਨੇ 1968 ਉਪਰ ਕਬਜ਼ਾ ਕਰਕੇ ਉਥੇ 2005 ਤੱਕ ਆਪਣੀ ਫੌਜ ਬਿਠਾਈ ਰੱਖੀ ਅਤੇ ਲਗਾਤਾਰ ਫਲਸਤੀਨੀਆਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕਰੀ ਰੱਖਿਆ। ਅਮਰੀਕਾ, ਪਛਮੀ ਦੇਸ਼ਾਂ ਦੀਆਂ ਸਰਕਾਰਾਂ ਹਮਾਸ ਲੜਾਕਿਆਂ ਨੂੰ ਅੱਤਵਾਦੀ ਦੱਸ ਰਹੀਆਂ ਹਨ ਅਤੇ ਇਜ਼ਰਾਈਲ ਨੂੰ ਪੀੜਤ ਦੇਸ਼ ਜਦੋਂਕਿ ਇਜ਼ਰਾਈਲ ਫਲਸਤੀਨੀਆਂ ਨੂੰ ਉਜਾੜਨ ਵਾਲੀ ਧਿਰ ਅਤੇ ਫਲਸਤੀਨ ਉਜੜੀ ਹੋਈ ਧਿਰ ਹੈ। ਬੱਖਤਪੁਰਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਫਲਸਤੀਨੀਆਂ ਦਾ ਤੁਖਮ ਮਿਟਾਉਣ ਲਈ ਬਜਿੱਦ ਇਜ਼ਰਾਈਲ ਦੇ ਹਿੱਤ ਵਿਚ ਭੁਗਤ ਕੇ ਸਾਬਤ ਕਰ ਦਿੱਤਾ ਹੈ ਕਿ ਮੋਦੀ ਜਬਰ ਜ਼ੁਲਮ ਦੇ ਰਾਜ ਦਾ ਹਮਾਇਤੀ ਹੈ। ਉਨ੍ਹਾਂ ਕਿਹਾ ਕਿ ਯੂਐੱਨਓ ਨੂੰ ਇਜ਼ਰਾਈਲ ਵਲੋਂ ਫਲਸਤੀਨੀਆਂ ਦੀ ਕੀਤੀ ਜਾ ਰਹੀ ਜੰਗੀ ਤਬਾਹੀ ਰੋਕਣ ਲਈ ਦਖਲ ਦੇਣਾ ਚਾਹੀਦਾ ਹੈ ਅਤੇ ਫਲਸਤੀਨ ਨੂੰ ਆਜ਼ਾਦ ਦੇਸ਼ ਬਣਾਉਣ ਲਈ ਉਸ ਨੂੰ ਯੋਗ ਧਰਤੀ ਮੁਹੱਈਆਂ ਕਰਾਉਣੀ ਚਾਹੀਦੀ ਹੈ।

ਕੇਂਦਰੀ ਸਭਾ ਵੱਲੋਂ ਅਰੁੰਧਤੀ ਰਾਏ ਦੀ ਜ਼ੁਬਾਨਬੰਦੀ ਕਰਨ ਦੀ ਨਿਖੇਧੀ

ਅੰਮ੍ਰਿਤਸਰ, (ਨਜ਼ਸ)-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਵੱਲੋਂ ਦਿੱਲੀ ਦੇ ਲੈਫਟੀਨੈਂਟ ਗਵਰਨਰ ਸਕਸੈਨਾ ਵੱਲੋਂ 2010 ਦੇ ਇੱਕ ਕੇਸ ਵਿੱਚ ਲੇਖਿਕਾ ਅਰੁੰਧਤੀ ਰਾਏ ਅਤੇ ਇਕ ਸਾਬਕਾ ਕਸ਼ਮੀਰੀ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਦੇ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੇ ਜਾਣ ਦੀ ਸਖਤ ਆਲੋਚਨਾ ਕੀਤੀ ਗਈ ਹੈ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਦੇ ਹਵਾਲੇ ਨਾਲ ਕਥਾਕਾਰ ਦੀਪ ਦੇਵਿੰਦਰ ਸਿੰਘ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਅੰਤਰਰਾਸ਼ਟਰੀ ਪੱਧਰ 'ਤੇ ਮਕਬੂਲ ਲੇਖਿਕਾ ਤੇ ਕਾਰਕੁੰਨ ਅਰੁੰਧਤੀ ਰਾਏ ਨੂੰ ਉਲਝਾਉਣ ਲਈ ਇਹ ਡੂੰਘੀ ਸਾਜ਼ਿਸ਼ ਕੇਂਦਰੀ ਹਕੂਮਤ ਦੇ ਇਸ਼ਾਰੇ 'ਤੇ ਘੜੀ ਗਈ ਹੈ। 13 ਸਾਲ ਬਾਅਦ ਇਸ ਕੇਸ ਨੂੰ ਉਛਾਲਣ ਦਾ ਉਦੇਸ਼ ਸੱਤਾ ਵਿਰੋਧੀ ਆਵਾਜ਼ਾਂ ਨੂੰ ਖੌਫ਼ਜ਼ਦਾ ਕਰਕੇ ਉਨ੍ਹਾਂ ਦੀ ਜ਼ੁਬਾਨਬੰਦੀ ਕਰਨਾ ਹੈ। ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਸ਼ੈਲਿੰਦਰਜੀਤ ਰਾਜਨ, ਦਲਜੀਤ ਸਿੰਘ ਸ਼ਾਹੀ, ਬਲਜਿੰਦਰ ਸੰਧੂ, ਮੂਲ ਚੰਦ ਸ਼ਰਮਾ, ਰਜਿੰਦਰ ਸਿੰਘ ਰਾਜਨ, ਡਾ. ਕਰਮਜੀਤ ਸਿੰਘ ਅਤੇ ਮੱਖਣ ਕੁਹਾੜ ਨੇ ਵੀ ਇਸ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਿੱਥੇ ਇਸ ਹਮਲੇ ਦਾ ਡਟ ਕੇ ਵਿਰੋਧ ਕਰਨ ਦੀ ਲੋੜ ਹੈ ਉੱਥੇ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਇਸ ਵਿਰੁੱਧ ਵਿਆਪਕ ਪੈਮਾਨੇ 'ਤੇ ਜਨਤਕ ਲਾਮਬੰਦ ਹੋਣ ਦੀ ਵੀ ਲੋੜ ਹੈ।

ਬਹੁ-ਰਾਸ਼ਟਰੀ ਆਈਟੀ ਕੰਪਨੀ ਐਕਸੈਂਚਰ ਵੱਲੋਂ 33 ਵਿਦਿਆਰਥੀਆਂ ਨੂੰ ਨੌਕਰੀਆਂ ਦੀ ਪੇਸ਼ਕਸ਼

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਯੂਨੀਵਰਸਿਟੀ ਦੇ ਪਲੇਸਮੈਂਟ ਅਤੇ ਕਰੀਅਰ ਇਨਹਾਂਸਮੈਂਟ ਵਿਭਾਗ ਰਾਹੀਂ ਯੂਨੀਵਰਸਿਟੀ ਵਿਖੇ ਵੱਡੀ ਬਹੁ-ਰਾਸ਼ਟਰੀ ਆਈਟੀ ਕੰਪਨੀ ਐਕਸੈਂਚਰ ਵੱਲੋਂ ਕੈਂਪਸ ਪਲੇਸਮੈਂਟ ਡਰਾਈਵ ਦੌਰਾਨ ਯੂਨੀਵਰਸਿਟੀ ਦੇ ਬੀ.ਟੈਕ. ਅਤੇ ਐੱਮਸੀਏ ਦੇ 2024 ਬੈਚ ਦੇ 33 ਵਿਦਿਆਰਥੀਆਂ ਨੂੰ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਪਲੇਸਮੈਂਟ ਡਰਾਈਵ ਦੌਰਾਨ ਐਕਸੈਂਚਰ ਨੇ ਬੀ.ਟੈਕ ਦੇ ਅੰਤਿਮ ਸਾਲ ਦੇ ਵਿਦਿਆਰਥੀਆਂ ਦੇ ਔਨਲਾਈਨ ਟੈਸਟ, ਤਕਨੀਕੀ ਅਤੇ ਐੱਚ. ਆਰ. ਇੰਟਰਵਿਊ ਕਰਵਾਏ ਜਿਸ ਵਿਚ ਬੀ.ਟੈਕ. ਕੰਪਿਊਟਰ ਸਾਇੰਸ, ਬੀ. ਟੈਕ. ਕੰਪਿਊਟਰ ਇੰਜੀ., ਬੀ.ਟੈਕ.-ਇਲੈਕਟ੍ਰੋਨਿਕਸ, ਬੀ. ਟੈਕ. ਇਲੈਕਟ੍ਰਾਨਿਕਸ ਅਤੇ ਕੰਪਿਊਟਰ ਇੰਜੀ., ਅਤੇ ਐੱਮਸੀਏ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਐਕਸੈਂਚਰ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਐਡਵਾਂਸਡ ਐਸੋਸੀਏਟ ਪ੍ਰੋਫਾਈਲ ਲਈ 6.50- 4.50 ਲੱਖ ਪ੍ਰਤੀ ਸਾਲ ਦੇ ਤਨਖਾਹ ਪੈਕੇਜ ਦੀ ਪੇਸ਼ਕਸ਼ ਕੀਤੀ। ਇਹ ਵਿਦਿਆਰਥੀ ਮੁੱਖ ਕੈਂਪਸ ਅੰਮ੍ਰਿਤਸਰ ਦੇ ਨਾਲ-ਨਾਲ ਖੇਤਰੀ ਕੈਂਪਸ ਨਾਲ ਵੀ ਸਬੰਧਤ ਹਨ। ਵਾਈਸ ਚਾਂਸਲਰ ਪ੍ਰੋ. ਸੰਧੂ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਪਲੇਸਮੈਂਟ ਅਤੇ ਕਰੀਅਰ ਇਨਹਾਂਸਮੈਂਟ ਡਾਇਰੈਕਟੋਰੇਟ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਡੀਨ ਅਕਾਦਮਿਕ ਮਾਮਲੇ ਪ੍ਰੋ. ਸਰਬਜੋਤ ਸਿੰਘ ਬਹਿਲ, ਰਜਿਸਟਰਾਰ ਡਾ. ਕਰਨਜੀਤ ਸਿੰਘ ਕਾਹਲੋਂ ਅਤੇ ਡੀਨ ਵਿਦਿਆਰਥੀ ਭਲਾਈ ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ ਨੇ ਵਿਦਿਆਰਥੀਆਂ ਦੀ ਵਧਾਈ ਦਿੰਦਿਆਂ ਭਵਿੱਖ ਵਿਚ ਉਨਤੀ ਕਰਨ ਦੀ ਕਾਮਨਾ ਕੀਤੀ ਹੈ। ਡਾ. ਅਮਿਤ ਚੋਪੜਾ ਡਾਇਰੈਕਟਰ ਪਲੇਸਮੈਂਟ ਅਤੇ ਕਰੀਅਰ ਐਨਹਾਂਸਮੈਂਟ ਡਾਇਰੈਕਟੋਰੇਟ ਨੇ ਕਿਹਾ ਕਿ ਰਾਸ਼ਟਰੀ ਅਤੇ ਬਹੁਰਾਸ਼ਟਰੀ ਕੰਪਨੀਆਂ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਨੌਕਰੀ 'ਤੇ ਰੱਖਣ ਲਈ ਮਨਪਸੰਦ ਸਥਾਨਾਂ ਵਿੱਚੋਂ ਇੱਕ ਹੈ ਅਤੇ ਅਜਿਹਾ ਯੂਨੀਵਰਸਿਟੀ ਵੱਲੋਂ ਕੀਤੀਆਂ ਗਈਆਂ ਵੱਖ-ਵੱਖ ਉਚ ਪਾਏ ਦੀਆਂ ਅਕਾਦਮਿਕ ਪਹਿਲਕਦਮੀਆਂ ਕਾਰਨ ਹੀ ਹੋਇਆ ਹੈ। ਇਸ ਮੌਕੇ ਅਧਿਆਪਕ ਪਲੇਸਮੈਂਟ ਇੰਚਾਰਜ ਡਾ. ਕੁਲਦੀਪ ਸਿੰਘ ਬਰਾੜ, ਡਾ. ਗੁਰਪ੍ਰੀਤ ਸਿੰਘ, ਡਾ. ਸਰਵੇਸ਼ਰ ਭਾਰਤੀ ਵੀ ਹਾਜ਼ਰ ਸਨ।

ਸੋਚ ਨੇ ਲੁਧਿਆਣਾ ਵਿੱਚ ਅਪਣਾ ਪਹਿਲਾ ਸਟੋਰ ਖੋਲ੍ਹਿਆ

ਲੁਧਿਆਣਾ : ਭਾਰਤ ਦੇ ਮੋਹਰੀ ਈਵਨਿੰਗਵੀਅਰ ਬ੍ਰਾਂਡ, ਸੋਚ ਨੇ ਲੁਧਿਆਣਾ ਸ਼ਹਿਰ ਵਿੱਚ ਅਪਣਾ ਪਹਿਲਾ ਸਟੋਰ ਖੋਲਣ ਦਾ ਐਲਾਨ ਕੀਤਾ ਹੈ। ਇਹ ਸਟੋਰ ਪੰਜਾਬ ਵਿੱਚ ਸੋਚ ਦਾ ਦੂੱਜਾ ਸਟੋਰ ਹੈ ਜੋ ਫੈਸ਼ਨ ਦੇ ਪ੍ਰਤਿ ਜਾਗਰੁਕ ਲੋਕਾਂ ਨੂੰ ਖਾਸ ਐਥਨਿਕਵਿਅਰ ਪ੍ਰਦਾਨ ਕਰਦਾ ਹੈ। ਨਵਾਂ ਸਟੋਰ ਘੁਮਾਰ ਮੰਡੀ ਲੁਧਿਆਣਾ ਵਿੱਚ ਸਥਿਤ ਹੈ ਅਤੇ ਦੋ ਮੰਜ਼ਿਲਾ ਦੇ ਸ਼ਾਨਦਾਰ ਲੇਆਉਟ ਵਿੱਚ ਹੈ, ਜਿਸ ਵਿੱਚ ਹਰਇੱਕ ਮੰਜ਼ਿਲ 1200 ਵਰਗ ਫੁਟ ਵਿੱਚ ਫੈਲੀ ਹੋਈ ਹੈ। ਸੋਚ ਅਪੈਰਲਸ ਪ੍ਰਾਈਵੇਟ ਲਿਮਿਟਡ ਦੇ ਸਹਿ ਸੰਸਥਾਪਕ ਅਤੇ ਸੀਈਓ ਵਿਨਯ ਚਟਲਾਨੀ ਨੇ ਕਿਹਾ ਕਿ ਸਟੋਰ ਨਵੇਂ ਸਟੋਰ ਦਾ ਟੀਚਾ ਲੁਧਿਆਣਾ ਦੇ ਫੈਸ਼ਨ ਦੇ ਸ਼ੌਕੀਨ ਲੋਕਾਂ ਨੂੰ ਬੇਜੋੜ ਖਰੀਦਾਰੀ ਦਾ ਅਨੁਭਵ ਪ੍ਰਦਾਨ ਕਰਨਾ ਹੈ, ਜੋ ਹਰ ਸਟਾਈਲ ਅਤੇ ਅਵਸਰ ਨੂੰ ਪੂਰਾ ਕਰਨ ਵਾਲੇ ਐਥਨਿਕਵਿਅਰ ਦਾ ਇੱਕ ਕਿਊਰੇਟੇਡ ਕੁਲੈਕਸ਼ਨ ਪੇਸ਼ ਕਰਦਾ ਹੈ।

ਇਸ ਸਟੋਰ ਵਿੱਚ ਸਾੜ੍ਹੀ, ਚੂੜੀਦਾਰ ਸੈਟ, ਡਰੈਸ, ਕੁਰਤਿਆਂ, ਲਹਿੰਗਾ ਅਤੇ ਫਿਯੁਜ਼ਨਵਿਅਰ ਦੀ ਵਿਆਪਕ ਰੇਂਜ ਸ਼ਾਮਿਲ ਹੈ।

ਪਰਾਲੀ ਦੇ ਨਿਪਟਾਰੇ ਲਈ ਅੱਗ ਨਹੀਂ ਆਧੁਨਿਕ ਮਸ਼ੀਨਰੀ ਸਮੇਂ ਦੀ ਮੁੱਖ ਲੋੜ : ਡਿਪਟੀ ਕਮਿਸ਼ਨਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫ਼ਸਲੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ 80 ਫੀਸਦੀ ਸਬਸਿਡੀ 'ਤੇ ਸਹਿਕਾਰੀ ਸਭਾਵਾਂ ਅਤੇ 50 ਫੀਸਦੀ ਸਬਸਿਡੀ 'ਤੇ ਵਿਅਕਤੀਗਤ ਕਿਸਾਨਾਂ ਨੂੰ ਖੇਤੀ ਮਸ਼ੀਨਰੀ ਉਪਲੱਬਧ ਕਰਵਾਈ ਗਈ ਹੈ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ 'ਫਸਲ ਦੀ ਰਹਿੰਦ-ਖੂੰਹਦ ਪ੍ਰਬੰਧਨ' ਲਈ ਲੋੜੀਂਦੀ ਮਾਤਰਾ ਵਿੱਚ ਬੇਲਰ, ਰੇਕ, ਸਰਫੇਸ ਸੀਡਰ ਅਤੇ ਕਈ ਹੋਰ ਮਸ਼ੀਨਾਂ ਉਪਲੱਬਧ ਹਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਪਰਾਲੀ ਪ੍ਰਬੰਧਨ ਲਈ ਉਪਲਬਧ ਇਨ੍ਹਾਂ ਮਸ਼ੀਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਪਣੇ ਨੇੜਿਓਂ 'ਫਸਲ ਦੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ' ਕਿਰਾਏ ਉਪਰ ਲੈਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪਲਾਈਨ ਨੰਬਰ 1800-180-1852 ਉਪਰ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਉਪਰੋਕਤ ਨੰਬਰ 'ਤੇ ਕਾਲ ਕਰਕੇ ਸਬੰਧਤ ਸੀਆਰਐੱਮ ਮਸ਼ੀਨਰੀ ਮਾਲਕ ਦੇ ਨਾਮ, ਪਿੰਡ ਅਤੇ ਸੰਪਰਕ ਸਮੇਤ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਮਿੱਟੀ ਨੂੰ ਮਾਤਾ ਮੰਨਣ ਦੇ ਪਾਵਨ ਸੰਦੇਸ਼ ਦਾ ਸਤਿਕਾਰ ਕਰਨ ਅਤੇ ਪਰਾਲੀ ਨੂੰ ਅੱਗ ਨਾ ਲਗਾ ਕੇ ਹਵਾ, ਪਾਣੀ ਅਤੇ ਧਰਤ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪਰਾਲੀ ਨਾ ਸਾੜ ਕੇ ਮਿਸਾਲ ਕਾਇਮ ਕਰਨ ਵਾਲੇ ਕਿਸਾਨਾਂ ਦਾ 'ਵਾਤਾਵਰਨ ਦੇ ਰਾਖੇ' ਐਵਾਰਡ ਨਾਲ ਸਨਮਾਨ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਦਾ ਹੌਸਲਾ ਵਧਾਉਣ ਦੇ ਨਾਲ-ਨਾਲ, ਬਾਕੀ ਦੇ ਕਿਸਾਨ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਣ। ਉਨ੍ਹਾਂ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਲਗਾਏ ਬਿਨਾਂ ਇਸ ਦਾ ਨਿਪਟਾਰਾ ਕਰਨ ਲਈ ਅਪਣਾਏ ਗਏ ਅਮਲਾਂ ਦੀ ਪਾਲਣਾ ਕਰਨ।

ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਬਿਜਲੀ ਦਫਤਰ ਕੰਪਲੈਕਸ ਮਜੀਠਾ 'ਚ ਇਕੱਤਰਤਾ

ਮਜੀਠਾ (ਸੋਇਮ ਆਨੰਦ)-ਬਿਜਲੀ ਦਫਤਰ ਕੰਪਲੈਕਸ ਮਜੀਠਾ ਵਿਖੇ ਪੈਨਸ਼ਨ ਐਸੋਸੀਏਸ਼ਨ ਸਬ ਅਰਬਨ ਮੰਡਲ ਅੰਮ੍ਰਿਤਸਰ ਦੀ ਮੀਟਿੰਗ ਮੰਡਲ ਪ੍ਰਧਾਨ ਰਾਮ ਲੁਭਾਇਆ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਆਗੂਆਂ ਦੱਸਿਆ ਕਿ ਬੀਤੇ ਦਿਨੀਂ ਪੈਨਸ਼ਨ ਐਸੋਸੀਏਸ਼ਨ ਪੰਜਾਬ ਦੇ ਸੱਦੇ ਤੇ ਹੈੱਡ ਦਫਤਰ ਪਟਿਆਲਾ ਵਿਖੇ ਪਾਵਰਕਾਮ ਮੈਨੇਜਮੈਂਟ ਖਿਲਾਫ ਪੈਨਸ਼ਨਰਾਂ ਦੀਆਂ ਮੰਗਾ ਸਬੰਧੀ ਰੋਸ ਮੁਜ਼ਾਹਰਾ ਕੀਤਾ ਗਿਆ ਸੀ ਤੇ ਹੁਣ ਮੁਲਾਜਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਤੇ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਦੇ ਖਿਲਾਫ ਪ੍ਰੋਟੈਸਟ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ ਦੀਆਂ ਤਿਆਰੀਆਂ ਲਈ ਪੂਰੇ ਸਰਕਲ 'ਚ ਮੀਟਿੰਗਾਂ ਕੀਤੀਆ ਜਾ ਰਹੀਆ ਹਨ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਤੇ ਮੈਨੇਜਮੈਂਟ ਮੰਗਾਂ ਮੰਨਣ ਤੋ ਆਨਾਕਾਨੀ ਕਰ ਰਹੀ ਹੈ, ਜਿਸ ਤੇ ਜਥੇਬੰਦੀ ਨੂੰ ਮਜਬੂਰ ਹੋ ਕੇ ਧਰਨੇ, ਰੋਸ ਮੁਜ਼ਾਹਰਿਆਂ ਦੇ ਰਾਹ ਪੈਣਾ ਪੈ ਰਿਹਾ ਹੈ। ਆਗੂਆਂ ਅੱਗੇ ਕਿਹਾ ਕਿ ਸਰਕਾਰਾਂ ਵਲੋਂ ਉਦਯੋਗਪਤੀਆਂ ਨੂੰ ਫਾਇਦਾ ਪਹੁੰਚਾਉਣ ਲਈ ਤੇ ਮਿਹਨਤੀ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਲਈ ਕਾਨੂੰਨ ਲਿਆ ਰਹੀ ਹੈ। ਕਰਮਚਾਰੀਆਂ ਦੀ ਡਿਊਟੀ ਦਾ ਸਮਾ 12 ਘੰਟੇ ਕਰਨ ਦਾ ਫੁਰਮਾਨ ਜਾਰੀ ਕੀਤਾ ਗਿਆ ਹੈ ਜੋ ਕਾਮਿਆਂ ਵਲੋਂ ਕੁਰਬਾਨੀਆਂ ਦੇ ਕੇ 8 ਘੰਟੇ ਕਰਵਾਇਆ ਗਿਆ ਸੀ। ਆਗੂਆਂ ਮੰਗ ਕਰਦਿਆਂ ਕਿਹਾ ਕਿ ਮਹਿੰਗਾਈ ਭੱਤੇ ਦਾ ਬਕਾਇਆ ਦਿੱਤਾ ਜਾਵੇ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਜਾਵੇ, ਨਵੀਂ ਤੇ ਪੱਕੀ ਭਰਤੀ ਦਾ ਪ੍ਰਬੰਧ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਪਰਖ ਕਾਲ ਦਾ 3 ਸਾਲ ਸਮਾਂ ਘਟਾ ਕੇ ਇੱਕ ਸਾਲ ਕੀਤਾ ਜਾਵੇ, ਬਰਾਬਰ ਕੰਮ ਬਰਾਬਰ ਤਨਖਾਹ ਦਾ ਫੁਰਮਾਨ ਜਾਰੀ ਕੀਤਾ ਜਾਵੇ। ਟਾਲਮਟੋਲ ਦੀ ਨੀਤੀ ਛੱਡ ਕੇ ਜਥੇਬੰਦੀ ਨੂੰ ਮੀਟਿੰਗ ਦਾ ਸਮਾ ਦੇ ਕੇ ਮੰਗਾਂ ਮਸਲਿਆਂ ਦਾ ਹੱਲ ਕੀਤਾ ਜਾਵੇ। ਇਸ ਮੌਕੇ ਭਰਵੇਂ ਇਕੱਠ ਨੂੰ ਮਹਿੰਦਰ ਸਿੰਘ ਖਹਿਰਾ, ਜੁਗਿੰਦਰ ਸਿੰਘ ਸੋਹੀ, ਜਗੀਰ ਸਿੰਘ ਸੋਹੀ, ਦਲਵਿੰਦਰ ਸਿੰਘ ਸੁਪਾਰੀਵਿੰਡ, ਸੁਖਦੇਵ ਸਿੰਘ ਮਰੜ੍ਹੀ, ਸੁਭਾਸ਼ ਚੰਦਰ ਅਮ੍ਰਿਤਸਰੀਆ, ਬਲਵਿੰਦਰ ਸਿੰਘ ਰਾਮਦਿਵਾਲੀ, ਰਵੇਲ ਸਿੰਘ ਗੋਸਲ, ਹਰਭਜਨ ਸਿੰਘ ਜੇਠੂਵਾਲ, ਜਗਮੋਹਣ ਅਮ੍ਰਿਤਸਰੀਆ, ਹਰਭਜਨ ਸਿੰਘ ਜਲਾਪੁਰਾ ਨੇ ਸੰਬੋਧਨ ਕੀਤਾ।

ਖਾਲਸਾ ਕਾਲਜ ਗੁਰਦਾਸਨੰਗਲ ਦੇ ਖਿਡਾਰੀ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 'ਚ ਛਾਏ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)—ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਖਿਡਾਰੀਆਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਅਧੀਨ ਹੋਏ ਜ਼ਿਲ੍ਹਾ ਪੱਧਰੀ ਵੱਖ-ਵੱਖ ਮੁਕਾਬਲਿਆਂ ਵਿੱਚੋਂ ਜੇਤੂ ਰਹਿ ਕੇ ਆਪਣੇ ਮਾਤਾ-ਪਿਤਾ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਕਾਲਜ ਦੇ ਪ੍ਰਿੰ. ਡਾ: ਗੁਰਜੀਤ ਸਿੰਘ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਹੋਏ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੀ ਲੜਕੀਆਂ ਦੀ ਟੀਮ ਨੇ 21 ਤੋਂ 30 ਸਾਲ ਉਮਰ ਵਰਗ ਦੇ ਕਬੱਡੀ ਖੇਡ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਅੰਡਰ - 21 ਹਾਕੀ ਟੀਮ (ਲੜਕੇ) ਪਹਿਲੇ ਸਥਾਨ 'ਤੇ ਰਹੀ। ਪੈਦਲ ਚਾਲ 10 ਕਿਲੋਮੀਟਰ ਮੁਕਾਬਲੇ ਵਿੱਚੋਂ ਵਿਦਿਆਰਥੀ ਸਿਮਰਨਜੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ। ਕਿੱਕ ਬਾਕਸਿੰਗ ਵਿੱਚੋਂ ਕਾਲਜ ਵਿਦਿਆਰਥੀਆਂ ਨੇ 9 ਗੋਲਡ ਮੈਡਲ ਜਿੱਤ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਇਹ ਜੇਤੂ ਖਿਡਾਰੀ ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਭਾਗ ਲੈਣਗੇ। ਕਾਲਜ ਪ੍ਰਿੰ. ਡਾ. ਗੁਰਜੀਤ ਸਿੰਘ ਨੇ ਜੇਤੂ ਖਿਡਾਰੀਆਂ ਦਾ ਕਾਲਜ ਪਹੁੰਚਣ ਤੇ ਸਵਾਗਤ ਕੀਤਾ ਅਤੇ ਜੇਤੂ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਤੇ ਅਧਿਆਪਕ ਸਾਹਿਬਾਨ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ ਤੇ ਉਹ ਕਾਲਜ ਦੇ ਖਿਡਾਰੀ ਵਿਦਿਆਰਥੀਆਂ ਦੀ ਹਰ ਮੁੱਢਲੀ ਲੋੜ ਪੂਰਾ ਕਰਨ ਲਈ ਵਚਨਬੱਧ ਹਨ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਇਕ ਸ਼ਾਮ ਕਹਾਣੀਕਾਰ ਦੇਸ ਰਾਜ ਕਾਲੀ ਦੇ ਨਾਂਅ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬੀਆਂ ਦੀ ਸਾਹਿਤਕ ਸੰਸਥਾ ਸਾਡਾ ਵਿਰਸਾ ਆਪਣੇ ਲੋਕ ਵਲੋਂ ਇਕ ਸ਼ਾਮ ਕਹਾਣੀਕਾਰ ਦੇਸ ਰਾਜ ਕਾਲੀ ਦੇ ਨਾਮ ਇਕ ਸ਼ਾਮ ਆਸਟ੍ਰੇਲੀਆ ਵਿਚ ਇਕ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਕਰਨਵੀਰ ਜ਼ੀਰਕਪੁਰ ਚੰਡੀਗੜ੍ਹ, ਸੂਬੇਦਾਰ ਜਸਵੰਤ ਸਿੰਘ ਤੇ ਗੁਰਮੀਤ ਸਿੰਘ ਪਾਹੜਾ ਸੂਬਾ ਸਹਾਇਕ ਸਕੱਤਰ ਇਪਟਾ (ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ) ਪੰਜਾਬ ਦੀ ਪ੍ਰਧਾਨਗੀ ਹੇਠ ਹੋਇਆ। ਸਟੇਜ ਸਕੱਤਰ ਦੀ ਭੂਮਿਕਾ ਗੁਰਮੀਤ ਸਿੰਘ ਮੁਕਤਸਰ ਨੇ ਨਿਭਾਈ। ਪਾਹੜਾ ਨੇ ਪ੍ਰਸਿੱਧ ਪੰਜਾਬੀ ਲੇਖਕ ਦੇਸ ਰਾਜ ਕਾਲੀ (16 ਮਾਰਚ 1971-27 ਅਗਸਤ 2023) ਜੋ ਸਾਢੇ 52 ਸਾਲ ਦੀ ਉਮਰ ਵਿੱਚ ਸਵਾ ਮਹੀਨਾ ਪਹਿਲਾਂ ਸਾਥੋਂ ਸਦਾ ਲਈ ਵਿਛੜ ਗਏ ਸਨ, ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਇੱਕ ਪੰਜਾਬੀ ਲੇਖਕ, ਕਹਾਣੀਕਾਰ ਅਤੇ ਨਾਵਲਕਾਰ ਸੀ। ਉਹ ਆਪਣੀਆਂ ਲਿਖਤਾਂ ਵਿੱਚ ਹਾਸ਼ੀਏ ਤੇ ਵਿਚਰਦੇ ਲੋਕਾਂ ਦੀ ਵੇਦਨਾ ਦੀ ਬਾਤ ਪਾਉਂਦਾ ਸੀ। ਦੇਸ ਰਾਜ ਕਾਲੀ ਨੇ ਹੁਣ ਤੱਕ ਚਾਨਣ ਦੀ ਲੀਕ, ਕਥ-ਕਾਲੀ, ਫ਼ਕੀਰੀ, ਪਰਨੇਸ਼ਵਰੀ, ਅੰਤਹੀਣ, ਪ੍ਰਥਮ ਪੌਰਾਣ ਤੇ ਸ਼ਾਂਤੀ ਪੂਰਵ ਨਾਵਲ, ਨਾਟਕ ਤੇ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿਚ ਪਾਏ ਤੇ ਪੰਜਾਬੀ ਪੱਤਰਕਾਰੀ ਵਿਚ ਵੱਡਾ ਯੋਗਦਾਨ ਪਾਇਆ। ਇਸ ਸੰਗੀਤਕ ਪ੍ਰੋਗਰਾਮ ਵਿੱਚ ਹਰਬੰਸ ਕੌਰ, ਬਜਿੰਦਰ ਕੌਰ, ਨਰਿੰਦਰ ਕੌਰ, ਅਨਿਲ ਕੁਮਾਰ, ਵਿਜੇ ਹੁੱਡਾ ਹਰਿਆਣਾ, ਗੁਰਮੀਤ ਸਿੰਘ ਮੁਕਤਸਰ, ਕਰਨਵੀਰ ਚੰਡੀਗੜ੍ਹ, ਸਤਨਾਮ ਸਿੰਘ ਸ੍ਰੀ ਗੰਗਾਨਗਰ ਤੇ ਗੁਰਮੀਤ ਸਿੰਘ ਪਾਹੜਾ ਨੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਤੇ ਦਿਲਬਾਗ ਸਿੰਘ ਭੁੰਬਲੀ ਗੁਰਦਾਸਪੁਰ ਤੋਂ, ਚੰਦਾ ਸਿੰਘ, ਬਲਵਾਨ ਸਿੰਘ ਹੁੱਡਾ, ਇੰਦਰ ਮੋਹਨ, ਅਮਰਜੀਤ ਸਿੰਘ, ਉਪਿੰਦਰ ਸਿੰਘ, ਰਣਜੀਤ ਸਿੰਘ ਤੇ ਬੂਟਾ ਰਾਮ ਤਿਉਨਾ ਹਾਜ਼ਰ ਸਨ।

ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਬਾਸਕਿਟਬਾਲ ਮੁਕਾਬਲੇ 'ਚੋਂ ਮੋਹਰੀ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ ਦਿਨੀਂ 67 ਵੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਜ਼ਿਲ੍ਹਾ ਕੋਆਰਡੀਨੇਟਰ ਯੁਗਰਾਜ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕਰਵਾਈਆਂ ਗਈਆਂ, ਜਿਨ੍ਹਾਂ ਦਾ ਮਕਸਦ ਵਿਦਿਆਰਥੀਆਂ ਅੰਦਰ ਏਕਤਾ ਦੀ ਭਾਵਨਾ ਪੈਦਾ ਕਰਨਾ ਅਤੇ ਆਤਮਬਲ ਦਾ ਵਾਧਾ ਕਰਨਾ ਸੀ। ਇਸ ਜ਼ਿਲ੍ਹਾ ਪੱਧਰੀ ਬਾਸਕਿਟਬਾਲ ਮੁਕਾਬਲੇ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਗੋਇੰਦਵਾਲ ਸਾਹਿਬ ਜ਼ੋਨ ਵੱਲੋਂ ਹਿੱਸਾ ਲਿਆ। ਇਹ ਬਾਸਕਿਟਬਾਲ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੱਟੀ ਵਿਖੇ ਕਰਵਾਏ ਗਏ, ਜਿਸ ਵਿੱਚ ਤਰਨ ਤਾਰਨ ਜ਼ਿਲ੍ਹੇ ਅਧੀਨ ਆਉਂਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲੇ ਕਾਫ਼ੀ ਕਠਿਨ ਹੋਣ ਦੇ ਬਾਵਜੂਦ ਵੀ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਆਪਣੇ ਕੋਚ ਸੁਖਵਿੰਦਰ ਸਿੰਘ ਅਤੇ ਕੋਚ ਅਨੁਦੀਪ ਕੌਰ ਦੀ ਯੋਗ ਅਗਵਾਈ ਅਤੇ ਆਪਣੀ ਮਿਹਨਤ ਸਦਕਾ ਬਾਸਕਿਟਬਾਲ ਅੰਡਰ-14 (ਲੜਕੀਆਂ) ਅਤੇ ਬਾਸਕਿਟਬਾਲ ਅੰਡਰ-17 (ਲੜਕੀਆਂ) ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦੀ ਸ਼ਾਨ ਵਧਾਈ। ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਦੱਸਿਆ ਕਿ ਹੁਣ ਇਹ ਵਿਦਿਆਰਥੀ ਰਾਜ ਪੱਧਰੀ ਖੇਡਾਂ ਵਿੱਚ ਹਿੱਸਾ ਲੈਣਗੇ।

ਡਰਾਈਵਰ ਨੂੰ ਨੀਂਦ ਆਉਣ ਕਾਰਨ ਟਿੱਪਰ ਜਾ ਚੜ੍ਹਿਆ ਚੈੱਕਪੋਸਟ 'ਤੇ

ਗੁਰਦਾਸਪੁਰ, (ਜਨਕ ਮਹਾਜਨ)-ਬੀਤੇ ਦਿਨੀਂ ਕਰੈਸ਼ਰ ਅਨਲੋਡ ਕਰਕੇ ਵਾਪਸ ਆਪਣੇ ਸ਼ਹਿਰ ਨੂੰ ਪਰਤ ਰਹੇ ਟਿੱਪਰ ਦੇ ਡਰਾਈਵਰ ਨੂੰ ਸਿਖਰ ਦੁਪਹਿਰੇ ਨੀਂਦ ਆ ਗਈ ਤੇ ਟਿੱਪਰ ਪੁਲਸ ਚੈੱਕਪੋਸਟ 'ਤੇ ਚੜ੍ਹ ਗਿਆ ਤੇ ਚੈੱਕਪੋਸਟ ਨੂੰ ਤਬਾਹ ਕਰ ਦਿੱਤਾ। ਜਾਣਕਾਰੀ ਅਨੁਸਾਰ ਮਲੇਰਕੋਟਲਾ ਦਾ ਰਹਿਣ ਵਾਲਾ ਡਰਾਈਵਰ ਹਰਪਾਲ ਸਿੰਘ ਮਲੇਰਕੋਟਲਾ ਤੋਂ ਅਜਨਾਲੇ ਲਈ ਟਿੱਪਰ 'ਤੇ ਕਰੈਸ਼ਰ ਲੈ ਕੇ ਗਿਆ ਸੀ। ਅਜਨਾਲਾ ਵਿੱਚ ਗੱਡੀ ਅਨਲੋਡ ਕਰਕੇ ਉਹ ਵਾਪਸ ਮਲੇਰਕੋਟਲੇ ਪਰਤ ਰਿਹਾ ਸੀ ਕਿ ਰਸਤੇ ਵਿੱਚ ਦੁਪਹਿਰ 2 ਵਜੇ ਦੇ ਕਰੀਬ ਜਦੋਂ ਗੁਰਦਾਸਪੁਰ ਬੱਬਰੀ ਬਾਈਪਾਸ ਚੌਕ ਦੇ ਨਾਕੇ ਤੋਂ ਥੋੜ੍ਹਾ ਪਿੱਛੇ ਹੀ ਸੀ ਕਿ ਅਚਾਨਕ ਉਸਨੂੰ ਨੀਂਦ ਆ ਗਈ। ਜਦੋਂ ਤੱਕ ਉਹ ਸੰਭਲਦਾ, ਟਿੱਪਰ ਚੌਕ ਵਿੱਚ ਬਣੀ ਛੋਟੀ ਚੈੱਕਪੋਸਟ 'ਤੇ ਚੜ੍ਹ ਚੁੱਕਾ ਸੀ। ਚੈੱਕਪੋਸਟ ਲਗਭਗ ਪੂਰੀ ਤਰ੍ਹਾਂ ਨਾਲ ਤਬਾਹ ਹੋ ਗਈ। ਸ਼ੁਕਰ ਹੈ ਅੰਦਰ ਕੋਈ ਪੁਲਸ ਮੁਲਾਜ਼ਮ ਨਹੀਂ ਸੀ। ਬੱਬਰੀ ਨਾਕੇ ਤੇ ਮੌਜੂਦ ਏਐੱਸਆਈ ਧਰਮਿੰਦਰ ਕੁਮਾਰ ਨੇ ਦੱਸਿਆ ਮੌਕੇ ਦੀ ਘਟਨਾ ਬਾਰੇ ਦੱਸਿਆ। ਟਿੱਪਰ ਦੇ ਡਰਾਈਵਰ ਨੇ ਦੱਸਿਆ ਕਿ ਅਚਾਨਕ ਉਸ ਨੂੰ ਨੀਂਦ ਆ ਜਾਣ ਕਾਰਨ ਇਹ ਹਾਦਸਾ ਵਾਪਰਿਆ ਹੈ। ਪੁਲਸ ਵੱਲੋਂ ਇਸ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

12-oct-PAGE-4-2.qxd 10/11/2023 10:28 PM Page 1

ਨਵਾਂ ਜ਼ਮਾਨਾ

ਵੀਰਵਾਰ, 12 ਅਕਤੂਬਰ 2023

ਮੋਦੀ-ਸ਼ਾਹ ਦੀ ਚਾਣਕਿਆ ਨੀਤੀ

ਰਾਜਸਥਾਨ ਵਿਧਾਨ ਸਭਾ ਚੋਣਾਂ ਲਈ ਭਾਜਪਾ ਨੇ 41 ਮੈਂਬਰਾਂ ਦੀ ਪਹਿਲੀ ਲਿਸਟ ਜਾਰੀ ਕੀਤੀ ਹੈ, ਇਸ ਵਿੱਚ 7 ਮੌਜੂਦਾ ਸਾਂਸਦਾਂ ਨੂੰ ਵੀ ਟਿਕਟ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਵਿੱਚ ਵੀ 7 ਸਾਂਸਦਾਂ ਤੇ ਮੰਤਰੀਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ। ਗੋਦੀ ਮੀਡੀਆ ਦੇ ਦਲਾਲ ਪੱਤਰਕਾਰਾਂ ਨੇ ਇਸ ਨੂੰ ਮੋਦੀ ਦਾ ਮਾਸਟਰ ਸਟਰੋਕ ਕਹਿ ਕੇ ਪ੍ਰਚਾਰਿਆ ਹੈ। ਉਨ੍ਹਾਂ ਮੁਤਾਬਕ ਇਸ ਨਾਲ ਇਹ ਗੱਲ ਸਾਬਤ ਹੁੰਦੀ ਹੈ ਕਿ ਮੋਦੀ-ਸ਼ਾਹ ਦੀ ਜੋੜੀ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚੋਂ ਤਿੰਨ ਰਾਜਾਂ; ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਜਿੱਤਣ ਲਈ ਹਰ ਹੀਲਾ ਵਰਤ ਰਹੀ ਹੈ। ਇਹ ਸਮਝ ਬਿਲਕੁੱਲ ਗਲਤ ਹੈ। ਅਸਲ ਵਿੱਚ ਮੋਦੀ-ਸ਼ਾਹ ਜੋੜੀ ਇਨ੍ਹਾਂ ਰਾਜਾਂ ਦੀਆਂ ਚੋਣਾਂ ਨਹੀਂ, ਸਗੋਂ 2024 ਦੀਆਂ ਲੋਕ ਸਭਾ ਚੋਣਾਂ ਲਈ ਆਪਣੇ ਰਾਹ ਦੇ ਸਾਰੇ ਕੰਡੇ ਚੁਗਣ ਦੀ ਚਾਲ ਚੱਲ ਰਹੀ ਹੈ। ਸਾਂਸਦਾਂ ਤੇ ਮੰਤਰੀਆਂ ਨੂੰ ਟਿਕਟਾਂ ਦੇ ਕੇ ਉਨ੍ਹਾਂ ਕਈ ਨਿਸ਼ਾਨੇ ਫੁੰਡਣ ਦਾ ਰਾਹ ਚੁਣਿਆ ਹੈ।

ਇੱਕ ਸਾਂਸਦ 6 ਤੋਂ ਲੈ ਕੇ 8 ਵਿਧਾਨ ਸਭਾ ਹਲਕਿਆਂ ਦੀ ਨੁਮਾਇੰਦਗੀ ਕਰਦਾ ਹੈ। ਇਸ ਦੌਰਾਨ ਉਹ ਆਪਣੇ ਕਿਸੇ ਪੁੱਤ-ਭਤੀਜੇ ਨੂੰ ਕਿਸੇ ਇੱਕ ਵਿਧਾਨ ਸਭਾ ਹਲਕੇ ਵਿੱਚ ਕੰਮ 'ਤੇ ਲਾਉਂਦਾ ਹੈ, ਤਾਂ ਕਿ ਉਸ ਨੂੰ ਆਪਣੀ ਵਿਰਾਸਤ ਸੌਂਪੀ ਜਾ ਸਕੇ। ਇਨ੍ਹਾਂ ਸਾਂਸਦਾਂ ਨੂੰ ਟਿਕਟ ਦੇ ਕੇ ਮੋਦੀ-ਸ਼ਾਹ ਨੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦਾ ਸਿਆਸਤ ਵਿੱਚ ਦਾਖਲਾ ਬੰਦ ਕਰ ਦਿੱਤਾ ਹੈ।

ਇਸ ਦੇ ਨਾਲ ਇਹ ਘਾਗ ਸਾਂਸਦ ਆਪਣੇ ਹਮੈਤੀਆਂ ਨੂੰ ਟਿਕਟਾਂ ਦਿਵਾਉਣ ਲਈ ਵੀ ਜੋੜ-ਤੋੜ ਕਰਦੇ ਹਨ। ਹੁਣ ਜਦੋਂ ਉਹ ਖੁਦ ਵਿਧਾਨ ਸਭਾ ਹਲਕਿਆਂ ਤੋਂ ਉਮੀਦਵਾਰ ਬਣ ਗਏ ਹਨ, ਉਨ੍ਹਾਂ ਦੀ ਇਸ ਦਖਲ-ਅੰਦਾਜ਼ੀ ਉੱਤੇ ਵੀ ਰੋਕ ਲੱਗ ਗਈ ਹੈ।

ਮੋਦੀ-ਸ਼ਾਹ ਜੋੜੀ ਦੀ ਸ਼ੁਰੂ ਤੋਂ ਹੀ ਪਾਰਟੀ ਵਿੱਚ ਆਪਣੇ ਵਿਰੋਧੀਆਂ ਤੋਂ ਛੁਟਕਾਰਾ ਪਾ ਕੇ ਆਪਣੇ ਹੱਥਠੋਕੇ ਪੈਦਾ ਕਰਨ ਦੀ ਨੀਤੀ ਰਹੀ ਹੈ। ਸਾਂਸਦਾਂ ਨੂੰ ਟਿਕਟ ਦੇਣ ਦਾ ਮਤਲਬ ਉਨ੍ਹਾਂ ਤੋਂ ਛੁਟਕਾਰਾ ਹਾਸਲ ਕਰਨਾ ਵੀ ਹੈ। ਇਨ੍ਹਾਂ ਵਿੱਚੋਂ ਜਿਹੜੇ ਜਿੱਤ ਜਾਣਗੇ, ਉਹ ਵਿਧਾਇਕ ਬਣ ਕੇ ਕੇਂਦਰੀ ਸਿਆਸਤ ਤੋਂ ਫਾਰਗ ਹੋ ਜਾਣਗੇ ਤੇ ਜਿਹੜੇ ਹਾਰ ਗਏ, ਉਨ੍ਹਾਂ ਨੂੰ ਲੋਕ ਸਭਾ ਦੀਆਂ ਚੋਣਾਂ ਵਿੱਚ ਟਿਕਟ ਨਹੀਂ ਮਿਲੇਗੀ। ਇਸ ਤਰ੍ਹਾਂ ਉਹ ਵੀ ਕੇਂਦਰ ਦੀ ਸਿਆਸਤ ਵਿੱਚੋਂ ਬਾਹਰ ਹੋ ਜਾਣਗੇ। ਇਸ ਤਰ੍ਹਾਂ ਮੋਦੀ-ਸ਼ਾਹ ਜੋੜੀ ਨੂੰ ਕਈ-ਕਈ ਵਾਰ ਲੋਕ ਸਭਾ ਦੀਆਂ ਚੋਣਾਂ ਜਿੱਤ ਚੁੱਕੇ ਸਿਆਸਤ ਦੇ ਇਨ੍ਹਾਂ ਘਾਗ ਖਿਡਾਰੀਆਂ ਤੋਂ ਮੁਕਤੀ ਮਿਲ ਜਾਵੇਗੀ। ਇਸੇ ਨੀਤੀ ਤਹਿਤ ਪਾਰਟੀ ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜੈਵਰਗੀਆ ਤੇ ਰਾਕੇਸ਼ ਸਿੰਘ ਦੇ ਵੀ ਖੰਭ ਕੁਤਰਨ ਦਾ ਮਨਸੂਬਾ ਘੜ ਲਿਆ ਗਿਆ ਹੈ। ਇਨ੍ਹਾਂ ਵੱਡੇ ਆਗੂਆਂ ਨੂੰ ਟਿਕਟਾਂ ਦੇ ਕੇ ਕਈ ਹਲਕਿਆਂ ਵਿੱਚ ਵੱਡੀ ਪਹੁੰਚ ਰੱਖਣ ਵਾਲੇ ਉਮੀਦਵਾਰਾਂ ਨੂੰ ਲਾਂਭੇ ਕਰਨ ਦਾ ਵੀ ਦਾਅ ਖੇਡਿਆ ਗਿਆ ਹੈ। ਇਨ੍ਹਾਂ ਵਿੱਚ ਰਾਜਸਥਾਨ ਤੋਂ ਮੁੱਖ ਮੰਤਰੀ ਰਹਿ ਚੁੱਕੇ ਭੈਰੋਂ ਸਿੰਘ ਸ਼ੇਖਾਵਤ ਦਾ ਜਵਾਈ ਵੀ ਹੈ, ਜਿਹੜਾ ਤਿੰਨ ਵਾਰ ਦਾ ਵਿਧਾਇਕ ਹੈ।

ਅਸਲ ਵਿੱਚ ਮੋਦੀ-ਸ਼ਾਹ ਦੀ ਕਾਰਜ-ਪ੍ਰਣਾਲੀ ਤੋਂ ਭਾਜਪਾ ਅੰਦਰ ਵੀ ਅਸੰਤੋਸ਼ ਪੈਦਾ ਹੋਣਾ ਸੁਭਾਵਕ ਹੈ। ਇਹ ਵੀ ਇੱਕ ਤਰ੍ਹਾਂ ਸੱਤਾ ਵਿਰੋਧੀ ਲਹਿਰ ਹੀ ਹੁੰਦੀ ਹੈ। ਮੋਦੀ-ਸ਼ਾਹ ਦੀ ਸਾਂਸਦਾਂ ਨੂੰ ਰਾਜਾਂ ਵਿੱਚ ਧੱਕਣ ਦੀ ਇਹ ਨੀਤੀ ਅਸਲ ਵਿੱਚ ਕੇਂਦਰ ਵਿੱਚ ਆਪਣੇ ਵਿਰੋਧੀਆਂ ਦਾ ਮਲੀਆਮੇਟ ਕਰਨ ਦੀ ਚਾਲ ਹੈ। ਇਹੋ ਨਹੀਂ ਉਹ ਰਾਜਾਂ ਵਿੱਚ ਵੀ ਕਿਸੇ ਦਾ ਕੱਦ ਵਧੇ ਇਹ ਸਹਾਰ ਨਹੀਂ ਸਕਦੇ। ਰਾਜਸਥਾਨ ਵਿੱਚ ਵਸੁੰਧਰਾ ਰਾਜੇ ਸਿੰਧੀਆ ਦੇ ਖੰਭ ਕੁਤਰਨ ਲਈ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਹਾਰਨਾ ਵੀ ਮਨਜ਼ੂਰ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਸ਼ਿਵਰਾਜ ਚੌਹਾਨ ਨੂੰ ਵੀ ਧਰਾਤਲ ਉੱਤੇ ਲਿਆਉਣ ਲਈ 7 ਸਾਂਸਦਾਂ ਦੀ ਬਲੀ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਸਿੰਧੀਆ ਪਰਵਾਰ ਦੀ ਯਸ਼ੋਧਰਾ ਨੇ ਤਾਂ ਹਾਲਤ ਦੇਖ ਕੇ ਪਹਿਲਾਂ ਹੀ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਹੈ ਤੇ ਜਿਓਤਿਰਾਦਿਤਿਆ ਸਿੰਧੀਆ ਵੀ ▾ਲੱਗਭੱਗ ਹਥਿਆਰ ਸੁੱਟ ਚੁੱਕਾ ਹੈ। ਸਿੰਧੀਆ ਘਰਾਣੇ ਦੇ ਮਾਇਆ ਸਿੰਘ, ਧਿਆਨੇਂਦਰ ਤੇ ਮਾਇਆ ਦੇ ਬੇਟੇ ਦੀਆਂ ਉਮੀਦਾਂ ਨੂੰ ਫਲ ਨਹੀਂ ਲੱਗਾ।

ਸਪੱਸ਼ਟ ਹੈ ਕਿ ਮੋਦੀ-ਸ਼ਾਹ ਦਾ ਹਰ ਦਾਅ ਲੋਕ ਸਭਾ ਦੀਆਂ ਚੋਣਾਂ ਜਿੱਤਣ ਲਈ ਹੈ। ਉਹ ਲੋਕਾਂ ਵਿੱਚ ਹੀ ਨਹੀਂ ਪਾਰਟੀ ਵਿੱਚ ਵੀ ਜਿੱਤਣਾ ਚਾਹੁੰਦੇ ਹਨ। ਪੁਰਾਣੇ ਸਾਂਸਦਾਂ ਦੀ ਥਾਂ ਉਹ ਆਪਣੇ ਹੱਥਠੋਕੇ ਨਵਿਆਂ ਨੂੰ ਟਿਕਟਾਂ ਦੇ ਕੇ ਅੱਗੇ ਲਿਆਉਣਗੇ, ਜਿਹੜੇ ਉਨ੍ਹਾਂ ਦੀ ਹਾਂ ਵਿੱਚ ਹਾਂ ਮਿਲਾ ਸਕਣ। ਇਹ ਨਵੇਂ ਹੋਣਗੇ ਬਜਰੰਗ ਦਲੀਏ ਤੇ ਭੀੜਤੰਤਰੀਏ। ਸਪੱਸ਼ਟ ਹੈ ਕਿ ਮੋਦੀ-ਸ਼ਾਹ ਭਾਜਪਾ ਨੂੰ ਇੱਕ ਫਾਸ਼ੀ ਪਾਰਟੀ ਵਿੱਚ ਬਦਲਣ ਲਈ ਦ੍ਰਿੜ੍ਹ ਸੰਕਲਪ ਹਨ। ਉਨ੍ਹਾਂ ਦੀ ਇਹ ਨੀਤੀ ਕਿੰਨੀ ਸਫ਼ਲ ਹੁੰਦੀ ਹੈ, ਇਹ ਤਾਂ ਸਮਾਂ ਹੀ ਦੱਸੇਗਾ।

-ਚੰਦ ਫਤਿਹਪੁਰੀ

ਪਾਠਕ-ਸੱਥ

ਮੁੱਖ ਮੰਤਰੀ ਦੇ ਨਾਂਅ ਪੱਤਰ

ਸ੍ਰ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਜੀ,

ਪੰਜਾਬ ਸਰਕਾਰ ਵੱਲੋਂ ਚੈੱਕ ਡੈਮ/ਛੋਟੇ ਡੈਮ ਬਣਾ ਕੇ ਪੰਜਾਬ ਦੇ ਲੋਕਾਂ ਨੂੰ ਪਾਣੀ ਪੀਣ ਦੀ ਸਹੂਲਤ ਦੇਣ ਸੰਬੰਧੀ ਕਾਫ਼ੀ ਲੰਮੇ ਸਮੇਂ ਤੋਂ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਵਿੱਚ ਢੋਲਬਾਹਾ ਡੈਮ ਅਤੇ ਸਨੇਰਾ ਡੈਮ, ਪਰਚ ਸਨੇਰਾ ਡੈਮ, ਪਟਿਆਰੀ ਡੈਮ, ਥਾਨਾ ਡੈਮ, ਜੈਂਤੀ ਡੈਮ, ਸਿਸਵਾਂ ਡੈਮ ਅਤੇ ਮਿਰਜਾਪੁਰ ਡੈਮ ਆਦਿ ਹਨ। ਪਿੰਡ ਲਲਵਾਣ, ਖੰਨੀ, ਚੱਕ ਨਰਿਆਲ, ਰਾਮਪੁਰ ਝੰਜੋਵਾਲ ਦੇ ਵਾਸੀਆਂ ਨੂੰ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੀ। ਸਾਡੇ ਇਲਾਕੇ ਵਿੱਚ ਪਾਣੀ ਦਾ ਲੈਵਲ ਬਹੁਤ ਥੱਲੇ ਜਾ ਚੁੱਕਾ ਹੈ। ਪਿੰਡ ਲਲਵਾਣ ਜੋ ਕਿ ਡੈਮ ਬਣਾਉਣ ਵਾਸਤੇ ਸਹੀ ਜਗ੍ਹਾ 'ਤੇ ਹੈ ਤਾਂ ਜੋ ਬਰਸਾਤ/ਹੜ੍ਹਾਂ ਦੇ ਦਿਨਾਂ ਵਿੱਚ ਮੀਂਹ ਦੇ ਪਾਣੀ ਨੂੰ ਭੰਡਾਰ/ਜਮ੍ਹਾਂ ਕਰਕੇ ਖੇਤੀ ਵਾਸਤੇ ਵਰਤਿਆ ਜਾ ਸਕਦਾ ਹੈ। ਨਾਲ ਹੀ ਪੀਣ ਦੇ ਪਾਣੀ ਦਾ ਪੱਧਰ ਵੀ ਉੱਚਾ ਹੋ ਜਾਏਗਾ। ਸਾਡੇ ਇਲਾਕੇ ਵਿੱਚ ਡੈਮ ਬਣਨ ਦੇ ਨਾਲ ਆਬਾਦੀ ਅਤੇ ਹੋਰ ਵਾਹੀਯੋਗ ਜ਼ਮੀਨਾਂ ਦਾ ਬਚਾਅ ਹੋਵੇਗਾ। ਇਸ ਦੇ ਨਾਲ-ਨਾਲ ਜ਼ਮੀਨੀ ਪਾਣੀ ਦਾ ਲੈਵਲ ਵੀ ਉੱਚਾ ਚੁੱਕ ਹੋਵੇਗਾ। ਲੋੜ ਅਨੁਸਾਰ ਇਸ/ਇਹ ਪਾਣੀ ਸਿੰਚਾਈ ਦੀਆਂ ਸਹੂਲਤਾਂ ਦੇਣ ਵਾਸਤੇ ਆਸ-ਪਾਸ ਦੇ ਪਿੰਡਾਂ ਵਿੱਚ ਵਰਤਿਆ ਜਾ ਸਕਦਾ ਹੈ। ਸਮੂਹ ਨਿਵਾਸੀ ਪਿੰਡ ਲਲਵਾਣ ਅਤੇ ਇਲਾਕਾ ਨਿਵਾਸੀਆਂ ਵੱਲੋਂ ਆਪ ਜੀ ਨੂੰ ਬੇਨਤੀ ਹੈ ਕਿ ਇਲਾਕੇ ਨੂੰ ਬੰਜਰ ਹੋਣ ਤੋਂ ਬਚਾਉਣ ਲਈ ਪਿੰਡ ਲਲਵਾਣ ਵਿੱਚ ਛੋਟਾ ਡੈਮ ਬਣਾ ਕੇ ਇਲਾਕਾ ਨਿਵਾਸੀਆਂ ਦੀ ਮਦਦ ਕੀਤੀ ਜਾਵੇ ਜੀ। ਆਪ ਜੀ ਦੀ ਬਹੁਤ ਮਿਹਰਬਾਨੀ ਹੋਵੇਗੀ।

ਆਪ ਜੀ ਦਾ ਵਿਸ਼ਵਾਸ ਪਾਤਰ,

ਦਿਆ ਰਾਮ ਪਿੰਡ ਤੇ ਡਾਕ. ਲਲਵਾਣ, ਤਹਿਸੀਲ ਗੜ੍ਹਸ਼ੰਕਰ

ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਤੇ ਨਿਵਾਸੀ।

ਜਾਨਲੇਵਾ ਬਣਦਾ ਜਾ ਰਿਹਾ ਫਾਸਟ ਫੂਡ

ਗੁਰਮੀਤ ਸਿੰਘ ਪਲਾਹੀ

ਮਨੁੱਖੀ ਸਿਹਤ ਨੂੰ ਬਿਹਤਰ ਬਣਾਉਣ ਲਈ ਦੁਨੀਆ ਭਰ ਵਿੱਚ ਚਿਕਿਤਸਾ ਵਿਗਿਆਨ ਵਿੱਚ ਨਿੱਤ ਖੋਜਾਂ ਹੋ ਰਹੀਆਂ ਹਨ। ਮਨੁੱਖੀ ਸਰੀਰ ਨੂੰ ਬਿਮਾਰੀ ਰਹਿਤ ਬਣਾਉਣ, ਬਿਮਾਰੀਆਂ ਉਪਰੰਤ ਸਰੀਰ ਨੂੰ ਬਚਾਉਣ ਲਈ ਜੰਗੀ ਪੱਧਰ ਉੱਤੇ ਕਦਮ ਚੁੱਕੇ ਜਾ ਰਹੇ ਹਨ, ਤਾਂ ਕਿ ਮੌਜੂਦਾ ਦੌਰ ਵਿੱਚ ਮਾਨਵ ਲੰਮੀ ਅਤੇ ਰੋਗ ਰਹਿਤ ਜ਼ਿੰਦਗੀ ਭੋਗੇ, ਪਰ ਸਾਡੇ ਖਾਣ-ਪੀਣ ਦਾ ਰੰਗ-ਢੰਗ ਏਨੀ ਤੇਜ਼ੀ ਨਾਲ ਬਦਲ ਰਿਹਾ ਹੈ, ਜਿਸ ਦਾ ਨਤੀਜਾ ਸਾਡੇ ਸਰੀਰ ਉੱਤੇ ਉਲਟਾ ਅਸਰ ਪਾ ਰਿਹਾ ਹੈ। ਮਨੁੱਖੀ ਸਰੀਰ ਦੀ ਪਹਿਲ ਤਾਂ ਹੁਣ ਡੱਬਾ ਬੰਦ ਭੋਜਨ, ਠੰਢੀਆਂ ਪੀਣ ਵਾਲੀਆਂ ਚੀਜ਼ਾਂ, ਬਿਸਕੁਟ ਚਾਕਲੇਟ ਬਣ ਗਈ ਹੈ, ਜਿਹਨਾਂ ਵਿਚ ਸਰੀਰ ਨੂੰ ਲੋੜੀਂਦੀ ਖੰਡ, ਚਰਬੀ ਦੀ ਮਾਤਰਾ ਦੀ ਭਰਮਾਰ ਹੈ, ਜੋ ਸਰੀਰ ਨੂੰ ਚਾਹੀਦੀ ਮਾਤਰਾ ਤੋਂ ਕਈ ਗੁਣਾਂ ਵਧੇਰੇ ਹੈ। ਇਹੀ ਸਾਡੀਆਂ ਬਿਮਾਰੀਆਂ ਦਾ ਵੱਡਾ ਕਾਰਨ ਹੈ।

ਮਨੁੱਖੀ ਸਰੀਰ ਦੇ ਪਾਲਣ-ਪੋਸ਼ਣ ਅਤੇ ਨਵ-ਜੰਮੇ ਬੱਚਿਆਂ ਨੂੰ ਮਾਂ ਦਾ ਦੁੱਧ ਚੁੰਘਾਉਣ ਦੇ ਮਾਮਲਿਆਂ 'ਤੇ ਕੰਮ ਕਰਦੀਆਂ ਦੋ ਸੰਸਥਾਵਾਂ ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਵਿੱਚ ਫਾਸਟ ਫੂਡ ਜਾਂ ਜ਼ੰਕ ਫੂਡ ਸੰਬੰਧੀ ਇੱਕ ਵਿਸਥਾਰਤ ਰਿਪੋਰਟ ਤਿਆਰ ਕੀਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇਸ਼ ਮੋਟਾਪੇ ਅਤੇ ਸ਼ੂਗਰ ਜਿਹੀਆਂ ਗੰਭੀਰ ਬਿਮਾਰੀਆਂ ਕਾਰਨ ਵੱਡੇ ਸਿਹਤ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਅਤਿਅੰਤ ਚਿੰਤਾ ਦਾ ਵਿਸ਼ਾ ਹੈ।

ਆਈ.ਸੀ.ਐਮ.ਆਰ ਦੇ ਇਕ ਅਧਿਐਨ ਅਨੁਸਾਰ ਭਾਰਤ 'ਚ ਦਸ ਕਰੋੜ ਤੋਂ ਵੱਧ ਲੋਕ ਸ਼ੂਗਰ ਦੇ ਸ਼ਿਕਾਰ ਹਨ। ਇਸ ਅਧਿਐਨ 'ਚ ਇਹ ਵੀ ਲਿਖਿਆ ਗਿਆ ਹੈ ਕਿ ਹਰ ਚਾਰ ਵਿਚੋਂ ਇਕ ਵਿਅਕਤੀ ਸ਼ੂਗਰ ਅਤੇ ਮੋਟਾਪੇ ਦਾ ਸ਼ਿਕਾਰ ਹੈ। ਅੰਕੜੇ ਦੱਸਦੇ ਹਨ ਕਿ ਪੰਜ ਸਾਲ ਦੀ ਉਮਰ ਤੋਂ ਘੱਟ ਉਮਰ ਦੇ 43 ਲੱਖ ਬੱਚੇ ਮੋਟਾਪੇ ਦੇ ਸ਼ਿਕਾਰ ਹੋ ਚੁੱਕੇ ਹਨ। ਸਾਡੇ ਇਹ ਅੰਕੜੇ ਸਿਹਤ 'ਚ ਆਏ ਵਿਗਾੜ ਅਤੇ ਬੱਚਿਆਂ ਦੀ ਪਾਲਣਾ-ਪੋਸ਼ਣਾ 'ਚ ਕਮੀ ਦਾ ਸਪੱਸ਼ਟ ਸੰਕੇਤ ਹਨ। ਕੀ ਇੰਜ ਸਾਡੀ ਅਗਲੀ ਪੀੜ੍ਹੀ ਸਿਹਤਮੰਦ ਨਜ਼ਰ ਆਏਗੀ?

ਨੈਸ਼ਨਲ ਫੈਮਿਲੀ ਹੈੱਲਥ ਸਰਵੇ ਦਰਸਾਉਂਦਾ ਹੈ ਕਿ ਭਾਰਤ ਦੀਆਂ ਕੁੱਲ ਔਰਤਾਂ ਵਿਚੋਂ 23 ਫੀਸਦੀ ਅਤੇ ਮਰਦਾਂ ਵਿਚੋਂ 22 ਫੀਸਦੀ ਦਾ ਔਸਤਨ ਭਾਰ ਵੱਧ ਹੈ ਅਤੇ 40 ਫੀਸਦੀ ਔਰਤਾਂ ਅਤੇ 12 ਫੀਸਦੀ ਮਰਦ ਮੋਟਾਪੇ ਤੋਂ ਪੀੜਤ ਹਨ।

ਅਗਸਤ 2023 ਦੀ ਡਬਲਯੂ ਐੱਚ. ਓ. (ਵਿਸ਼ਵ ਸਿਹਤ ਸੰਸਥਾ) ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ 2011 ਤੋਂ 2021 ਦੇ ਵਿਚਕਾਰ ਹਰ ਵਰ੍ਹੇ ਖਾਣ ਕਰਕੇ ਪਦਾਰਥਾਂ ਦੀ ਵਿਕਰੀ 'ਚ 13.37 ਫ਼ੀਸਦੀ ਵਾਧਾ ਹੋ ਗਿਆ ਹੈ। ਇੰਜ ਭਾਰਤ ਵਿਚ ਵੱਧ ਖਾਧ ਪਦਾਰਥਾਂ ਦੀ ਵਰਤੋਂ 'ਚ ਵਾਧਾ ਮੋਟਾਪੇ ਜਿਹੀਆਂ ਬਿਮਾਰੀਆਂ 'ਚ ਵਾਧਾ ਕਰੇਗਾ। ਕਿਹਾ ਜਾ ਰਿਹਾ ਹੈ ਕਿ 2035 ਤੱਕ ਅੱਧੀ ਦੁਨੀਆਂ ਵੱਧ ਖਾਣ-ਪੀਣ ਨਾਲ ਮੋਟਾਪੇ ਦੀ ਲਪੇਟ 'ਚ ਆਏਗੀ।

ਆਓ, ਨਜ਼ਰ ਮਾਰੀਏ ਜ਼ੰਕ ਫੂਡ ਦਾ ਕਾਰੋਬਾਰ ਕਿਵੇਂ ਵਧ ਰਿਹਾ ਹੈ? ਕਿਵੇਂ ਇਹ ਸਾਡੇ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਤ ਕਰ ਰਿਹਾ ਹੈ? ਇਹ ਜ਼ੰਕ ਜਾਂ ਫਾਸਟ ਫੂਡ ਦਾ ਖਾਣ-ਪਾਣ ਸਾਡੇ ਕੁਪੋਸ਼ਨ ਨੂੰ ਵਧਾ ਰਿਹਾ ਹੈ। ਭਾਰਤ ਇਸ ਦੇ ਮਾਮਲੇ 'ਚ ਪੂਰੀ ਤਰ੍ਹਾਂ ਸ਼ਿਕੰਜੇ 'ਚ ਹੈ ਜਾਂ ਇੰਜ ਕਹਿ ਲਈਏ ਕਿ ਵਿਸ਼ਵ ਭਰ ਦੇ ਖਾਣ-ਪਾਣ ਵਿਉਪਾਰੀ ਭਾਰਤ 'ਚ ਆਪਣਾ ਭਵਿੱਖ ਵੇਖਦੇ ਹਨ।

ਇਕ ਰਿਪੋਰਟ ਅਨੁਸਾਰ ਦੇਸ਼ ਭਾਰਤ ਦੇ ਅੰਦਰ 80 ਫੀਸਦੀ ਤੋਂ ਵੱਧ ਬੱਚੇ 'ਲੁਕਵੀਂ ਭੁੱਖ' ਦਾ ਸ਼ਿਕਾਰ ਹਨ। ਇਹ ਲੁਕਵੀਂ ਭੁੱਖ ਦਾ ਭਾਵ ਹੈ ਕਿ ਬੱਚੇ ਨੂੰ ਜਨਮ ਤੋਂ ਵੀ ਜ਼ੰਕ ਫੂਡ ਦੇਣਾ। ਮਾਂ ਦੇ ਦੁੱਧ ਤੋਂ ਵਿਰਵੇ ਰੱਖ ਕੇ ਡੱਬੇ ਦਾ ਦੁੱਧ ਉਹਨਾਂ ਨੂੰ ਦਿੱਤਾ ਜਾਂਦਾ ਹੈ। ਅਜੀਬ ਕਿਸਮ ਦੇ ਭੋਜਨ ਉਹਨਾਂ ਦੇ ਸਰੀਰ 'ਚ ਧੱਕੇ ਜਾਂਦੇ ਹਨ, ਜਿਵੇਂ ਸੈਰੇਲਿਕ ਆਦਿ, ਜਿਨ੍ਹਾਂ ਵਿਚ ਭੋਜਨ ਦੇ ਉਹ ਤੱਤ ਨਹੀਂ ਮਿਲਦੇ, ਜਿਹੜੇ ਕੁਦਰਤੀ ਭੋਜਨ ਦਾਲ ਦਾ ਪਾਣੀ, ਸੂਜੀ ਦੀ ਖੀਰ ਆਦਿ ਪਦਾਰਥਾਂ ਤੋਂ ਮਿਲਦੇ ਹਨ, ਜਿਸ ਕਾਰਨ ਬੱਚੇ ਕੁਪੋਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਇਹੋ ਜਿਹਾ ਜ਼ੰਕ ਫੂਡ ਅਤੇ ਫਾਸਟ ਫੂਡ ਦੇ ਮਨੁੱਖੀ ਸਰੀਰ ਉੱਤੇ ਭੈੜੇ ਪ੍ਰਭਾਵ ਨੂੰ ਵੇਖਦਿਆਂ ਹੋਇਆਂ ਦਿੱਲੀ ਹਾਈ ਕੋਰਟ ਨੇ ਭਾਰਤੀ ਖਾਧ ਸੁਰੱਖਿਆ ਸੰਸਥਾ ਨੂੰ ਸਕੂਲਾਂ ਅਤੇ ਉਹਨਾਂ ਦੇ ਨਜ਼ਦੀਕ ਵਾਧੂ ਚਰਬੀ ਵਾਲੇ, ਲੂਣ ਅਤੇ ਖੰਡ ਵਾਲੇ ਪਦਾਰਥਾਂ ਦੀ ਵਿਕਰੀ ਉੱਤੇ ਰੋਕ ਲਾਗੂ ਕਰਨ ਦੇ ਹੁਕਮ ਦਿੱਤੇ ਸਨ, ਪਰ ਬਹੁਤ ਸਾਰੇ ਹੋਰ ਹੁਕਮਾਂ ਵਾਂਗ ਹੀ ਇਹ ਹੁਕਮ ਕਦੇ ਵੀ ਲਾਗੂ ਨਹੀਂ ਹੋ ਸਕਿਆ। ਵਰਨਣਯੋਗ ਹੈ ਕਿ ਦੇਸ਼ ਦੀ 80 ਕਰੋੜ ਵਸੋਂ ਨੂੰ ਸਰਕਾਰ ਰਾਸ਼ਟਰ ਖਾਧ ਸੁਰੱਖਿਆ ਐਕਟ ਅਨੁਸਾਰ ਭਾਰਤ ਸਰਕਾਰ ਜੋ ਭੋਜਨ ਮੁਹੱਈਆ ਕਰਦੀ ਹੈ, ਉਹ ਕਿੰਨਾ ਕੁ ਪੋਸ਼ਕ ਹੈ ਅਤੇ ਸਕੂਲਾਂ, ਆਂਗਨਵਾੜੀਆਂ 'ਚ ਦਿੱਤਾ ਜਾਂਦਾ ਭੋਜਨ ਕੀ ਬੱਚੇ ਦੇ ਸਰੀਰਕ ਵਾਧੇ ਲਈ ਕਾਫ਼ੀ ਹੈ?

ਖਾਧ ਅਤੇ ਜਾਂਚ ਏਜੰਸੀ ਅਨੁਸਾਰ ਦੇਸ਼ ਦੇ ਅੰਦਰ 2019 ਤੱਕ ਡੱਬਾ-ਬੰਦ ਖਾਣੇ ਦੀ ਗਿਣਤੀ 25 ਫੀਸਦੀ ਸੀ, ਜੋ 2022 ਤੱਕ 40 ਫੀਸਦੀ ਨੂੰ ਪਾਰ ਕਰ ਚੁੱਕੀ ਹੈ। ਇਸ ਤਰ੍ਹਾਂ ਡੱਬਾ-ਬੰਦ ਭੋਜਨ ਦੀ ਉਪਲੱਧਤਾ ਵਿਚ ਸਾਡਾ ਦੇਸ਼ ਦੁਨੀਆ ਭਰ 'ਚ 13ਵੇਂ ਨੰਬਰ 'ਤੇ ਪੁੱਜ ਗਿਆ ਹੈ, ਜਦਕਿ ਅਮਰੀਕਾ ਅਤੇ ਬਰਤਾਨੀਆ ਪਹਿਲੇ ਦਰਜੇ 'ਤੇ ਹਨ। ਜ਼ੰਕ ਕਾਰੋਬਾਰ ਪੂਰੀ ਤੇਜ਼ੀ ਨਾਲ ਵਧ-ਫੁਲ ਰਿਹਾ ਹੈ, 2021 ਤੱਕ ਵਿਸ਼ਵ ਪੱਧਰ 'ਤੇ ਜ਼ੰਕ ਬਜ਼ਾਰ 5775 ਕਰੋੜ ਰੁਪਏ ਸੀ, ਜੋ 2030 ਤੱਕ 7900 ਕਰੋੜ ਪੁੱਜਣ ਦਾ ਅੰਦਾਜ਼ਾ ਹੈ।

ਇਸ ਸਭ ਕੁਝ ਦੇ ਵਿਚਕਾਰ ਬਹੁਤੇ ਫਿਕਰ ਵਾਲੀ ਗੱਲ ਇਹ ਹੈ ਕਿ ਜਿਹੜੇ 43 ਫੀਸਦੀ ਡੱਬਾ-ਬੰਦ ਭੋਜਨ ਮਿਲਦੇ ਹਨ, ਉਹਨਾਂ ਵਿਚੋਂ ਇਕ ਤਿਹਾਈ ਵਿਚ ਖੰਡ, ਚਰਬੀ, ਸੋਡੀਅਮ ਦੀ ਮਾਤਰਾ ਸਥਾਪਤ ਭੋਜਨ ਮਾਣਕਾਂ ਤੋਂ ਵੱਧ ਹੈ। ਇਹ ਦਿਲ ਦੀਆਂ ਬਿਮਾਰੀਆਂ ਲਈ ਜਾਨਲੇਵਾ ਹੈ। ਜ਼ੰਕ ਫੂਡ ਦਾ ਅਸਰ ਬੱਚਿਆਂ ਦੀ ਸਿਹਤ ਉੱਤੇ ਸਭ ਤੋਂ ਵੱਧ ਹੈ।

ਬੱਚੇ ਜ਼ੰਕ ਫੂਡ ਦੀ ਵਰਤੋਂ ਕਰਕੇ ਬੇਡੋਲ ਬਣਦੇ ਹਨ, ਉਹਨਾਂ ਦੇ ਸਰੀਰ ਨੂੰ ਬਿਮਾਰੀਆਂ ਛੋਟੀ ਉਮਰ ਵਿਚ ਹੀ ਪ੍ਰੇਸ਼ਾਨ ਕਰਨ ਲੱਗਦੀਆਂ ਹਨ। ਉਂਜ ਵੀ ਜ਼ੰਕ ਫੂਡ ਦੇ ਨਾਲ-ਨਾਲ ਮੋਬਾਇਲ ਫੋਨ, ਇੰਟਰਨੈੱਟ, ਟੀ. ਵੀ. ਦੀ ਵੱਧ ਵਰਤੋਂ ਉਹਨਾਂ ਦੇ ਸਰੀਰ ਉੱਤੇ ਭੈੜਾ ਅਸਰ ਪਾਉਂਦੀ ਹੈ। ਬਾਲਗਾਂ ਉਤੇ ਵੀ ਜ਼ੰਕ ਫੂਡ ਦਾ ਅਸਰ ਘੱਟ ਨਹੀਂ ਹੈ।

ਜ਼ੰਕ ਫੂਡ ਦੇ ਭੈੜੇ ਪ੍ਰਭਾਵ ਦੇਖੋ; ਇਸ ਦੀ ਪੈਦਾਵਾਰ ਹੈ ਮੋਟਾਪਾ, ਜਿਸ ਕਾਰਨ ਦੁਨੀਆ ਭਰ ਵਿਚ ਹਰ ਸਾਲ ਲਗਭਗ 50 ਲੱਖ ਲੋਕ ਮਰ ਜਾਂਦੇ ਹਨ। ਤਸਵੀਰ ਦਾ ਦੂਜਾ ਪੱਖ ਹੋਰ ਵੀ ਤਕਲੀਫਦੇਹ ਹੈ। ਗਲੋਬਲ ਨਿਊਟ੍ਰੀਸ਼ਨ 2020 ਦੇ ਪ੍ਰਾਪਤ ਅੰਕੜਿਆਂ ਅਨੁਸਾਰ 82 ਕਰੋੜ ਲੋਕਾਂ ਨੂੰ ਪੇਟ ਭਰ ਭੋਜਨ ਨਸੀਬ ਨਹੀਂ ਹੁੰਦਾ। ਇਸ ਅਨੁਪਾਤ ਨਾਲ ਵੇਖੀਏ ਤਾਂ 9 ਵਿਚੋਂ ਇਕ ਵਿਅਕਤੀ ਭੁੱਖਮਰੀ ਦੀ ਮਾਰ ਝੱਲ ਰਿਹਾ ਹੈ। ਫਿਰ ਵੀ ਦੇਸ਼ ਵਿਚ ਮੋਟਾਪਾ ਕਿਸੇ ਵੀ ਬਿਮਾਰੀ ਵਾਂਗ ਫੈਲ ਰਿਹਾ ਹੈ। ਕੁਝ ਲੋਕ ਢਿੱਡ ਤੂਸ ਕੇ ਖਾਂਦੇ ਹਨ ਅਤੇ ਕੁਝ ਨੂੰ ਪੇਟ ਉਤੇ ਕੱਪੜਾ ਬੰਨ੍ਹ ਕੇ ਸਮਾਂ ਸਾਰਨਾ ਪੈਂਦਾ ਹੈ।

ਜ਼ੰਕ ਫੂਡ ਦੁਨੀਆ ਭਰ 'ਚ ਫੈਲਿਆ ਹੋਇਆ ਹੈ। ਦੁਨੀਆ ਭਰ ਦੀਆਂ ਵੱਡੀਆਂ ਕੰਪਨੀਆਂ ਡੱਬਾ-ਬੰਦ ਭੋਜਨ, ਪੀਣ ਵਾਲੇ ਪਦਾਰਥਾਂ ਸਮੇਤ ਬਣਾ ਰਹੀਆਂ ਹਨ। ਇਸ ਕਾਰੋਬਾਰ ਲਈ ਵੱਡੀ ਪੱਧਰ ਉੱਤੇ ਇਸ਼ਤਿਹਾਰਬਾਜ਼ੀ ਹੁੰਦੀ ਹੈ ਅਤੇ ਮਨੁੱਖਾਂ ਨੂੰ ਲੋਭਿਤ ਕਰਨ ਲਈ ਇਹਨਾਂ ਪਦਾਰਥਾਂ ਨੂੰ ਆਕਰਸ਼ਕ ਢੰਗ ਨਾਲ ਪੈਕਟਾਂ ਵਿਚ ਲੋਕਾਂ ਅੱਗੇ ਪੇਸ਼ ਕੀਤਾ ਜਾਂਦਾ ਹੈ।

ਇਹ ਅਸਲ ਅਰਥਾਂ 'ਚ ਕਾਰਪੋਰੇਟ ਜਗਤ ਦਾ ਇਕ ਕ੍ਰਿਸ਼ਮਾ ਹੈ। ਕਾਰਪੋਰੇਟੀਏ ਵੱਧ ਧਨ ਕਮਾਉਣ ਲਈ ਮਨੁੱਖ ਨੂੰ ਜ਼ੰਕ ਫੂਡ ਦੇ ਰਾਹ ਪਾਉਂਦੇ ਹਨ ਅਤੇ ਇਸੇ ਤਰ੍ਹਾਂ ਜ਼ੰਕ ਫੂਡ ਨਾਲ ਹੁੰਦੀਆਂ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਲਈ ਅਗਾਊਂ ਟੀਕੇ, ਮਹਿੰਗੀਆਂ ਦਵਾਈਆਂ ਮਾਰਕੀਟ 'ਚ ਇਹੋ ਕਾਰਪੋਰੇਟ ਕੰਪਨੀਆਂ ਵਾਲੇ ਹੀ ਲਿਆਉਂਦੇ ਹਨ। ਇਹ ਮੁਨਾਫ਼ਾਖੋਰੀ ਦੀ ਇੱਕ ਚੇਨ ਹੈ।

ਤੇਜ਼ ਜ਼ਿੰਦਗੀ ਦੇ ਵਹਾਅ 'ਚ ਮਨੁੱਖ ਕੁਦਰਤ ਦੀ ਗੋਦ ਤੋਂ ਵਿਰਵਾ ਕੀਤਾ ਜਾ ਰਿਹਾ ਹੈ। ਮਸ਼ੀਨੀਕਰਨ ਦੇ ਇਸ ਯੁੱਗ 'ਚ ਮਨੁੱਖ ਇਕ ਮਸ਼ੀਨੀ ਕਲ- ਪੁਰਜਾ ਬਣਾਇਆ ਜਾ ਰਿਹਾ ਹੈ, ਜਿੱਥੇ ਉਸ ਦੀ ਵਰਤੋਂ ਸਿਰਫ਼ ਲੋੜ ਤੱਕ ਸੀਮਤ ਕੀਤੀ ਜਾ ਰਹੀ ਹੈ।

ਮਨੁੱਖ ਦਾ ਕੁਦਰਤ ਨਾਲ ਲਗਾਅ, ਸ਼ੁੱਧ ਹਵਾ, ਪਾਣੀ, ਕੁਦਰਤੀ ਫਸਲਾਂ, ਕੁਦਰਤੀ ਖਾਣ-ਪਾਣ ਸਭ ਕੁਝ 'ਚ ਲਗਾਤਾਰ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਆਧੁਨਿਕਤਾ ਦੇ ਇਸ ਦੌਰ 'ਚ ਮਨੁੱਖੀ ਸਿਹਤ ਨਾਲ ਖਿਲਵਾੜ, ਜੀਵਨ ਸ਼ੈਲੀ 'ਚ ਤਬਦੀਲੀ ਗੰਭੀਰ ਬਿਮਾਰੀਆਂ ਦਾ ਕਾਰਨ ਬਣੀ ਹੋਈ ਹੈ ਜਾਂ ਬਣਾਈ ਜਾ ਰਹੀ ਹੈ। ਜ਼ੰਕ ਫੂਡ ਇਸ ਸਭ ਕੁਝ ਦਾ ਵੱਡਾ ਹਥਿਆਰ ਹੈ।

ਮਨੁੱਖ ਨੂੰ ਕੁਦਰਤ ਨਾਲ ਪ੍ਰੇਮ, ਆਪਣੇ ਸਰੀਰ ਅਤੇ ਸੋਚ ਨਾਲ ਲਗਾਓ ਵੱਲ ਵੱਧ ਕੇਂਦਰਤ ਹੋਣਾ ਪਵੇਗਾ, ਤਾਂ ਕਿ ਆਪਣੇ ਭਵਿੱਖ, ਆਪਣੀ ਔਲਾਦ ਨੂੰ ਉਹ ਸਿਹਤਮੰਦ ਅਤੇ ਨਰੋਆ ਬਣਾ ਸਕੇ।

 # ਸੰਪਰਕ : 98158-02070

ਜਿੰਮ ਬਣ ਰਹੇ ਹਨ ਗੈਂਗਸਟਰਾਂ ਤੇ ਨਸ਼ੇੜੀਆਂ ਦੇ ਅੱਡੇ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

ਇੰਗਲਿਸ਼ ਦੀ ਇੱਕ ਕਹਾਵਤ ਹੈ ਕਿ ਹੈਲਥ ਇਜ਼ ਵੈਲਥ ਯਾਨੀ ਕਿ ਸਿਹਤ ਹੀ ਧੰਨ ਹੈ। ਇਸ ਕਥਨ ਵਿੱਚ ਕੋਈ ਸ਼ੱਕ ਨਹੀਂ ਹੈ, ਪਰ ਸਿਹਤ ਕਿਹੋ ਜਿਹੀ ਦੀ ਗੱਲ ਕੀਤੀ ਹੈ। ਉਸ ਨੂੰ ਅੱਜ ਵਿਚਾਰਨ ਦੀ ਲੋੜ ਹੈ। ਪੰਜਾਬ ਦਾ ਖਾਣ-ਪਾਣ ਦੁਨੀਆ ਵਿੱਚ ਮਸ਼ਹੂਰ ਹੈ। ਪੰਜਾਬੀ ਖਾਣੇ ਦੀਆਂ ਗੱਲਾਂ ਦੇਸ਼ਾਂ-ਵਿਦੇਸ਼ਾਂ ਵਿੱਚ ਹੁੰਦੀਆਂ ਹਨ। ਜੇ ਕਿਸੇ ਨੇ ਮੁਗਲਾਂ ਤੇ ਪਠਾਣਾਂ ਦੇ ਮੂੰਹ ਮੋੜੇ ਸਨ, ਉਹ ਵੀ ਪੰਜਾਬੀ ਸੀ। ਪੰਜਾਬੀਆਂ ਦਾ ਸਿੱਕਾ ਦੁਨੀਆ ਵਿੱਚ ਚੱਲਦਾ ਸੀ। ਇੱਥੋਂ ਤੱਕ ਕਿ ਪਠਾਣੀਆਂ ਰਾਤ ਨੂੰ ਸੌਣ ਲੱਗਿਆਂ ਆਪਣੇ ਬੱਚਿਆਂ ਨੂੰ ਇਹ ਕਹਿ ਕੇ ਡਰਾਉਂਦੀਆਂ ਸਨ ਕਿ ਸੌਂ ਜਾਹ ਪੁੱਤਰਾ ਨਹੀਂ ਤੇ ਹਊਆ ਆ ਜਾਵੇਗਾ ਕਿ ਮਤਲਬ ਨਲੂਆ ਪੰਜਾਬੀਆਂ ਦੇ ਡੌਲਿਆਂ ਵਿਚ ਤਾਕਤ ਦੁਨੀਆ ਦੇ ਲੋਕਾਂ ਨਾਲੋਂ ਕਈ ਗੁਣਾ ਜ਼ਿਆਦਾ ਹੁੰਦੀ ਸੀ। ਮੱਝਾਂ ਬੂਰੀਆਂ ਦੇ ਦੁੱਧ ਚੁੰਗਣ ਵਾਲੇ ਸਾਰਾ-ਸਾਰਾ ਦਿਨ ਖੇਤਾਂ ਵਿੱਚ ਮਿਹਨਤ ਕਰਦੇ ਹੁੰਦੇ ਸੀ। ਇੱਥੋਂ ਤੱਕ ਕਿ ਬਲਦਾਂ ਤੇ ਝੋਟਿਆਂ ਨਾਲ ਲੋਕ ਵਾਹੀ ਕਰਦੇ ਸੀ। ਜੇਕਰ ਹਿਸਾਬ ਲਾਈਏ ਤਾਂ ਇੱਕ ਕਿੱਲਾ ਜਿਮੀਂਦਾਰ ਜ਼ਮੀਨ ਵਹਾਉਂਦਾ ਸੀ ਤੇ ਲੱਗਭੱਗ 19-20 ਕਿਲੋਮੀਟਰ ਤੁਰਨਾ ਪੈਂਦਾ ਸੀ ਹਲਾਂ ਮਗਰ। ਬੀਬੀਆਂ ਵੀ ਕਿਸੇ ਪਾਸਿਉਂ ਘੱਟ ਨਹੀਂ ਹੁੰਦੀਆਂ। ਹੱਥਾਂ ਦੀ ਚੱਕੀ ਨਾਲ ਸਾਰੇ ਟੱਬਰ ਲਈ ਆਟਾ ਪੀਹ ਕੇ ਰੋਟੀਆਂ ਪਕਾਉਂਦੀਆਂ ਹੁੰਦੀਆਂ ਸਨ। ਮਾਤਾ ਭਾਗੋ ਵਰਗੀਆਂ ਸਵਾ-ਸਵਾ ਮਣ ਦੀ ਬੰਦੂਕ ਵੀ ਚੁੱਕ ਕੇ ਮੈਦਾਨੇ ਜੰਗ ਵਿੱਚ ਆ ਜਾਂਦੀਆਂ ਸਨ। ਜੇਕਰ ਮੈਂ ਗੱਲ ਕਰਾਂ ਉਸ ਵੇਲੇ ਦੀ ਤੇ ਮੁੱਕਣ 'ਤੇ ਨਹੀਂ ਆ ਸਕਦੀ, ਪਰ ਮੈਂ ਗੱਲ ਕਰਨੀ ਚਾਹੁੰਦਾ ਹਾਂ ਅੱਜ ਦੀ ਜਿਹੜੇ ਲੋਕ ਅੱਜਕੱਲ੍ਹ ਜਿੰਮਾਂ ਦੇ ਪਿੱਛੇ ਪਏ ਹਨ, ਤੜਕੇ ਉੱਠ ਕੇ ਘਰੋਂ ਗੱਡੀਆਂ 'ਤੇ ਜਾਂਦੇ ਨੇ, ਉਥੇ ਜਾ ਕੇ ਜਿੰਮ ਵਿੱਚ ਸਾਈਕਲ ਚਲਾਉਂਦੇ ਨੇ, ਫਿਰ ਘਰ ਆ ਕੇ ਡੱਕਾ ਦੂਹਰਾ ਨਹੀਂ ਕਰਦੇ। ਸਾਰਾ ਦਿਨ ਇਹੋ ਹੀ ਆ ਕੇ ਕਹਿੰਦੇ ਰਹਿੰਦੇ ਨੇ ਕਿ ਅਸੀਂ ਸਵੇਰੇ ਜਿੰਮ ਮਾਰ ਕੇ ਆਏ ਹਾਂ। ਪਤਾ ਨਹੀਂ ਕਿਹੋ ਜਿਹੇ ਪਾਊਡਰ ਤੇ ਹੋਰ ਕੈਮੀਕਲ ਖਾ-ਖਾ ਕੇ ਡੌਲਿਆਂ ਨੂੰ ਵਧਾਉਂਦੇ ਰਹਿੰਦੇ ਹਨ, ਪਰ ਉਹ ਡੌਲੇ ਘਰ ਦਾ ਕੰਮ ਨਹੀਂ ਕਰਦੇ। ਪਤਾ ਨਹੀਂ ਕਿਉਂ ਲਗਾਤਾਰ ਜਿੰਮ ਜਾਣ ਵਾਲੇ ਗੱਭਰੂ ਥਕਾਵਟ ਨੂੰ ਦੂਰ ਕਰਨ ਲਈ ਨਸ਼ੇ ਦਾ ਸਹਾਰਾ ਲੈਣ ਲੱਗ ਜਾਂਦੇ ਹਨ। ਫਿਰ ਜਿੰਮ ਵਿੱਚ ਬੈਠ ਕੇ ਨਸ਼ੇ ਦਾ ਟਿਕਾਣਾ ਵੀ ਪਤਾ ਕਰ ਲੈਂਦੇ ਹਨ। ਉੱਥੇ ਬੈਠੇ ਹਥਿਆਰਾਂ ਨਾਲ ਵੀ ਖੇਡਣਾ ਸ਼ੁਰੂ ਕਰ ਦਿੰਦੇ ਹਨ। ਫਿਰ ਪੈਸੇ ਦੀ ਜ਼ਰੂਰਤ ਵੀ ਪੈਂਦੀ ਹੈ। ਉਹ ਫਿਰ ਇਹੋ ਜਿਹੀਆਂ ਘਟਨਾਵਾਂ ਨੂੰ ਜਨਮ ਦੇਣ ਲੱਗ ਜਾਂਦੇ ਨੇ, ਜਿਹੜੀਆਂ ਖਬਰਾਂ ਅਸੀਂ ਰੋਜ਼ ਸੁਣਦੇ ਹਾਂ। ਇਹ ਸਾਰੀ ਉਪਜ ਜਿੰਮ ਦੀ ਹੈ, ਇੱਥੋਂ ਤੱਕ ਵੀ ਖਬਰਾਂ ਛਪ ਰਹੀਆਂ ਹਨ ਕਿ ਜਿੰਮ ਮਾਲਕ ਆਪ ਚਿੱਟੇ ਦੇ ਵਪਾਰੀ ਬਣੇ ਹੋਏ ਹਨ। ਪਹਿਲਾਂ ਜਿੰਮ ਵਿੱਚ ਗੱਭਰੂਆਂ ਦੀ ਐਨਰਜੀ ਖ਼ਤਮ ਕਰ ਦਿੰਦੇ ਹਨ। ਫਿਰ ਚਿੱਟੇ ਦੀ ਡੋਜ਼ ਦੇ ਕੇ ਘਰਾਂ ਨੂੰ ਘੱਲ ਦਿੰਦੇ ਹਨ। ਬਹੁਤੀ ਨੌਜਵਾਨੀ ਇਹਨਾਂ ਲੋਕਾਂ ਨੇ ਬਰਬਾਦ ਕਰ ਦਿੱਤੀ ਹੈ। ਜਿੱਥੇ ਮੁੰਡੇ ਨਸ਼ੇੜੀ ਬਣੇ ਹਨ, ਉਥੇ ਕੁੜੀਆਂ ਵੀ ਪਿੱਛੇ ਨਹੀਂ ਰਹੀਆਂ। ਅੱਜ ਪੰਜਾਬ ਨੂੰ ਖਤਮ ਕਰਨ ਦੇ ਕਿਨਾਰੇ 'ਤੇ ਲਿਆ ਖੜ੍ਹਾ ਕੀਤਾ ਹੈ। ਇਹ ਗੱਲ ਦੁੱਖ ਨਾਲ ਕਹਿਣੀ ਪੈ ਰਹੀ ਹੈ ਕਿ ਕਿਵੇਂ ਬਚਾਂਗੇ ਇਹਨਾਂ ਦੇ ਜਾਲ ਤੋਂ। ਆਓ ਸਾਰੇ ਰਲ ਕੇ ਹੰਭਲਾ ਮਾਰੀਏ ਤੇ ਕੱਢੀਏ ਨੌਜਵਾਨੀ ਨੂੰ ਨਸ਼ਿਆਂ ਦੇ ਜਾਲ ਤੋਂ ਬਾਹਰ, ਫਿਰ ਉਹੀ ਸਮਾਂ ਆ ਜਾਵੇ ਜਿਹੜਾ ਸਾਡੇ ਪੁਰਖਿਆਂ ਦੇ ਸਮੇਂ ਸੀ। ਅਸੀਂ ਸੱਚੀ-ਮੁੱਚੀ ਰੰਗਲੇ ਪੰਜਾਬ ਦੇ ਵਾਸੀ ਬਣ ਜਾਈਏ।

 # ਸੰਪਰਕ : 75891-55501

ਪੱਛਮੀ ਬੰਗਾਲ ਨਾਲ ਕੇਂਦਰ ਦਾ ਵਿਤਕਰਾ

ਮੂਲ : ਅਰਕਮਯ ਦੱਤਾ ਮਜ਼ੂਮਦਾਰ

ਅਨੁਵਾਦ : ਮੋਹਨ ਸਿੰਘ ਔਲਖ

ਆਰਤੀ ਦਾਸ ਆਪਣੇ ਕਮਰੇ ਵਿੱਚ ਪੈਰ ਬਹੁਤ ਧਿਆਨ ਨਾਲ ਰੱਖਦੀ ਹੈ। ਉਹਨੂੰ ਡਰ ਲੱਗਦਾ ਹੈ ਕਿ ਕਿਤੇ ਉਹਦੇ ਦਰਵਾਜ਼ੇ ਦੇ ਕੋਲ ਮਿੱਟੀ ਦੇ ਬਰਤਨ 'ਚ ਰੱਖੇ ਚੌਲਾਂ 'ਤੇ ਨਾ ਲੱਗ ਜਾਣ। ਉਹ ਬਹੁਤ ਮੁਸ਼ਕਲ ਨਾਲ ਇੱਕ ਵਖਤ 'ਤੇ ਭੋਜਨ ਦਾ ਇੰਤਜ਼ਾਮ ਕਰ ਪਾਉਂਦੀ ਹੈ। ਇਸ ਹਾਲਤ ਵਿੱਚ ਇਹ ਥੋੜ੍ਹੇ ਜਿਹੇ ਚੌਲ ਉਹਦੇ ਲਈ ਕਿਸੇ ਵੱਡੀ ਦੌਲਤ ਤੋਂ ਘੱਟ ਨਹੀਂ ਹਨ। ਇਸ 42 ਸਾਲਾ ਔਰਤ ਨੂੰ ਸਿਲਾਈ ਦਾ ਕੰਮ ਲੱਭਣ ਲਈ ਮਜਬੂਰ ਹੋਣਾ ਪਿਆ, ਕਿਉਂਕਿ ਪਿੰਡ ਦੀ ਪੰਚਾਇਤ ਨੇ ਉਹਨੂੰ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜ਼ਗਾਰ ਗਾਰੰਟੀ ਯੋਜਨਾ (ਨਰੇਗਾ) ਤਹਿਤ ਰੁਜ਼ਗਾਰ ਦੇਣਾ ਬੰਦ ਕਰ ਦਿੱਤਾ। ਉਸ ਦਾ 50 ਸਾਲਾ ਪਤੀ ਦਲੀਪ ਕੱਪੜਾ ਫੈਕਟਰੀ ਵਿੱਚ ਕੰਮ ਕਰਦਾ ਹੈ। ਆਰਤੀ ਕਹਿੰਦੀ ਹੈ, "ਪਹਿਲਾਂ ਮੈਂ ਹਰ ਮਹੀਨੇ 3000 ਰੁਪਏ ਕਮਾ ਲੈਂਦੀ ਸੀ, ਪਰ ਹੁਣ ਮੈਨੂੰ 500 ਤੋਂ 1000 ਰੁਪਏ ਵਿੱਚ ਗੁਜ਼ਾਰਾ ਕਰਨਾ ਪੈ ਰਿਹਾ ਹੈ"। ਉੱਤਰ 24 ਪਰਗਨਾ ਜ਼ਿਲ੍ਹੇ ਦੀ ਬਿਲਕੰਡਾ ਪੇਂਡੂ ਪੰਚਾਇਤ ਦਾ ਇਹ ਪਰਵਾਰ ਦਲੀਪ ਦੀ 6000 ਤੋਂ 7000 ਰੁਪਏ ਦੀ ਬਹੁਤ ਥੋੜ੍ਹੀ ਕਮਾਈ 'ਤੇ ਗੁਜ਼ਰ-ਬਸਰ ਕਰਨ ਲਈ ਮਜਬੂਰ ਹੈ।

ਨਰੇਗਾ ਜਾਂ 100 ਦਿਨਾਂ ਨੌਕਰੀ ਦੀ ਗਾਰੰਟੀ ਯੋਜਨਾ ਪੱਛਮੀ ਬੰਗਾਲ ਦੀ ਆਬਾਦੀ ਦੇ ਇੱਕ ਵੱਡੇ ਹਿੱਸੇ ਲਈ ਕਮਾਈ ਦਾ ਸਾਧਨ ਹੈ। ਰਾਜ ਵਿੱਚ ਲੱਗਭੱਗ 1.36 ਕਰੋੜ ਲੋਕਾਂ ਦੇ ਕੋਲ ਮਾਨਤਾ ਪ੍ਰਾਪਤ ਨਰੇਗਾ ਜੌਬ ਕਾਰਡ ਹਨ, ਪਰ ਇਸ ਸਮੇਂ ਉਹਨਾਂ 'ਚੋਂ ਕੇਵਲ 92 ਲੱਖ ਕਾਰਡ ਹੀ ਚਾਲੂ ਹਨ। ਇਸ ਦਾ ਮਤਲਬ ਹੈ ਕਿ ਘੱਟ ਤੋਂ ਘੱਟ ਇੰਨੇ ਲੋਕ ਆਪਣੀ ਆਜੀਵਕਾ ਲਈ ਇਸ ਯੋਜਨਾ 'ਤੇ ਨਿਰਭਰ ਹਨ, ਪਰ ਕੇਂਦਰ ਸਰਕਾਰ ਨੇ ਨਰੇਗਾ ਤਹਿਤ ਦਸੰਬਰ 2021 ਤੱਕ ਕਮਾਏ ਪੈਸਿਆਂ 'ਤੇ ਰੋਕ ਲਾ ਦਿੱਤੀ ਹੈ। ਕੇਂਦਰ ਨੇ 9 ਮਾਰਚ 2022 ਤੋਂ ਜਦੋਂ ਤੋਂ ਰਾਜ ਵਿੱਚ ਨਰੇਗਾ ਐਕਟ ਦੀ ਦੰਡਾਤਮਕ ਧਾਰਾ 27 (ਜੋ ਬੇਨਿਯਮੀਆਂ ਦੀ ਸਥਿਤੀ ਵਿੱਚ ਪੈਸੇ ਨੂੰ ਰੋਕਣ ਦੀ ਵਿਵਸਥਾ ਦਿੰਦਾ ਹੈ) ਨੂੰ ਲਾਗੂ ਕੀਤਾ ਹੈ, ਉਦੋਂ ਤੋਂ ਕੰਮ ਲਈ ਵੀ ਇੱਕ ਵੀ ਨਵਾਂ ਦਿਨ ਨਿਰਧਾਰਤ ਨਹੀਂ ਕੀਤਾ ਗਿਆ। ਆਰਤੀ ਉਹਨਾਂ 21 ਲੱਖ ਲੋਕਾਂ 'ਚੋਂ ਇੱਕ ਹੈ, ਜਿਸ ਨੂੰ ਦਸੰਬਰ 2021 ਤੱਕ ਕੀਤੇ ਗਏ ਕੰਮਾਂ ਦੇ ਆਖਰੀ ਪੜਾਅ ਦਾ ਭੁਗਤਾਨ ਅਜੇ ਤੱਕ ਨਹੀਂ ਹੋਇਆ। ਬੰਗਾਲ ਵਿੱਚ ਨਰੇਗਾ ਮਜ਼ਦੂਰੀ ਦੇ ਰੂਪ ਵਿੱਚ ਸ਼ੁੱਧ ਧਨ ਰਾਸ਼ੀ 3732 ਕਰੋੜ ਰੁਪਏ ਹੈ, ਪਰ ਜੇ ਗ਼ੈਰ ਵੇਤਨ ਭੁਗਤਾਨ ਨੂੰ ਜੋੜ ਲਿਆ ਜਾਵੇ ਤਾਂ ਇਹ ਰਾਸ਼ੀ ਦੁੱਗਣੀ ਹੋ ਕੇ 6907 ਕਰੋੜ ਰੁਪਏ ਹੋ ਜਾਂਦੀ ਹੈ। ਰੁਜ਼ਗਾਰ ਦੇ ਲਈ ਕੇਂਦਰ ਦੀ ਇਸ ਯੋਜਨਾ ਵਾਸਤੇ ਮਜ਼ਦੂਰੀ ਦਾ ਭੁਗਤਾਨ ਨਾ ਹੋਣ ਕਰਕੇ ਵੱਡੇ ਪੈਮਾਨੇ 'ਤੇ ਲੋਕ ਬੇਰੁਜ਼ਗਾਰ ਹੋ ਗਏ। ਹਜ਼ਾਰਾਂ ਲੋਕ ਗਰੀਬੀ ਵਿੱਚ ਫਸ ਗਏ ਅਤੇ ਸਿੱਟੇ ਵਜੋਂ ਵੱਡੇ ਪੈਮਾਨੇ 'ਤੇ ਰਾਜ ਵਿੱਚੋਂ ਪਲਾਇਨ ਹੋਇਆ ਹੈ।

ਕੇਂਦਰ ਨੇ ਇਸ ਕਾਰਵਾਈ ਦੇ ਪਿੱਛੇ ਵੱਡਾ ਕਾਰਨ ਰਾਜ ਸਰਕਾਰ ਵੱਲੋਂ ਕੀਤੀ ਗਈ ਨਰੇਗਾ ਫੰਡ ਦੀ ਦੁਰਵਰਤੋਂ ਦੱਸਿਆ ਹੈ। ਜੁਲਾਈ 2021 ਤੋਂ 16 ਕੇਂਦਰੀ ਟੀਮਾਂ ਨੇ ਨਰੇਗਾ ਨਾਲ ਸੰਬੰਧਤ ਦੋਸ਼ਾਂ ਦੀ ਜਾਂਚ ਲਈ ਬੰਗਾਲ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕੀਤਾ। ਉਹਨਾਂ ਨੇ ਕਥਿਤ ਘੁਟਾਲੇ, ਕਿਰਾਏ ਦੇ ਕੰਮਾਂ ਅਤੇ ਮਜ਼ਦੂਰਾਂ ਦੀ ਸੂਚੀ ਵਿੱਚ ਗੜਬੜ ਅਤੇ ਹੋਰ ਬੇਨਿਯਮੀਆਂ ਦੇ ਸਬੂਤ ਇਕੱਠੇ ਕੀਤੇ ਹਨ।

ਰਾਜ ਸਰਕਾਰ ਦੇ ਪ੍ਰਮੁੱਖ ਅਧਿਕਾਰੀ ਸਵੀਕਾਰ ਕਰਦੇ ਹੋਏ ਕਹਿੰਦੇ ਹਨ ਕਿ ਉਹਨਾਂ ਤੋਂ ਕੁਝ ਗਲਤੀਆਂ ਹੋਈਆਂ ਹਨ, ਪਰ ਉਹ ਇਹ ਵੀ ਦਾਅਵਾ ਕਰਦੇ ਹਨ ਕਿ ਕੇਂਦਰ ਦੇ ਨਿਰਦੇਸ਼ਾਂ ਅਨੁਸਾਰ ਸਭ ਠੀਕ ਕਰ ਲਿਆ ਗਿਆ। ਸਰਕਾਰ ਨੇ ਜੋ ਕਾਰਵਾਈ ਕੀਤੀ, ਉਸ ਦੀ ਰਿਪੋਰਟ ਵੀ ਕੇਂਦਰ ਨੂੰ ਭੇਜੀ ਗਈ ਅਤੇ ਅਫਸਰਸ਼ਾਹੀ ਤੇ ਮੰਤਰੀ ਪੱਧਰ 'ਤੇ ਵੀ ਇਸ ਨੂੰ ਵਾਚਿਆ ਗਿਆ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਰਾਜ ਪੰਚਾਇਤ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਕਹਿੰਦੇ ਹਨ, "ਪਰ ਸਾਨੂੰ ਅਜੇ ਵੀ ਨਹੀਂ ਪਤਾ ਕਿ ਸਭ ਦੁਬਾਰਾ ਕਦੋਂ ਸ਼ੁਰੂ ਹੋਵੇਗਾ"?

ਇੱਕ ਹੋਰ ਪ੍ਰਮੁੱਖ ਕੇਂਦਰੀ ਯੋਜਨਾ ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣਜੋ ਸਸਤੇ ਰਹਿਣ ਬਸੇਰੇ ਦੇ ਲਈ ਧਨ ਰਾਸ਼ੀ ਮੁਹੱਈਆ ਕਰਵਾਉਂਦੀ ਹੈ, ਦੇ ਤਹਿਤ ਦਿੱਤੀ ਜਾਣ ਵਾਲੀ ਧਨ ਰਾਸ਼ੀ ਵੀ ਟੀ.ਐੱਮ.ਸੀ ਪ੍ਰਸ਼ਾਸਨ ਦੇ ਖਿਲਾਫ਼ ਕੇਂਦਰ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਵਿਚਾਲੇ ਰੋਕ ਦਿੱਤੀ ਗਈ ਹੈ।

ਨਰੇਗਾ ਤੇ ਰਾਜਨੀਤੀ

ਨਰੇਗਾ ਫੰਡ ਦੇ ਮੁੱਦੇ ਦਾ ਲੰਮੇ ਸਮੇਂ ਤੋਂ ਰਾਜਨੀਤੀਕਰਨ ਹੋ ਰਿਹਾ ਹੈ। ਟੀ.ਐੱਮ.ਸੀ. ਨੇ ਦੋਸ਼ ਲਾਏ ਹਨ ਕਿ ਕੇਂਦਰ ਬਦਲੇ ਦੀ ਰਾਜਨੀਤੀ ਤਹਿਤ ਫੰਡ ਨੂੰ ਰੋਕ ਰਿਹਾ ਹੈ ਅਤੇ ਇੱਕ ਤਰ੍ਹਾਂ ਨਾਲ ਰਾਜ ਦੀ ਆਰਥਿਕ ਨਾਕਾਬੰਦੀ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁੱਖ ਵਿਰੋਧੀ ਦਲ ਭਾਜਪਾ ਇਹ ਕਹਿੰਦੇ ਹੋਏ ਪਲਟਵਾਰ ਕਰ ਰਹੀ ਹੈ ਕਿ ਰਾਜ ਸਰਕਾਰ ਵੱਲੋਂ ਵੱਡੇ ਪੈਮਾਨੇ 'ਤੇ ਕੀਤੇ ਗਏ ਭ੍ਰਿਸ਼ਟਾਚਾਰ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਵਿਧਾਨ ਸਭਾ ਵਿੱਚ ਵਿਰੋਧੀ ਦਲ ਦੇ ਨੇਤਾ, ਭਾਜਪਾ ਵਿਧਾਇਕ ਸੁਵੇਂਦੂ ਅਧਿਕਾਰੀ ਇੱਕ ਮੁੱਖ ਸ਼ਿਕਾਇਤਕਰਤਾ ਸਨ, ਉਹਨਾਂ ਨੇ 2022 ਵਿੱਚ ਕੇਂਦਰੀ ਪੇਂਡੂ ਵਿਕਾਸ ਮੰਤਰੀ ਗਿਰੀਰਾਜ ਸਿੰਘ ਨੂੰ ਕਈ ਵਾਰ ਪੱਤਰ ਲਿਖਿਆ, ਜਿਸ ਵਿੱਚ ਦੋਸ਼ ਲਾਏ ਗਏ ਕਿ ਕੇਂਦਰ ਵੱਲ ਬਕਾਏ ਦੀ ਰਕਮ ਨੂੰ ਗਲਤ ਤਰੀਕੇ ਨਾਲ ਵਧਾ-ਚੜ੍ਹਾ ਕੇ ਦਿਖਾਉਣ ਲਈ ਫਰਜ਼ੀ ਨਰੇਗਾ ਜੌਬ ਕਾਰਡ ਬਣਾਏ ਗਏ ਅਤੇ ਨਰੇਗਾ ਦੇ ਭੁਗਤਾਨ ਦਾ ਕੁਝ ਹਿੱਸਾ ਟੀ.ਐੱਮ.ਸੀ. ਨੇਤਾ ਛਕ-ਛਕਾ ਗਏ ਹਨ।

ਇਸ ਮਾਮਲੇ ਨੂੰ ਵਾਰ-ਵਾਰ ਉਠਾਉਣ ਦੇ ਬਾਅਦ ਵੀ ਕੇਂਦਰ ਤੋਂ ਕੋਈ ਸਾਕਾਰਾਤਮਕ ਪ੍ਰਤੀਕਿਰਿਆ ਨਹੀਂ ਮਿਲੀ ਤਾਂ ਟੀ.ਐੱਮ.ਸੀ. ਨੇ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਨਰੇਗਾ ਅਤੇ ਦੇ ਫੰਡ ਰੋਕੇ ਜਾਣ ਨੂੰ ਭਾਜਪਾ ਦੇ ਖਿਲਾਫ਼ ਇੱਕ ਹਥਿਆਰ ਬਣਾਉਣ ਦਾ ਫੈਸਲਾ ਕੀਤਾ। ਜਿਵੇਂ ਉਹਨਾਂ ਨੇ ਪਹਿਲਾਂ ਜੁਲਾਈ ਵਿੱਚ ਪੰਚਾਇਤੀ ਚੋਣਾਂ ਵੇਲੇ ਕੀਤਾ ਸੀ। 2 ਅਤੇ 3 ਅਕਤੂਬਰ ਨੂੰ ਟੀ.ਐੱਮ.ਸੀ. ਦੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ, ਸਾਂਸਦਾਂ, ਵਿਧਾਇਕਾਂ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਮੁਖੀਆਂ ਦੇ ਇੱਕ ਦਲ ਸਮੇਤ ਦਿੱਲੀ ਵਿੱਚ ਸਨ। ਉਹਨਾਂ ਨੇ ਫੰਡ ਜਾਰੀ ਕਰਨ ਦੀ ਮੰਗ ਕਰਦੇ ਹੋਏ 2 ਅਕਤੂਬਰ ਨੂੰ ਧਰਨਾ/ਪ੍ਰਦਰਸ਼ਨ ਵੀ ਕੀਤਾ। ਬਾਅਦ ਵਿੱਚ ਪੁਲਸ ਨੇ ਉਹਨਾਂ ਨੂੰ ਜਬਰੀ ਉਥੋਂ ਹਟਾ ਦਿੱਤਾ। ਉਹਨਾਂ ਨੇ ਜੰਤਰ-ਮੰਤਰ 'ਤੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਫਿਰ ਕੇਂਦਰੀ ਪੇਂਡੂ ਵਿਕਾਸ ਰਾਜ ਮੰਤਰੀ ਸਾਧਵੀ ਨਿਰੰਜਨ ਜੋਤੀ ਨੂੰ ਮਿਲਣ ਦਾ ਸਮਾਂ ਮੰਗਿਆ, ਜੋ ਉਹਨਾਂ ਨੂੰ ਨਹੀਂ ਮਿਲਿਆ। ਉੱਥੇ ਹੀ ਗਿਰੀਰਾਜ ਸਿੰਘ ਨੇ ਕਿਹਾ ਕਿ ਬੰਗਾਲ ਵਿੱਚ ਸਮਾਜਿਕ ਯੋਜਨਾਵਾਂ ਦੇ ਕਥਿਤ ਫੰਡ ਘੁਟਾਲੇ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਉਸੇ ਦਿਨ ਸਾਧਵੀ ਜੋਤੀ ਨੂੰ ਮਿਲਣ ਵਾਲੇ ਸੁਵੇਂਦੂ ਅਧਿਕਾਰੀ ਨੇ ਕਿਹਾ, "ਮੈਂ ਰਾਜ ਮੰਤਰੀ ਜੀ ਤੋਂ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਫਰਜ਼ੀ ਜੌਬ ਕਾਰਡ ਧਾਰਕਾਂ ਨੇ ਟੀ.ਐੱਮ.ਸੀ. ਨੇਤਾਵਾਂ ਅਤੇ ਨੌਕਰਸ਼ਾਹੀ ਨੇ ਇੱਕ ਸਾਜ਼ਿਸ਼ ਤਹਿਤ ਪਿਛਲੇ 9 ਸਾਲਾਂ ਤੋਂ ਕੇਂਦਰ ਵੱਲੋਂ ਬੰਗਾਲ ਨੂੰ ਭੇਜੇ ਗਏ 54150 ਕਰੋੜ ਰੁਪਏ 'ਚੋਂ 5000 ਤੋਂ 7000 ਕਰੋੜ ਰੁਪਏ ਹੜੱਪ ਲਏ ਹਨ"।

ਦੂਜੇ ਪਾਸੇ ਇਹ ਪੁੱਛੇ ਜਾਣ 'ਤੇ ਕਿ ਉਹਨਾਂ ਦਾ ਬਕਾਇਆ ਕਿਉਂ ਨਹੀਂ ਮਿਲ ਰਿਹਾ, ਆਰਤੀ ਕਹਿੰਦੀ ਹੈ, "ਮੈਨੂੰ ਬਸ ਏਨਾ ਪਤਾ ਹੈ ਕਿ ਇਹ ਇੱਕ ਰਾਜਨੀਤਕ ਝਗੜਾ ਹੈ ਤੇ ਅਸੀਂ ਇਸ ਦੇ ਬੋਝ ਥੱਲੇ ਦਬਦੇ ਜਾ ਰਹੇ ਹਾਂ।"

ਪੀ.ਐੱਮ.ਏ.ਵਾਈ.-ਜੀ. ਦੀ ਉਲਝਣ

ਆਰਤੀ ਦੇ ਗਵਾਂਢੀ 54 ਸਾਲਾ ਰਮੇਸ਼ ਮੰਡਲ ਇਸ ਗੱਲ ਤੋਂ ਚਿੰਤਤ ਹਨ ਕਿ ਪੀ.ਐੱਮ.ਏ.ਵਾਈ.-ਜੀ ਦੇ ਤਹਿਤ ਮਿਲਣ ਵਾਲਾ ਪੈਸਾ ਉਹਨਾਂ ਦੇ ਬੈਂਕ ਖਾਤੇ ਵਿੱਚ ਕਦੋਂ ਜਮ੍ਹਾਂ ਹੋਏਗਾ। ਰਮੇਸ਼ ਵੀ ਨਰੇਗਾ ਦੇ ਕੰਮ ਤੋਂ ਆਪਣਾ ਘਰ ਚਲਾਉਂਦੇ ਸਨ ਅਤੇ ਨਾਲ ਹੀ ਹੋਰ ਖਰਚੇ ਚਲਾਉਣ ਲਈ ਆਟੋ-ਰਿਕਸ਼ਾ ਚਲਾਉਂਦੇ ਸਨ। ਰਮੇਸ਼ ਕਹਿੰਦੇ ਹਨ, "ਮੈਂ ਆਪਣੇ ਬੇਟੇ ਦੇ ਘਰ ਵਿੱਚ ਰਹਿੰਦਾ ਹਾਂ, ਮੈਂ ਉਸ 'ਤੇ ਬੋਝ ਨਹੀਂ ਬਣਨਾ ਚਾਹੁੰਦਾ, ਇਸ ਲਈ ਮੈਨੂੰ ਆਪਣੇ ਘਰ ਦੀ ਜ਼ਰੂਰਤ ਹੈ।"

ਕੇਂਦਰ ਸਰਕਾਰ ਨੇ ਨਵੰਬਰ-ਦਸੰਬਰ 2022 ਤੋਂ ਪੀ.ਐੱਮ.ਏ.ਵਾਈ. ਜੀ ਦੇ ਤਹਿਤ ਬੰਗਾਲ ਨੂੰ ਕੀਤਾ ਜਾਣ ਵਾਲਾ ਭੁਗਤਾਨ ਰੋਕ ਦਿੱਤਾ। ਫੇਰ ਵੀ ਇਸ ਦੇ ਦੌਰਾਨ ਉਸ ਨੇ ਰਾਜ ਨੂੰ 11,36,488 ਨਵੇਂ ਘਰਾਂ ਲਈ ਮਨਜ਼ੂਰੀ ਦੇ ਦਿੱਤੀ ਸੀ। ਰਾਜ ਨੇ 11,01,742 ਘਰਾਂ ਦੀ ਸੂਚੀ ਨੂੰ ਅੰਤਿਮ ਰੂਪ ਦਿੱਤਾ। ਰਾਜ ਪੰਚਾਇਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਪੀ.ਐੱਮ.ਏ.ਵਾਈ.-ਜੀ ਤਹਿਤ ਬੰਗਾਲ ਨੂੰ 8141.17 ਕਰੋੜ ਰੁਪਏ ਦਾ ਕੇਂਦਰ ਸਰਕਾਰ ਵੱਲ ਬਕਾਇਆ ਖੜ੍ਹਾ ਹੈ। ਇਸ ਉਮੀਦ ਨਾਲ ਕਿ ਕੇਂਦਰ ਆਪਣੇ ਹਿੱਸੇ ਦਾ ਪੈਸਾ ਜਾਰੀ ਕਰੇਗਾ। ਰਾਜ ਨੇ ਲੱਗਭੱਗ 133 ਕਰੋੜ ਰੁਪਏ ਜਾਰੀ ਕਰ ਦਿੱਤੇ। ਜੋ ਇਸ ਦੇ ਕੁੱਲ ਅਨੁਮਾਨਿਤ ਯੋਗਦਾਨ 5427 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਹੈ। ਇਸ ਸਕੀਮ ਦਾ ਖਰਚ ਕੇਂਦਰ ਅਤੇ ਰਾਜ 60:40 ਦੇ ਅਨੁਪਾਤ ਵਿੱਚ ਆਪੋ ਵਿੱਚ ਵੰਡ ਲੈਂਦਾ ਹੈ। ਬੰਗਾਲ ਵਿੱਚ ਇਸ ਯੋਜਨਾ ਵਿੱਚ ਬੇਨਿਯਮੀਆਂ ਨੂੰ ਲੈ ਕੇ ਕੇਂਦਰ ਦੇ ਦੋ ਮੁੱਖ ਦੋਸ਼ ਸਨ। ਪਹਿਲਾ ਉਹਨਾਂ ਨੇ ਦੋਸ਼ ਲਾਇਆ ਕਿ ਘਰ ਅਜਿਹੇ ਲੋਕਾਂ ਨੂੰ ਦਿੱਤੇ ਗਏ ਹਨ, ਜੋ ਇਸ ਦੇ ਯੋਗ ਨਹੀਂ, ਜਦਕਿ ਯੋਗ ਲੋਕਾਂ ਦੇ ਨਾਂਅ ਇਸ ਸੂਚੀ ਚੋਂ ਹਟਾ ਦਿੱਤੇ ਗਏ ਹਨ। ਕੇਂਦਰ ਨੂੰ ਦੂਜੀ ਪਰੇਸ਼ਾਨੀ ਇਸ ਯੋਜਨਾ ਦੇ ਨਾਮ ਬਦਲਣ ਤੋਂ ਵੀ ਹੈ। ਰਾਜ ਨੇ ਇਸਦਾ ਨਾਮ ਬਦਲ ਕੇ ਬਾਂਗਲਾਰ ਬਾਰੀ ਆਵਾਸ ਯੋਜਨਾ ਕਰ ਦਿੱਤਾ ਹੈਅਤੇ ਇਹ ਪੀ.ਐੱਮ.ਏ.ਵਾਈ.-ਜੀ ਦੇ ਲੋਗੋ ਦੀ ਵਰਤੋਂ ਕਰਨ ਨੂੰ ਤਿਆਰ ਨਹੀਂ ਹੈ।

ਪਿਛਲੇ ਇੱਕ ਸਾਲ ਵਿੱਚ ਇਸ ਸਕੀਮ ਅਧੀਨ ਲੱਗੇ ਦੋਸ਼ਾਂ ਦੀ ਜਾਂਚ ਲਈ 69 ਕੇਂਦਰੀ ਟੀਮਾਂ ਨੇ ਬੰਗਾਲ ਦਾ ਦੌਰਾ ਕੀਤਾ ਹੈ। ਪਿਛਲੀਆਂ 10 ਟੀਮਾਂ ਦੀ ਅਗਵਾਈ ਸੰਯੁਕਤ ਸਕੱਤਰ ਰੈਂਕ ਦੇ ਅਧਿਕਾਰੀਆਂ ਨੇ ਕੀਤੀ ਸੀ, ਜਿਹਨਾਂ ਨੇ 9 ਤੋਂ 16 ਅਪ੍ਰੈਲ 2023 ਤੱਕ ਜਾਂਚ ਕੀਤੀ। ਜਾਂਚ ਟੀਮਾਂ ਦੇ ਨਤੀਜਿਆਂ ਨੂੰ ਦੇਖਦੇ ਹੋਏ ਰਾਜ ਸਰਕਾਰ ਜਾਂਚ ਕਰਵਾਉਣ ਲਈ ਮਜਬੂਰ ਹੋਈ ਅਤੇ ਉਸ ਨੇ ਦਸੰਬਰ 2022 ਵਿੱਚ ਉਹਨਾਂ ਨੇ ਸਵੀਕਾਰ ਵੀ ਕੀਤਾ ਕਿ 17 ਲੱਖ ਅਯੋਗ ਵਿਅਕਤੀਆਂ ਦੇ ਨਾਂਅ ਪੀ.ਐੱਮ.ਏ.ਵਾਈ. ਲਾਭਪਾਤਰੀ ਸੂਚੀ ਵਿੱਚ ਸ਼ਾਮਲ ਹੋ ਗਏ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਅਯੋਗ ਇਸ ਲਈ ਹੋ ਗਏ, ਕਿਉਂਕਿ 2022 ਤੱਕ ਉਹਨਾਂ ਲਾਭਪਾਤਰੀਆਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਹੋ ਗਿਆ ਸੀ।

ਰਾਜ ਦੇ ਇੱਕ ਅਧਿਕਾਰੀ ਦਾ ਕਹਿਣਾ ਹੈ, "ਅਸੀਂ ਨਿਰਦੇਸ਼ਾਂ ਅਨੁਸਾਰ ਸੁਧਾਰ ਕੀਤਾ ਹੈ ਅਤੇ ਐੱਫ.ਆਈ.ਆਰ. ਦਰਜ ਕੀਤੀ ਹੈ। ਪਿਛਲੀਆਂ 10 ਟੀਮਾਂ ਨੇ ਸਾਨੂੰ ਕੋਈ ਰਿਪੋਰਟ ਨਹੀਂ ਭੇਜੀ, ਇਸ ਕਰਕੇ ਕੋਈ ਇਹ ਕਹਿ ਸਕਦਾ ਹੈ ਕਿ ਉਹਨਾਂ ਨੂੰ ਕੁਝ ਵੀ ਗਲਤ ਨਹੀਂ ਮਿਲਿਆ"।

ਟੀ.ਐੱਮ.ਸੀ. ਦੇ ਰਾਜ ਸਭਾ ਸਾਂਸਦ ਸੁਖੇਂਦੂ ਸ਼ੇਖਰ ਰੇਅ ਦੇ ਅਨੁਸਾਰ ਨਰੇਗਾ ਅਤੇ ਪੀ.ਐੱਮ.ਏ.ਵਾਈ.-ਜੀ ਦੋਵਾਂ ਵਿੱਚ ਕੇਂਦਰੀ ਜਾਂਚ ਟੀਮਾਂ ਵੱਲੋਂ ਦੱਸੀਆਂ ਗਈਆਂ ਕਮੀਆਂ ਨੂੰ ਦੂਰ ਕਰ ਲਿਆ ਗਿਆ ਹੈ, ਪਰ ਧਨ ਰਾਸ਼ੀ ਅਜੇ ਵੀ ਜਾਰੀ ਨਹੀਂ ਕੀਤੀ ਗਈ। ਉਹਨਾਂ ਦਾ ਕਹਿਣਾ ਹੈ, "ਨਿਸ਼ਚਿਤ ਰੂਪ ਵਿੱਚ ਇਹ ਸਭ ਰਾਜ ਭਾਜਪਾ ਇਕਾਈ ਦੇ ਬੇਬੁਨਿਆਦ ਦੋਸ਼ਾਂ ਨੂੰ ਸਹੀ ਠਹਿਰਾਉਣ ਅਤੇ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਦੀ ਆਰਥਿਕ ਨਾਕਾਬੰਦੀ ਦੇ ਮਕਸਦ ਨਾਲ ਕੀਤਾ ਜਾ ਰਿਹਾ ਹੈ।"

 # ਸੰਪਰਕ : 98764-10867

CMYK

12-OCT-PAGE-5.qxd 10/11/2023 10:23 PM Page 1

ਥਾਣਾ ਸਦਰ ਨੇੜੇ ਕੂੜੇ ਦੇ ਢੇਰਾਂ ਨੂੰ ਲੈ ਕੇ ਲੋਕਾਂ ਨੇ ਲਾਇਆ ਜਾਮ

ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਟਿੱਬੀ ਸਾਹਿਬ ਰੋਡ ਸਥਿਤ ਥਾਣਾ ਸਦਰ ਦੇ ਨੇੜੇ ਲੰਮੇ ਸਮੇਂ ਤੋਂ ਲੱਗੇ ਕੂੜੇ ਦੇ ਢੇਰਾਂ ਦੇ ਚੱਲਦਿਆਂ ਭੜਕੇ ਲੋਕਾਂ ਨੇ ਬੁੱਧਵਾਰ ਦੀ ਸਵੇਰ ਲਗਭਗ ਨੌਂ ਵਜੇ ਧਰਨਾ ਲਾ ਦਿੱਤਾ। ਦੁਕਾਨਦਾਰਾਂ ਵੱਲੋਂ ਟ੍ਰੈਕਟਰ-ਟਰਾਲੀਆਂ ਤੇ ਹੋਰ ਸਮਾਨ ਰੱਖ ਕੇ ਰੋਡ ਨੂੰ ਪੂਰੀ ਤਰ੍ਹਾਂ ਜਾਮ ਲਾ ਦਿੱਤਾ ਗਿਆ, ਜਿਸਦੇ ਚੱਲਦਿਆਂ ਰਾਹਗੀਰ ਵੀ ਪ੍ਰੇਸ਼ਾਨ ਹੁੰਦੇ ਰਹੇ।

ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਸ ਰੋਡ 'ਤੇ ਥਾਣਾ ਸਦਰ ਦੇ ਨੇੜੇ ਸਥਿਤ ਸਿਹਤ ਡਿਸਪੈਂਸਰੀ ਕੋਲ ਰੋਡ 'ਤੇ ਹੀ ਲੰਮੇ ਸਮੇਂ ਤੋਂ ਕੂੜੇ ਦੇ ਢੇਰ ਲੱਗੇ ਪਏ ਨੇ, ਜਿਸ ਕਰਕੇ ਹਰ ਵੇਲੇ ਬਦਬੂ ਆਉਂਦੀ ਰਹਿੰਦੀ ਹੈ। ਇਸ ਨਾਲ ਦੁਕਾਨ 'ਤੇ ਬੈਠਣਾਂ ਤਾ ਦੁੱਭਰ ਹੋ ਹੀ ਗਿਆ ਹੈ, ਉੱਥੇ ਹੀ ਬਿਮਾਰੀਆਂ ਦਾ ਡਰ ਫੈਲਿਆ ਹੋਇਆ ਹੈ। ਬਰਸਾਤੀ ਮੌਸਮ ਦੌਰਾਨ ਤਾਂ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ ਤੇ ਹਹੇਰੀ ਚੱਲਣ ਤੇ ਤਾਂ ਰੂੜੀ ਦਾ ਸਾਰਾ ਗੰਦ ਤੇ ਲਿਫ਼ਾਫ਼ੇ ਉੱਡ ਉਡ ਕੇ ਦੁਕਾਨਾਂ ਅੰਦਰ ਆ ਜਾਂਦੇ ਨੇ।

ਇਹੀ ਨਹੀਂ ਸਿਹਤ ਡਿਸਪੈਂਸਰੀ 'ਚ ਬੱਚਿਆਂ ਦੇ ਟੀਕਾਕਰਣ ਲਈ ਆਉਣ ਵਾਲੇ ਲੋਕਾਂ ਨੂੰ ਵੀ ਦਿੱਕਤਾਂ ਆਉਂਦੀਆਂ ਨੇ। ਧਰਨੇ ਦੌਰਾਨ ਤਾਂ ਮੌਕੇ ਤੇ ਡਿਸਪੈਂਸਰੀ 'ਚੋਂ ਬੱਚਿਆਂ ਦਾ ਟੀਕਾਕਰਣ ਕਰਾ ਕੇ ਲੋਕ ਕੂੜੇ ਦੇ ਢੇਰਾਂ ਤੋਂ ਲੰਘਦੇ ਦਿਖਾਈ ਦਿੱਤੇ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਨਗਰ ਕੌਂਸਲ ਅਧਿਕਾਰੀਆਂ ਤੇ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ। ਉਧਰ ਜਾਮ ਦੇ ਚੱਲਦਿਆਂ ਥਾਣਾ ਸਿਟੀ ਦੇ ਪ੍ਰਭਾਰੀ ਵਰੁਣ ਕੁਮਾਰ ਮੱਟੂ ਤੇ ਨਗਰ ਕੌਂਸਲ ਦੇ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਚੁੱਕੇ ਸਨ ਤੇ ਪ੍ਰਦਰਸ਼ਨਕਾਰੀਆਂ ਨੂੰ ਸਮਝਾ ਕੇ ਜਾਮ ਖੁਲ੍ਹਵਾਇਆ। ਇਸ ਦੌਰਾਨ ਲਗਭਗ ਦੋ ਘੰਟਾ ਰਾਹਗੀਰ ਪ੍ਰੇਸ਼ਾਨ ਹੁੰਦੇ ਰਹੇ।

ਨਗਰ ਕੌਂਸਲ ਦੇ ਮੌਕੇ 'ਤੇ ਪਹੁੰਚੇ ਸੁਪਰਡੈਂਟ ਵੀਰਪਾਲ ਸਿੰਘ ਨੇ ਕਿਹਾ ਕਿ ਕੂੜੇ ਦੇ ਢੇਰਾਂ ਲਈ ਲੋਕ ਵੀ ਜ਼ਿੰਮੇਵਾਰ ਨੇ। ਨੇੜੇ ਦੇ ਰਹਿਣ ਵਾਲੇ ਲੋਕ ਹੀ ਇੱਥੇ ਕੂੜਾ ਸੁੱਟਦੇ ਨੇ। ਨਗਰ ਕੌਂਸਲ ਵੱਲੋਂ ਜਲਦੀ ਸੀਸੀਟੀਵੀ ਕੈਮਰੇ ਲਾਏ ਜਾਣਗੇ, ਤਾਂ ਜੁ ਕੂੜਾ ਸੁੱਟਣ ਆਉਣ ਵਾਲੇ ਲੋਕਾਂ 'ਤੇ ਨਜ਼ਰ ਰਹੇ।

ਡੀ ਏ ਵੀ ਕਾਲਜ ਵਿਖੇ 'ਮੇਰੀ ਮਾਟੀ' ਮੇਰਾ ਦੇਸ਼' ਮੁਹਿੰਮ ਦਾ ਆਯੋਜਨ

ਮਲੋਟ, (ਗੁਰਮੀਤ ਸਿੰਘ ਮੱਕੜ) ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸ਼੍ਰੀ ਸੁਭਾਸ਼ ਗੁਪਤਾ ਦੀ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ. ਵਿਭਾਗ ਨੇ ਨਗਰ ਕੌਂਸਲ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਵਿੱਚ ਹਿੱਸਾ ਲਿਆ।

ਮੁਹਿੰਮ ਦਾ ਉਦੇਸ਼ ਹੈ ਪਿੰਡ ਦੇ ਇੱਕ ਆਮ ਵਿਅਕਤੀ ਨੂੰ ਦੇਸ਼ ਦੀ ਮਿੱਟੀ ਦੇ ਮਹੱਤਵ ਨੂੰ ਦੱਸਦੇ ਹੋਏ ਦੇਸ਼ ਦੀ ਮਿੱਟੀ ਨਾਲ ਜੋੜਨਾ, ਇਹ ਅਭਿਆਨ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਬਣਾਏ ਰੱਖਣ ਲਈ ਸ਼ੁਰੂ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਕਾਲਜ ਦੇ ਵਿਦਿਆਰਥੀਆਂ ਵੱਲੋਂ ਪ੍ਰਣ ਲਿਆ ਗਿਆ ਕਿ ਅਸੀਂ ਇੱਕ ਚੰਗੇ ਨਾਗਰਿਕ ਹੋਣ ਦਾ ਕਰਤੱਵ ਨਿਭਾਵਾਂਗੇ। ਭਾਰਤ ਨੂੰ 2047 ਤੱਕ ਆਤਮ ਨਿਰਭਰ ਅਤੇ ਵਿਕਸਿਤ ਬਣਾਉਣ ਵਾਲੇ ਸੁਪਨੇ ਨੂੰ ਸਾਕਾਰ ਕਰਾਂਗੇ। ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਦ੍ਰਿੜ੍ਹ ਕਰਾਂਗੇ ਤੇ ਦੇਸ਼ ਦੀ ਰੱਖਿਆ ਕਰਨ ਵਾਲੇ ਬਹਾਦਰ ਸੈਨਿਕਾਂ ਦਾ ਸਨਮਾਨ ਕਰਾਂਗੇ, ਜੈ ਹਿੰਦ। ਇਸ ਤੋਂ ਬਾਅਦ ਸ਼ਹੀਦਾਂ ਦੇ ਸਨਮਾਨ ਵਿਚ ਇੱਕ ਕਲਸ਼ ਯਾਤਰਾ ਕੱਢੀ ਗਈ, ਜਿਸ 'ਚ ਐਨ.ਐਸ.ਐਸ. ਵਲੰਟੀਅਰਾਂ ਨੇ ਕਲਸ਼ ਨੂੰ ਮਿੱਟੀ ਨਾਲ ਭਰਿਆ ਅਤੇ ਦਿੱਲੀ ਰਵਾਨਾ ਕਰਨ ਲਈ ਨਗਰ ਨਿਗਮ ਨੂੰ ਸੌਂਪ ਦਿੱਤਾ। ਇਸ ਮੌਕੇ ਨਗਰ ਕੌਂਸਲ ਮਲੋਟ ਵੱਲੋਂ ਪ੍ਰਿੰਸ ਬਾਂਸਲ ਤੇ ਵਰਿੰਦਰ ਦੇ ਇਲਾਵਾ ਕਾਲਜ ਦੇ ਐਨ.ਐਸ.ਐਸ. ਯੂਨਿਟ ਅਫ਼ਸਰ ਡਾ. ਜਸਬੀਰ ਕੌਰ ਤੇ ਡਾ. ਵਿਨੀਤ ਕੁਮਾਰ ਸਮੇਤ ਸ਼ੁਦੇਸ਼ ਗਰੋਵਰ, ਮੈਡਮ ਇਕਬਾਲ ਕੌਰ, ਸਾਹਿਲ ਗੁਲਾਟੀ ਤੇ ਮੈਡਮ ਭੁਪਿੰਦਰ ਕੌਰ ਹਾਜ਼ਰ ਸੀ।

ਪਰਾਲੀ ਕੁਦਰਤ ਦਾ ਅਨਮੋਲ ਖ਼ਜ਼ਾਨਾ, ਇਸ ਨੂੰ ਖੇਤ 'ਚ ਜਜ਼ਬ ਕਰੋ : ਬੁੱਟਰ

ਸਮਰਾਲਾ, (ਸੁਰਜੀਤ ਸਿੰਘ) ਝੋਨੇ ਦੀ ਪਰਾਲੀ ਪ੍ਰਬੰਧਨ ਪੰਦਰਵਾੜਾ ਚੇਤਨਾ ਮੁਹਿੰਮ ਦੀ ਲੜੀ ਤਹਿਤ ਖੇਤੀਬਾੜੀ ਯੂਨੀਵਰਸਿਟੀ ਦੀ ਸਾਖਾ ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਕਿਸਾਨ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਦੇ ਵੱਡੀ ਗਿਣਤੀ 'ਚ ਕਿਸਾਨਾਂ ਤੋਂ ਇਲਾਵਾ ਸਕੂਲਾਂ ਦੇ ਵਿਦਿਆਰਥੀਆਂ ਨੇ ਵੀ ਸ਼ਿਰਕਤ ਕਰਕੇ ਡੂੰਘੀ ਦਿਲਚਸਪੀ ਦਿਖਾਈ।

ਮੇਲੇ ਦੇ ਮੁੱਖ ਮਹਿਮਾਨ ਡਾ. ਗੁਰਮੀਤ ਸਿੰਘ ਬੁੱਟਰ ਨਿਰਦੇਸ਼ਨ ਸਿੱਖਿਆ ਪਸਾਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਨੇ ਕਿਹਾ ਕਿ ਅਕਸਰ ਕਿਸਾਨ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਇੱਕ ਬੋਝ ਸਮਝ ਲੈਂਦੇ ਹਨ ਤੇ ਉਸਨੂੰ ਖੇਤ ਵਿੱਚ ਹੀ ਸਾੜ ਕੇ ਬੜੇ ਸੌਖਿਆਂ ਹੀ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦੇ ਹਨ, ਜਦਕਿ ਝੋਨੇ ਦੀ ਪਰਾਲੀ ਕਿਸਾਨ ਤੇ ਖੇਤ ਲਈ ਕੁਦਰਤ ਦਾ ਅਨਮੋਲ ਖਜਾਨਾ ਹੈ, ਜਿਸ ਦੀ ਪੂਰਤੀ ਕੋਈ ਵੀ ਕੈਮੀਕਲ ਖਾਦ ਨਹੀਂ ਕਰ ਸਕਦੀ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਇਸ ਅਨਮੋਲ ਖ਼ਜ਼ਾਨੇ ਨੂੰ ਸਾਂਭਣ ਲਈ ਯੂਨੀਵਰਸਿਟੀ ਵੱਲੋਂ ਇਹ ਜਾਗਰੂਕਤਾ ਮੁਹਿੰਮ ਪੰਦਰਵਾੜਾ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦੋ ਕਿਸਾਨ ਮੇਲੇ ਆਯੋਜਤ ਕੀਤੇ ਗਏ ਹਨ।

ਇਹ ਤੀਜਾ ਪੜਾਅ ਹੈ। ਉਨ੍ਹਾਂ ਕਿਹਾ ਕਿ ਪਰਾਲੀ ਖੇਤੀ ਲਈ ਤੱਤਾਂ ਨਾਲ ਭਰਪੂਰ ਹੈ। ਇਸ ਵਿੱਚ ਸੂਖਮ ਤੱਤ ਜ਼ਿੰਕ, ਲੋਹਾ ਅਤੇ ਮੈਗਨੀਜ਼ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ। ਉਨ੍ਹਾਂ ਕਿਹਾ ਖੇਤੀ ਸਬੰਧੀ ਖੋਜਾਂ ਨੇ ਸਾਬਤ ਕੀਤਾ ਹੈ ਕਿ ਜੇਕਰ ਪਰਾਲੀ ਨੂੰ ਖੇਤਾਂ ਵਿਚ ਹੀ ਵਾਹਿਆ ਜਾਵੇ ਤਾਂ ਇਸ ਨਾਲ ਖੇਤ ਦੀ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਚੋਖਾ ਵਾਧਾ ਹੁੰਦਾ ਹੈ।

ਇਸ ਤੋਂ ਬਾਅਦ ਯੂਰੀਆ ਤੇ ਹੋਰ ਕਿਸੇ ਤਰ੍ਹਾਂ ਦੀ ਖਾਦਾਂ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਕਿਹਾ ਕਿ ਕਿਸਾਨ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਡੀਜ਼ਲ ਤੇ ਥੋੜ੍ਹਾ ਜਿਹਾ ਪੈਸਾ ਖਰਚ ਕਰਕੇ ਜੇਕਰ ਪਰਾਲੀ ਨੂੰ ਖੇਤ ਵਿਚ ਹੀ ਵਾਹ ਦੇਵੇ ਤਾਂ ਉਸ ਨੂੰ ਖਾਦਾਂ ਦੇ ਖਰਚਿਆਂ ਤੋਂ ਛੁਟਕਾਰਾ ਮਿਲ ਸਕਦਾ ਹੈ। ਉਨ੍ਹਾਂ ਕਿਹਾ ਪਰਾਲੀ ਨੂੰ ਸਾੜਨ ਨਾਲ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਸਾਹਮਣੇ ਆਉਂਦੀਆਂ ਹਨ, ਜਿੱਥੇ ਇਹ ਸਿਹਤ ਲਈ ਹਾਨੀਕਾਰਕ ਹੈ, ਉੱਥੇ ਧਰਤੀ ਦੇ ਜੀਵਾਂ ਅਤੇ ਕਿਸਾਨ ਦੇ ਮਿੱਤਰ ਕੀੜਿਆਂ ਨੂੰ ਖਤਮ ਕਰਦਾ ਹੈ। ਦਰੱਖਤਾਂ ਨੂੰ ਵੀ ਪਰਾਲੀ ਲਾਈ ਅੱਗ ਸਾੜਦੀ ਹੈ।

ਉਨ੍ਹਾਂ ਕਿਹਾ ਕਿ ਹਰ ਸਾਲ ਨੈਸ਼ਨਲ ਪ੍ਰਦੂਸਣ ਮਹਿਕਮਾ ਦਿੱਲੀ ਦੇ ਪ੍ਰਦੂਸ਼ਣ ਬਾਰੇ ਸਰਕਾਰਾਂ ਨੂੰ ਖਬਰਦਾਰ ਕਰਦਾ ਹੈ, ਪਰ ਇਸ ਤੋਂ ਪਹਿਲਾਂ ਤਾਂ ਇਹ ਪ੍ਰਦੂਸ਼ਣ ਸਾਨੂੰ ਖੁਦ ਨੂੰ ਹੀ ਨੁਕਸਾਨ ਪੁਚਾਉਂਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤ ਵਿਚ ਵਾਹੁਣ ਦੇ ਦੋ ਚਾਰ ਸਾਲ ਬਾਅਦ ਚੰਗੇ ਸਿੱਟੇ ਸਾਹਮਣੇ ਆਉਂਦੇ ਹਨ। ਇਸ ਮੌਕੇ ਖੇਤੀ ਮਾਹਿਰਾਂ ਡਾ. ਮਨੋਜ ਸ਼ਰਮਾ ਸਹਾਇਕ ਨਿਦੇਸ਼ਕ ਕੇਵੀਕੇ ਸਮਰਾਲਾ, ਡਾ. ਸਤਬੀਰ ਸਿੰਘ ਸਹਾਇਕ ਨਿਰਦੇਸ਼ਕ ਕੇਵੀਕੇ ਰੋਪੜ, ਡਾ. ਮਨਿੰਦਰ ਸਿੰਘ ਬੈਂਸ ਸਹਾਇਕ ਨਿਰਦੇਸ਼ਕ ਕੇਵੀਕੇ ਨਵਾਂਸ਼ਹਿਰ ਤੋਂ ਇਲਾਵਾ ਖੇਤੀ ਵਿਕਾਸ ਅਫਸਰਾਂ ਨੇ ਹਾਜ਼ਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਆਪਣੇ ਤਜਰਬੇ ਸਾਂਝੇ ਕੀਤੇ।

ਮੁੱਖ ਤੌਰ 'ਤੇ ਡਾ. ਹਰਸਨੀਤ ਸਿੰਘ ਸਹਾਇਕ ਪ੍ਰੋਫੈਸਰ ਭੂਮੀ ਵਿਗਿਆਨੀ ਨੇ ਕਿਸਾਨਾਂ ਨੂੰ ਖੇਤਾਂ ਦੀ ਮਿੱਟੀ ਦੀ ਪਰਖ ਬਾਰੇ ਅਜਿਮ ਜਾਣਕਾਰੀ ਦਿੱਤੀ।

ਕਾਤਰਾਂ

ਵਿਧਾਇਕ ਬਾਜ਼ੀਗਰ ਦੇ ਦਫ਼ਤਰ ਸਾਹਮਣੇ ਰੋਸ ਵਿਖਾਵਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) -ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੂਬੇ ਵਿੱਚ ਦਿਨੋ ਦਿਨ ਵਧਦੇ ਨਸ਼ਿਆਂ ਦੇ ਵਿਰੋਧ ਅਤੇ ਲੋਕਾਂ ਦੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪੁਚਾਉਣ ਦੇ ਮਕਸਦ ਨਾਲ ਹਲਕਾ ਵਿਧਾਇਕਾਂ ਦੇ ਦਫ਼ਤਰਾਂ ਸਾਹਮਣੇ ਰੋਸ ਪ੍ਰਦਰਸ਼ਨ ਕੀਤੇ ਜਾਣ ਦੇ ਦਿੱਤੇ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੇ ਦਫਤਰ ਸਾਹਮਣੇ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਸਮੇਤ ਔਰਤਾਂ ਨੇ ਹਿੱਸਾ ਲੈਂਦੇ ਹੋਏ ਪੰਜਾਬ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਨਸ਼ਿਆਂ ਖਿਲਾਫ਼ ਮੁਹਿੰਮ ਨੂੰ ਕਾਰਗਰ ਢੰਗ ਨਾਲ ਲਾਗੂ ਕਰਨ ਦੀ ਮੰਗ ਕੀਤੀ। ਰੋਸ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਜਿੱਥੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸੀ, ਉੱਥੇ ਨਸ਼ਿਆਂ ਨੂੰ ਰੋਕੇ ਜਾਣ ਦਾ ਭਰੋਸਾ ਲੋਕਾਂ ਨੂੰ ਦਿੱਤਾ ਸੀ, ਪਰ ਬਦਕਿਸਮਤੀ ਦੀ ਗੱਲ ਹੈ ਕਿ ਸੱਤਾ ਵਿੱਚ ਆਉਣ ਦੇ ਡੇਢ ਸਾਲ ਬਾਅਦ ਵੀ ਸਰਕਾਰ ਨਸ਼ਿਆਂ ਦੇ ਵਧਦੇ ਕਹਿਰ ਨੂੰ ਨਾ ਸਿਰਫ ਠੱਲ੍ਹ ਪਾਉਣ ਵਿੱਚ ਅਸਮਰੱਥ ਰਹੀ, ਸਗੋਂ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਨਸ਼ਿਆਂ ਵਿੱਚ ਵਾਧਾ ਹੋਇਆ ਹੈ।

ਨਸ਼ਾ ਤਸ਼ਕਰ ਦੀ ਪ੍ਰਾਪਰਟੀ ਫਰੀਜ ਕੀਤੀ

ਮੱਖੂ (ਰਛਪਾਲ ਸਿੰਘ ਸੰਧੂ) ਥਾਣਾ ਮੁਖੀ ਗੁਰਪ੍ਰੀਤ ਸਿੰਘ ਵੱਲੋਂ ਡੀਐਸਪੀ ਜੀਰਾ ਗੁਰਦੀਪ ਸਿੰਘ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਜੀਰਾ ਦੇ ਬਲਾਕ ਮਖੂ ਦੇ ਪਿੰਡ ਮਿੱਠੇ ਦੇ ਪਰਮਜੀਤ ਸਿੰਘ ਪੁੱਤਰ ਦੀਦਾਰ ਸਿੰਘ ਦੀ ਪ੍ਰਾਪਰਟੀ ਫਰੀਜ ਕੀਤੀ ਗਈ।

ਡੀਐਸਪੀ ਜੀਰਾ ਗੁਰਦੀਪ ਸਿੰਘ ਤੇ ਥਾਣਾ ਮਖੂ ਦੇ ਮੁਖੀ ਗੁਰਪ੍ਰੀਤ ਸਿੰਘ ਵੱਲੋਂ ਪਰਮਜੀਤ ਸਿੰਘ ਦੇ ਪਰਵਾਰ ਵਾਲਿਆਂ ਨੂੰ ਪ੍ਰਾਪਰਟੀ ਫਰੀਜ ਕਰਨ ਦੇ ਦਸਤਾਵੇਜ਼ ਦਿੱਤੇ ਗਏ ਤੇ ਉਨ੍ਹਾਂ ਨੂੰ ਸੁਚੇਤ ਕੀਤਾ ਗਿਆ ਕਿ 45 ਦਿਨਾਂ ਦੇ ਅੰਦਰ ਜੇਕਰ ਕੋਈ ਕਾਰਵਾਈ ਅਦਾਲਤ ਵਿੱਚ ਪਾਉਣਾ ਚਾਹੁੰਦੇ ਹਨ ਤਾਂ ਉਹ ਪਾ ਸਕਦੇ ਹਨ। ਡੀਐਸਪੀ ਜੀਰਾ ਗੁਰਦੀਪ ਸਿੰਘ ਨੇ ਕਿਹਾ ਕਿ ਜਿਨ੍ਹਾਂ ਨਸ਼ਾ ਤਸਕਰਾਂ ਵੱਲੋਂ ਨਸ਼ਾ ਵੇਚ ਕੇ ਪ੍ਰਾਪਰਟੀਆਂ ਬਣਾਈਆਂ ਸਨ, ਉਨ੍ਹਾਂ ਨਸ਼ਾ ਤਸਕਰਾਂ ਦੀ ਜ਼ਿਲ੍ਹਾ ਫ਼ਿਰੋਜ਼ਪੁਰ ਵਿਚੋਂ ਜੀਰਾ ਹਲਕੇ ਦੀਆਂ 9 ਰਿਪੋਰਟਾਂ ਬਣਾ ਕੇ ਭੇਜੀਆਂ ਗਈਆਂ, ਜਿਨ੍ਹਾਂ ਵਿੱਚੋਂ 4 ਰਿਪੋਰਟਾਂ ਤਹਿਤ ਨਸ਼ਾ ਤਸਕਰਾਂ ਦੀਆਂ ਪ੍ਰਾਪਰਟੀਆਂ ਨੂੰ ਫਰੀਜ ਕੀਤੀਆਂ ਗਈਆਂ।

ਨਿਊਜ਼ ਕਲਿੱਕ ਦੇ ਦਫ਼ਤਰ 'ਤੇ ਛਾਪੇਮਾਰੀ ਦੀ ਨਿਖੇਧੀ

ਰਾਮਪੁਰਾ ਫੂਲ (ਦਰਸ਼ਨ ਜਿੰਦਲ) ਇਨਕਲਾਬੀ ਕੇਂਦਰ ਪੰਜਾਬ ਇਲਾਕਾ ਕਮੇਟੀ ਰਾਮਪੁਰਾ ਨੇ ਮੀਡੀਆ ਅਦਾਰਾ ਨਿਊਜ਼ ਕਲਿੱਕ ਦੇ ਦਫ਼ਤਰ ਅਤੇ ਪੱਤਰਕਾਰਾਂ ਦੇ ਘਰਾਂ ਤੇ ਛਾਪੇਮਾਰੀ ਕਰਨ ਅਦਾਰੇ ਦਾ ਦਫਤਰ ਸੀਲ ਕਰਨ ਤੇ ਪੱਤਰਕਾਰਾਂ ਦੀ ਗ੍ਰਿਫ਼ਤਾਰੀ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਇਨਕਲਾਬੀ ਕੇਂਦਰ ਪੰਜਾਬ ਇਲਾਕਾ ਕਮੇਟੀ ਦੇ ਆਗੂ ਜਗਜੀਤ ਸਿੰਘ ਲਹਿਰਾ ਮੁਹੱਬਤ, ਜਗਦੀਸ਼ ਸਿੰਘ ਰਾਮਪੁਰਾ, ਹਰਮੇਸ਼ ਕੁਮਾਰ ਰਾਮਪੁਰਾ ਅਤੇ ਬੇਅੰਤ ਸਿੰਘ ਫੂਲੇਵਾਲਾ ਨੇ ਕਿਹਾ ਕਿ ਮੋਦੀ ਦੀ ਕੇਂਦਰ ਸਰਕਾਰ ਨਿਊਜ਼ ਕਲਿੱਕ ਦੇ ਪੱਤਰਕਾਰਾਂ ਨੂੰ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਕਰ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਕਿਹਾ ਕਿ ਬੁੱਧੀਜੀਵੀਆਂ 'ਤੇ ਅਜਿਹੀਆਂ ਨਾਦਰਸ਼ਾਹੀਆਂ ਕਾਰਵਾਈਆਂ ਤੁਰੰਤ ਬੰਦ ਕੀਤੀਆਂ ਜਾਣ ਅਤੇ ਗ੍ਰਿਫ਼ਤਾਰ ਕੀਤੇ। ਬੁੱਧੀਜੀਵੀਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ ਤੇ ਕਿਹਾ ਕਿ ਇਨ੍ਹਾਂ ਪੱਤਰਕਾਰਾਂ ਵੱਲੋਂ ਦਿੱਲੀ ਦੇ ਬਾਰਡਰਾਂ ਤੇ ਲੜੇ ਤੇ ਜਿੱਤੇ ਗਏ ਇਤਿਹਾਸਕ ਕਿਸਾਨ ਘੋਲ ਦੀ ਨਿੰਡਰ ਤੇ ਨਿਰਪੱਖ ਰਿਪੋਰਟਿੰਗ ਕੀਤੀ ਗਈ ਸੀ। ਇਸ ਕਾਰਨ ਇਹ ਪੱਤਰਕਾਰ ਕੇਂਦਰ ਸਰਕਾਰ ਦੀਆਂ ਅੱਖਾਂ ਵਿੱਚ ਰੜਕ ਰਹੇ ਸਨ ਅਤੇ ਆਗੂਆਂ ਨੇ ਇਨਸਾਫ਼ ਪਸੰਦ ਲੋਕਾਂ ਨੂੰ ਪੱਤਰਕਾਰਾਂ ਬੁੱਧੀਜੀਵੀਆਂ ਦੇ ਹੱਕ ਵਿੱਚ ਤੇ ਕੇਂਦਰ ਸਰਕਾਰ ਦੀ ਨਾਦਰਸ਼ਾਹੀ ਕਾਰਵਾਈ ਖਿਲਾਫ਼ ਵਿਰੋਧ ਕਰਨ ਲਈ ਸੱਦਾ ਦਿੱਤਾ ਹੈ।

ਅੱਜ ਬਿਜਲੀ ਸਪਲਾਈ ਬੰਦ ਰਹੇਗੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) 12 ਅਕਤੂਬਰ ਨੂੰ ਸਰਹਿੰਦ ਦੇ ਕਈ ਇਲਾਕਿਆਂ 'ਚ ਬਿਜਲੀ ਸਪਲਾਈ ਬੰਦ ਰਹੇਗੀ। ਸਹਾਇਕ ਇੰਜੀਨੀਅਰ ਸ਼ਹਿਰੀ ਉਪ-ਮੰਡਲ ਸਰਹਿੰਦ ਦੇ ਦਫਤਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ 12 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ 66 ਕੇ.ਵੀ. ਅੱਤੇਵਾਲੀ ਸ/ਸ ਤੋਂ ਚੱਲਦੇ 11 ਕੇ.ਵੀ. ਆਮ ਖਾਸ ਬਾਗ ਫੀਡਰ ਤੇ 11 ਕੇ.ਵੀ. ਹਸਪਤਾਲ ਫੀਡਰ ਬੰਦ ਰਹਿਣ ਕਾਰਨ ਸਰਹਿੰਦ ਦੇ ਅੰਬਰ ਸਿਟੀ, ਮਾਡਰਨ ਵੈਲੀ, ਸਿਟੀ ਸੈਂਟਰ, ਮੱਖਣ ਕਲੋਨੀ, ਪ੍ਰੀਤ ਨਗਰ, ਦੀਵਾਨ ਟੋਡਰ ਮੱਲ ਨਗਰ, ਖਾਲਸਾ ਕਲੋਨੀ, ਨਿਊ ਅਫ਼ਸਰ ਕਲੋਨੀ ਤੇ ਸਿਵਲ ਹਸਪਤਾਲ ਦੇ ਇਲਾਕਿਆਂ ਦੀ ਬਿਜਲੀ ਸਪਲਾਈ ਪ੍ਰਭਾਵਤ ਹੋਵੇਗੀ।

ਸਿਲਵਰ ਓਕਸ ਸਕੂਲ ਦੇ ਵਿਹੜੇ 'ਚ ਹੋਇਆ ਰਚਨਾਤਮਕ ਗਤੀਵਿਧੀਆਂ ਦਾ ਸਮਾਗਮ

ਰਾਮਪੁਰਾ ਫੂਲ (ਦਰਸ਼ਨ ਜਿੰਦਲ)- ਸਾਹਿਤਕ ਪ੍ਰੋਗਰਾਮ (ਲਿਤਰਾਤੀ ਫੈਸਟੀਵਲ) ਸਿਰਜਣਾਤਮਕਤਾ ਤੇ ਗਿਆਨ ਭੰਡਾਰ ਨੂੰ ਉਚਾਈਆਂ ਤੱਕ ਲੈ ਜਾਣ, ਸਾਹਿਤ ਪ੍ਰਤੀ ਦਿਲਚਸਪੀ ਪੈਦਾ ਕਰਨ ਅਤੇ ਵਿੱਦਿਅਕ ਰਚਨਾਤਮਕ ਗਤੀਵਿਧੀਆਂ 'ਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕਰਨ ਲਈ ਇੱਕ ਬਹੁਤ ਵਧੀਆ ਪਲੇਟਫਾਰਮ ਦਿੰਦਾ ਹੈ। ਇਸ ਪ੍ਰਤਿਭਾ ਨੂੰ ਨਿਖਾਰਣ ਦੇ ਉਦੇਸ਼ ਨੂੰ ਮੁੱਖ ਰੱਖਦਿਆਂ, ਨਵੀਨਤਾਕਾਰੀ ਸਿਲਵਰੀਅਨਾਂ ਦੀ ਰਚਨਾਤਮਕਤਾ ਨੂੰ ਜਗਾਉਣ ਲਈ, ਦੂਜਾ ਅੰਤਰ ਸਕੂਲ ਬਹੁ-ਭਾਸ਼ਾਈ ਮੇਲਾ, ਲਿਟਰੇਟੀ-2023' ਸਿਲਵਰ ਓਕਸ ਸਕੂਲ ਰਾਮਪੁਰਾ ਰੋਡ, ਬਠਿੰਡਾ ਦੇ ਵਿਹੜੇ ਵਿੱਚ ਆਯੋਜਤ ਕੀਤਾ ਗਿਆ।

ਸਮਾਗਮ ਵਿੱਚ ਸਮੂਹਿਕ ਸਿਲਵਰ ਓਕਸ ਸਕੂਲਾਂ ਦੀਆਂ ਸਾਰੀਆਂ ਸਾਖਾਵਾਂ ਦੇ ਸੌ ਤੋਂ ਵੱਧ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਦੀ ਭਾਵਨਾ ਨੂੰ ਨਿਖਾਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਮੌਕੇ ਸਿਲਵਰ ਓਕਸ ਸਕੂਲਾਂ ਦੇ ਨਿਰਦੇਸ਼ਕਾ ਬਰਨਿੰਦਰ ਪਾਲ ਸੇਖੋਂ ਤੇ ਆਏ ਹੋਏ ਮੁੱਖ ਮਹਿਮਾਨਾਂ ਰਿੰਕੂ ਪਾਸਵਾਨ, ਮਮਤਾ ਅਰੋੜਾ, ਗਗਨ ਖਵਾਨੀ, ਡਾਕਟਰ ਦਰਸ਼ਨ ਬਰਾੜ ਸਭ ਨੂੰ ਜੀ ਆਇਆਂ ਆਖਦੇ ਹੋਏ ਨਿੱਘਾ ਸਵਾਗਤ ਕੀਤਾ ਗਿਆ ਤੇ ਸ਼ਮਾ ਰੌਸਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਸਾਹਿਤਕ ਪ੍ਰੋਗਰਾਮ ਵਿੱਚ ਦੋ ਮੁਕਾਬਲਿਆਂ 'ਵਾਇਸ-ਔਪ-ਰੇਡੀਓ ਜੌਕੀ' ਤੇ 'ਨ੍ਰਿਤਿਆ ਲੀਲਾ-ਡਾਂਸ ਡਰਾਮਾ' (ਡਰਾਮੈਟਿਕ ਡਾਂਸ) ਰਾਹੀਂ ਬੱਚਿਆਂ ਨੂੰ ਆਪਣਾ ਹੁਨਰ ਦਿਖਾਉਣ ਦਾ ਮੌਕਾ ਮਿਲਿਆ। ਤਿਉਹਾਰਾਂ ਦੇ ਵਿਸ਼ੇ, ਜੀਵਨ ਸ਼ੈਲੀ ਤੇ ਸਿਹਤ ਅਤੇ ਸਫਾਈ ਤੇ ਮਹਿਲਾ ਸਸ਼ਕਤੀਕਰਨ, ਸਵੱਛ ਭਾਰਤ, ਗ੍ਰੀਨ ਇੰਡੀਆ, ਵਾਸੁਦੈਵ ਕੁਟੰਬਕ, ਬਜ਼ੁਰਗਾਂ ਦਾ ਆਦਰ ਅਤੇ ਦੇਖਭਾਲ ਆਦਿ ਵਿਸ਼ਿਆਂ ਤੇ ਬੱਚਿਆਂ ਨੇ ਸੋਹਣੀ ਪੇਸ਼ਕਾਰੀ ਕਰਕੇ ਸਭ ਦਾ ਦਿਲ ਜਿੱਤ ਲਿਆ। ਸਿਲਵਰ ਓਕਸ ਸਕੂਲਾਂ ਦੇ ਡਾਇਰੈਕਟਰ ਬਰਨਿੰਦਰ ਪਾਲ ਸੇਖੋਂ ਵੱਲੋਂ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਪ੍ਰਸੰਸਾ ਕਰਦੇ ਹੋਏ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਦੂਜਿਆਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਤ ਕੀਤਾ। ਬਾਅਦ ਵਿੱਚ ਸਕੂਲ ਦੇ ਮੁੱਖ ਅਧਿਆਪਕਾ ਛਾਇਆ ਵਿਨੋਚਾ ਵੱਲੋਂ ਨਿਰਦੇਸ਼ਕਾ ਮੈਡਮ ਦਾ ਧੰਨਵਾਦ ਕਰਦੇ ਹੋਏ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਾ ਹਰ ਵਿਦਿਆਰਥੀ ਜੇਤੂ ਹੁੰਦਾ ਹੈ ਅਤੇ ਬੱਚਿਆਂ ਨੂੰ ਅੱਗੇ ਤੋਂ ਹੋਰ ਵਧੀਆ ਕਰਨ ਅਤੇ ਵਧ-ਚੜ੍ਹ ਕੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਤਾੜੀਆਂ ਦੀ ਗੂੰਜ ਨੇ ਸਭ ਵਿੱਚ ਨਵਾਂ ਉਤਸ਼ਾਹ ਭਰ ਦਿੱਤਾ। ਮਾਹਿਰ ਜੱਜਾਂ ਦੀ ਟੀਮ ਦੁਆਰਾ ਦੁਆਰਾ ਦੋਵੇਂ ਮੁਕਾਬਲਿਆਂ ਦਾ ਨਿਰਣਾ ਕੀਤਾ ਗਿਆ। ਬਰਨਿੰਦਰਪਾਲ ਸੇਖੋਂ ਅਤੇ ਮੁੱਖ ਅਧਿਆਪਕਾ ਛਾਇਆ ਵਿਨੋਚਾ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਟਰਾਫੀਆਂ ਦੇ ਕੇ ਸਨਮਾਤ ਕੀਤਾ ਗਿਆ। ਸਾਰਿਆਂ ਵੱਲੋਂ ਸਿਲਵਰੀਅਨਾਂ ਨੂੰ 'ਲਿਤਰਾਤੀ ਫੈਸਟ-2023' ਦਾ ਹਿੱਸਾ ਬਣਦੇ ਦੇਖ ਕੇ ਤਾੜੀਆਂ ਨਾਲ ਆਪਣੀ ਅਥਾਹ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

'ਖੇਡਾਂ ਵਤਨ ਪੰਜਾਬ ਦੀਆਂ' ਦੇ ਚੈਂਪੀਅਨਾਂ ਦਾ ਪਿੰਡ ਵਾਸੀਆਂ ਵੱਲੋਂ ਸਨਮਾਨ

ਹਠੂਰ (ਨਛੱਤਰ ਸੰਧੂ) ਪੰਜਾਬ ਸਰਕਾਰ ਦੀ ਪਹਿਲਕਦਮੀ ਸਦਕਾ 'ਖੇਡਾਂ ਵਤਨ ਪੰਜਾਬ ਦੀਆਂ' ਅਧੀਨ ਹੋਏ ਜ਼ਿਲ੍ਹਾ ਪੱਧਰੀ ਬਾਕਸਿੰਗ ਮੁਕਾਬਲਿਆਂ ਵਿੱਚ 'ਪੰਜਾਬ ਸਪੋਰਟਸ ਅਕੈਡਮੀ' ਦੇ ਮੁੱਕੇਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਿੰਡ ਚਕਰ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ। ਅਕੈਡਮੀ ਦੇ ਪ੍ਰਧਾਨ ਜਸਕਿਰਨਪ੍ਰੀਤ ਸਿੰਘ ਜਿਮੀ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਚਕਰ ਦੇ ਵੀਹ ਮੁੱਕੇਬਾਜ਼ਾਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ ਸੋਲਾਂ ਮੁੱਕੇਬਾਜ਼ਾਂ ਨੇ ਤਗ਼ਮੇ ਜਿੱਤੇ ਹਨ। ਵੱਖ-ਵੱਖ ਵਰਗਾਂ ਵਿੱਚ ਹੋਏ ਇਨ੍ਹਾਂ ਮੁੱਕੇਬਾਜ਼ਾਂ ਵਿੱਚੋਂ ਸਿਮਰਨਜੀਤ ਕੌਰ, ਪ੍ਰਦੀਪ ਕੌਰ, ਮਨਦੀਪ ਕੌਰ, ਜਸ਼ਨਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਧਰਮਪ੍ਰੀਤ ਸਿੰਘ, ਸੰਦੀਪ ਸਿੰਘ, ਜਗਵਿੰਦਰ ਸਿੰਘ, ਅਰਸ਼ਦੀਪ ਸਿੰਘ ਤੇ ਸੰਦੀਪ ਸਿੰਘ ਨੇ ਸੋਨੇ ਦੇ ਤਗ਼ਮੇ ਜਿੱਤੇ।

ਹਰਪ੍ਰੀਤ ਕੌਰ, ਸੁਖਮਨਦੀਪ ਕੌਰ, ਕਮਲਪ੍ਰੀਤ ਕੌਰ ਤੇ ਅਮਰਵੀਰ ਸਿੰਘ ਨੇ ਚਾਂਦੀ ਦੇ ਤਗ਼ਮੇ ਜਿੱਤੇ। ਸੰਦੀਪ ਕੌਰ, ਅਰਸ਼ਦੀਪ ਕੌਰ, ਅਰਸ਼ਪ੍ਰੀਤ ਸਿੰਘ, ਸੁਖਭੀਮ ਸਿੰਘ, ਇਕਬਾਲ ਸਿੰਘ ਅਤੇ ਸੁਖਮਨਜੋਤ ਸਿੰਘ ਨੇ ਕਾਂਸੀ ਦੇ ਤਗ਼ਮੇ ਜਿੱਤੇ। ਇਸ ਮੌਕੇ ਕੋਚ ਰਵੀਨਾ ਸਹੋਤਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਹੋਏ ਜ਼ਿਲ੍ਹਾ ਪੱਧਰੀ ਸਕੂਲ ਬਾਕਸਿੰਗ ਮੁਕਾਬਲਿਆਂ ਵਿੱਚ ਸਿਮਰਨਜੀਤ ਕੌਰ, ਸੁਖਮਨਦੀਪ ਕੌਰ, ਸੰਦੀਪ ਕੌਰ, ਸੁਮਨਪ੍ਰੀਤ ਕੌਰ,ਹਰਪ੍ਰੀਤ ਕੌਰ ਅਤੇ ਸੁਖਭੀਮ ਸਿੰਘ ਨੇ ਸੋਨੇ ਦੇ ਅਤੇ ਅਰਸ਼ਪ੍ਰੀਤ ਸਿੰਘ ਨੇ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਇਨ੍ਹਾਂ ਮੁੱਕੇਬਾਜ਼ਾਂ ਦਾ ਅਜਿਹੀਆਂ ਪ੍ਰਾਪਤੀਆਂ ਕਾਰਨ ਪੰਚਾਇਤ ਤੇ ਪਿੰਡ ਵਾਸੀਆਂ ਵਿਸ਼ੇਸ਼ ਸਵਾਗਤ ਕੀਤਾ ਗਿਆ। ਇਸ ਮੌਕੇ 5ਜੈਬ ਫਾਊਂਡੇਸ਼ਨ ਦੇ ਫਾਊਂਡਰ ਜਗਦੀਪ ਸਿੰਘ ਘੁੰਮਣ, ਡਾਇਰੈਕਟਰ ਸਵਰਨ ਸਿੰਘ ਘੁੰਮਣ, ਡਾਇਰੈਕਟਰ ਜਗਰੂਪ ਸਿੰਘ ਜਰਖੜ, ਰੁਪਿੰਦਰ ਸਿੰਘ ਅਮਰੀਕਾ, ਕੁਲਦੀਪ ਸਿੰਘ ਜੈਦ ਅਮਰੀਕਾ, ਜੋਗਾ ਸਿੰਘ ਆਸਟਰੇਲੀਆ ਨੇ ਚਕਰ ਦੇ ਖਿਡਾਰੀਆਂ ਅਤੇ ਪ੍ਰਬੰਧਕਾਂ ਨੂੰ ਵਿਸ਼ੇਸ਼ ਮੁਬਾਰਕਵਾਦ ਦਿੱਤੀ।

ਇਸ ਮੌਕੇ 'ਪੰਜਾਬ ਸਪੋਰਟਸ ਅਕੈਡਮੀ' ਦੇ ਪ੍ਰਬੰਧਕ, ਜਸਕਿਰਨਪ੍ਰੀਤ ਸਿੰਘ ਜਿਮੀ, ਅਮਿਤ ਕੁਮਾਰ, ਅਮਨਦੀਪ ਸਿੰਘ, ਕੋਚ ਰਵੀਨਾ ਸਹੋਤਾ, ਮਾਸਟਰ ਸੰਦੀਪ ਸਿੰਘ, ਸੰਦੀਪ ਸਿੰਘ ਭੱਟੀ, ਦਰਸ਼ਨ ਸਿੰਘ ਨੰਬਰਦਾਰ ਤੇ ਜਗਜੀਤ ਸਿੰਘ ਗਰੇਵਾਲ ਆਦਿ ਹਾਜ਼ਰ ਸਨ।

ਮਾਤਾ ਗੁਜਰੀ ਕਾਲਜ ਵੱਲੋਂ ਖੇਤਰੀ ਯੁਵਕ ਤੇ ਲੋਕ ਮੇਲੇ 'ਚ ਸ਼ਾਨਦਾਰ ਪ੍ਰਦਰਸ਼ਨ

ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) -ਮਾਤਾ ਗੁਜਰੀ ਕਾਲਜ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸੈਸ਼ਨ 2023-24 ਦੇ ਖੇਤਰੀ ਯੁਵਕ ਅਤੇ ਲੋਕ ਮੇਲਾ (ਰੋਪੜ ਫ਼ਤਹਿਗੜ੍ਹ ਸਾਹਿਬ ਜ਼ੋਨ) ਦੇ ਪਹਿਲੇ ਦੋ ਦਿਨ ਆਯੋਜਿਤ ਮੁਕਾਬਲਿਆਂ ਵਿੱਚ ਸਾਨਦਾਰ ਪ੍ਰਦਰਸ਼ਨ ਕੀਤਾ। ਯੁਵਕ ਮੇਲੇ ਦੇ ਪਹਿਲੇ ਦਿਨ ਹੋਏ ਮੁਕਾਬਲਿਆਂ ਵਿੱਚ ਮਾਤਾ ਗੁਜਰੀ ਕਾਲਜ ਨੇ ਸਮੂਹ ਸ਼ਬਦ ਗਾਇਨ, ਸੱਭਿਆਚਾਰਕ ਕੁਇਜ਼ ਮੁਕਾਬਲਾ, ਗ਼ਜ਼ਲ, ਖਿੱਦੋ ਬਣਾਉਣਾ, ਪਰਾਂਦਾ ਬਣਾਉਣਾ, ਇੰਨੂ ਬਣਾਉਣਾ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਲਜ ਨੇ ਭੰਗੜਾ, ਕਲਾਸੀਕਲ ਵੋਕਲ, ਪੀੜ੍ਹੀ ਬੁਣਨੀ, ਗੁੱਡੀਆਂ ਪਟੋਲੇ ਬਣਾਉਣਾ, ਨਾਲਾ ਬੁਣਨਾ, ਟੋਕਰੀ ਬਣਾਉਣਾ ਮੁਕਾਬਲਿਆਂ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਫੋਕ ਆਰਟ ਦੀ ਓਵਰਆਲ ਟਰਾਫ਼ੀ ਵੀ ਮਾਤਾ ਗੁਜਰੀ ਕਾਲਜ ਨੇ ਪ੍ਰਾਪਤ ਕੀਤੀ। ਇਸੇ ਪ੍ਰਕਾਰ ਯੁਵਕ ਮੇਲੇ ਦੇ ਦੂਜੇ ਦਿਨ ਮਾਤਾ ਗੁਜਰੀ ਕਾਲਜ ਦੀ ਟੀਮ ਨੇ ਨੁੱਕੜ ਨਾਟਕ, ਪੱਛਮੀ ਗਾਇਣ ਏਕਲ, ਪੱਛਮੀ ਸਮੂਹ ਗਾਇਣ ਅਤੇ ਪੱਛਮੀ ਸਾਜ ਏਕਲ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਤੋਂ ਇਲਾਵਾ ਮਲਵਈ ਗਿੱਧਾ ਤੇ ਸੰਮੀ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

ਇਨ੍ਹਾਂ ਸਲਾਘਾਯੋਗ ਪ੍ਰਾਪਤੀਆਂ ਲਈ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਜੇਤੂ ਟੀਮਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਪਿਛਲੇ ਲੰਮੇ ਸਮੇਂ ਤੋਂ ਨਿਰੰਤਰ ਅਕਾਦਮਿਕ ਖੇਤਰ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਨ ਦੇ ਨਾਲ-ਨਾਲ ਸਹਿ-ਵਿੱਦਿਅਕ ਗਤੀਵਿਧੀਆਂ ਅਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਨਿੱਤ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ।

ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਮੁਬਾਰਕਬਾਦ ਦਿੰਦਿਆਂ ਯੁਵਕ ਮੇਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਤੇ ਆਪਣੀ ਸੰਸਥਾ, ਸੂਬੇ ਅਤੇ ਕੌਮ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਦੇ ਡੀਨ ਸੱਭਿਆਚਾਰਕ ਮਾਮਲੇ ਡਾ. ਹਰਮਿੰਦਰ ਸਿੰਘ ਨੇ ਯੁਵਕ ਮੇਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਨਾਲ ਵਿਦਿਆਰਥੀਆਂ ਨੂੰ ਆਪਣੀ ਛੁਪੀ ਪ੍ਰਤਿਭਾ ਬਾਰੇ ਪਤਾ ਚੱਲੇਗਾ ਅਤੇ ਉਨ੍ਹਾਂ ਵਿੱਚ ਮੁਕਾਬਲੇ ਦੀ ਭਾਵਨਾ ਵੀ ਪੈਦਾ ਹੋਵੇਗੀ।

ਬੁੱਧਾ ਟਰੱਸਟ 'ਚ ਵਾਧਾ, ਸੁਨੀਲ ਕੁਮਾਰ ਨਵੇਂ ਮੈਂਬਰ ਬਣੇ : ਢੋਸੀਵਾਲ

ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ) ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਟਰੱਸਟ ਦੀ ਚੀਫ਼ ਪੈਟਰਨ ਸੇਵਾ ਮੁਕਤ ਨਾਇਬ ਤਹਿਸੀਲਦਾਰ ਹੀਰਾਵਤੀ ਸਮੇਤ ਪ੍ਰਿੰ. ਕ੍ਰਿਸ਼ਨ ਲਾਲ, ਪਰਮਜੀਤ ਕੌਰ ਤੇਜੀ, ਸੁਖਵਿੰਦਰ ਸੁੱਖੀ, ਮਨਜੀਤ ਕੌਰ, ਸ੍ਰੀ ਕ੍ਰਿਸ਼ਨ ਆਰ.ਏ, ਜੀਤ ਸਿੰਘ ਸੰਧੂ ਅਤੇ ਸੁਨੀਲ ਕੁਮਾਰ ਆਦਿ ਮੌਜੂਦ ਸਨ। ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਉਚੇਚੇ ਤੌਰ 'ਤੇ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਟਰੱਸਟ ਦੀਆਂ ਮੈਂਬਰਾਂ ਪਰਮਜੀਤ ਕੌਰ, ਸੁਖਵਿੰਦਰ ਸੁੱਖੀ ਤੇ ਗਰਲਜ਼ ਸਕੂਲ ਦੀਆਂ ਕੁਸ਼ਤੀ ਖਿਡਾਰਨਾਂ ਦਾ ਮਾਣ ਸਨਮਾਨ ਕਰਨ ਲਈ ਗੱਲਬਾਤ ਕੀਤੀ ਗਈ। ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਅਤੇ ਸਰਕਾਰੀ ਹਿਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਵੀ ਕੀਤੀ ਗਈ। ਤਿਉਹਾਰੀ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲਾਵਟਖੋਰਾਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਵੀ ਕੀਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਕਈ ਸਕੂਲ ਅਧਿਆਪਕਾਂ ਨੂੰ ਡੀ.ਏ. ਦੀ 6 ਪ੍ਰਤੀਸ਼ਤ ਵਾਧੇ ਦੀ ਬਕਾਇਆ ਰਾਸ਼ੀ ਅਜੇ ਤੱਕ ਅਦਾ ਨਾ ਕੀਤੇ ਜਾਣ ਦੀ ਪੁਰਜ਼ੋਰ ਨਿਖੇਧੀ ਕਰਦੇ ਹੋਏ, ਇਹ ਰਾਸ਼ੀ ਤੁਰੰਤ ਅਦਾ ਕਰਨ ਦੀ ਮੰਗ ਕੀਤੀ ਗਈ। ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਟਰੱਸਟ ਦੀ ਕਾਰਜਸ਼ੈਲੀ ਤੋਂ ਪ੍ਰਭਾਵਤ ਹੋ ਕੇ ਐੱਸ. ਕੁਮਾਰ ਆਪਟੀਕਲਜ਼ ਦੇ ਮਾਲਕ ਸੁਨੀਲ ਕੁਮਾਰ ਸੰਸਥਾ ਦੇ ਨਵੇਂ ਮੈਂਬਰ ਬਣੇ। ਮੀਟਿੰਗ ਦੌਰਾਨ ਮੌਜੂਦ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਟਰੱਸਟ ਦੀ ਸੰਸਥਾਪਕ ਮੈਂਬਰ ਮਨਜੀਤ ਕੌਰ ਨੂੰ ਜੁਆਇੰਟ ਸਕੱਤਰ ਚੁਣਿਆ ਗਿਆ। ਨਵੀਂ ਚੁਣੀ ਗਈ ਜੁਆਇੰਟ ਸਕੱਤਰ ਅਤੇ ਨਵੇਂ ਮੈਂਬਰ ਨੂੰ ਟਰੱਸਟ ਆਗੂਆਂ ਵੱਲੋਂ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਬੰਦੀ ਸਿੰਘਾਂ ਦੀ ਰਿਹਾਈ ਲਈ ਸੌਂਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾਏ

ਅਮਲੋਹ, (ਲਖਵੀਰ ਸਿੰਘ, ਹਰਚਰਨ ਉੱਪਲ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ) ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਪਿੰਡ ਸੌਂਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾਏ ਗਏ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫ਼ਤਹਿ ਦੇ ਮੀਤ ਪ੍ਰਧਾਨ ਲਖਵੀਰ ਸਿੰਘ ਖਾਲਸਾ ਸੌਂਟੀ ਨੇ ਦੱਸਿਆ ਕਿ ਭਾਈ ਜਗਤਾਰ ਸਿੰਘ ਹਵਾਰਾ ਸਮੇਤ 32 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਅਤੇ ਐਨ ਐਸ ਏ ਲਗਾਕੇ ਭਾਈ ਅੰਮ੍ਰਿਤਪਾਲ ਸਮੇਤ ਡਿਬਰੂਗੜ੍ਹ ਤੇ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਬੰਦ ਕੀਤੇ ਸਿੰਘਾਂ ਦੇ ਸਬੰਧ ਉਥੇ ਹੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਸਮੇਤ ਵੱਖ ਵੱਖ ਮੁਲਕਾਂ ਵਿੱਚ ਸ਼ਹੀਦ ਕੀਤੇ ਸਿੰਘਾਂ ਦੀ ਆਤਮਿਕ ਸ਼ਾਂਤੀ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੀਤੇ ਜਾ ਰਹੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਅਰਦਾਸ ਬੇਨਤੀਆਂ ਤਹਿਤ ਪ੍ਰੋਗਰਾਮ ਉਲੀਕੇ ਜਾ ਰਹੇ ਹਨ, ਜਿਸ ਤਹਿਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪਵਿੱਤਰ ਚਰਨ ਛੋਹ ਗੁਰਦੁਆਰਾ ਪਿੰਡ ਸੌਂਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾਏ ਗਏ ਹਨ, ਜਿਨ੍ਹਾਂ ਦੇ ਭੋਗ 12 ਅਕਤੂਬਰ ਨੂੰ ਸਵੇਰੇ 11ਵਜੇ ਤੋਂ ਲੈ ਕੇ 1ਵਜੇ ਤੱਕ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਕੌਮੀ ਪ੍ਰਧਾਨ ਤੇ ਕਿਸਾਨ ਯੂਨੀਅਨ ਅੰਮਿਤਸਰ ਦੇ ਸਰਪ੍ਰਸਤ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਦੀ ਅਗਵਾਈ ਵਿੱਚ ਕਰਵਾਏ ਜਾ ਰਹੇ ਹਨ।



ਨਿਊਜ਼ ਕਲਿੱਕ ਦੇ ਦਫ਼ਤਰ 'ਤੇ ਕਾਰਵਾਈ ਦੀ ਨਿਖੇਧੀ

ਦੋਰਾਹਾ (ਹਰਮਿੰਦਰ ਸੇਠ)- ਕੇਂਦਰ ਸਰਕਾਰ ਜਿੱਥੇ ਹਰ ਵਰਗ ਦੇ ਲੋਕਾਂ ਨੂੰ ਦਬਾ ਰਹੀ ਹੈ ਉਹਦੇ ਨਾਲ-ਨਾਲ ਦੇਸ ਦੇ ਲੋਕਤੰਤਰ ਦੇ ਚੌਥੇ ਥੰਮ ਪੱਤਰਕਾਰੀ ਨੂੰ ਵੀ ਦਬਾਉਣ ਦੇ ਤੁਰੀ ਹੋਈ ਹੈ, ਇਸ ਦੀ ਤਾਜ਼ਾ ਮਿਸਾਲ ਨਿਊਜ਼ ਪੋਰਟਲ ਨਿਊਜ਼ ਲਿੰਕ ਦੇ ਦਫਤਰ ਦੇ ਪੱਤਰਕਾਰਾਂ ਦੇ ਕਾਰਵਾਈ, ਜੋ ਈ ਡੀ ਵੱਲੋਂ ਕੀਤੀ ਗਈ ਹੈ, ਇਹ ਕਾਰਵਾਈ ਬਹੁਤ ਹੀ ਨਿੰਦਣਯੋਗ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਥੀ ਕਰਮ ਸਿੰਘ ਜਟਾਣਾ ਟਰੇਡ ਯੂਨੀਅਨ ਆਗੂ ਨੇ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਤੋਂ ਅੱਜ ਹਰ ਵਰਗ ਦੁਖੀ ਹੈ। ਪੱਤਰਕਾਰ ਭਾਸ਼ਾ ਸਿੰਘ ਅਤੇ ਅਭੀਸਾਰ ਸ਼ਰਮਾ ਨੇ ਇਤਿਹਾਸਕ ਕਿਸਾਨ ਅੰਦੋਲਨ ਦੀ ਨਿਰਪੱਖ ਤੇ ਨਿਡਰ ਰਿਪੋਰਟਿੰਗ ਕੀਤੀ ਸੀ, ਕੇਂਦਰ ਸਰਕਾਰ ਦੀ ਕਾਰਵਾਈ ਨੇ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਹਕੂਮਤ ਵਿਰੋਧ ਦੀ ਕਿਸੇ ਵੀ ਆਵਾਜ਼ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ, ਇਸ ਲਈ ਕੇਂਦਰ ਸਰਕਾਰ ਦੀਆਂ ਇਨ੍ਹਾਂ ਘਨਿਆਉਣੀਆਂ ਹਰਕਤਾਂ ਨੇ ਦੇਸ 'ਚ ਬੋਲਣ ਦੀ ਆਜ਼ਾਦੀ ਤੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਭਾਰੀ ਢਾਹ ਲਾਈ ਹੈ। ਹੁਣ ਦੇਸ ਦੀ ਜਨਤਾ ਹੋਰ ਬਰਦਾਸ਼ਤ ਨਹੀਂ ਕਰੇਗੀ।

ਇਸ ਸਮੇਂ ਸੀਪੀਆਈ ਬਲਾਕ ਦਰਾਹਾ ਦੇ ਸਕੱਤਰ ਨਿਰੰਜਣ ਸਿੰਘ ਧੀਰ, ਦਲਵਾਰਾ ਸਿੰਘ ਪੀ ਐਨ ਬੀ, ਕਰਨੈਲ ਸਿੰਘ ਪੀ ਆਰ ਟੀ ਸੀ, ਸਵਰਨ ਸਿੰਘ ਮਣਕੂ, ਹਰਪਾਲ ਸਿੰਘ ਬੁਆਨੀ ਤੇ ਕਰਨੈਲ ਸਿੰਘ ਬੁਆਨੀ ਵੀ ਮੌਜੂਦ ਸਨ।

ਪਾਥਵੇਅ ਗਲੋਬਲ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ

ਧਰਮਕੋਟ (ਗੁਰਦੀਪ ਸਿੰਘ ਭੁੱਲਰ) ਕ੍ਰਿਕਟ ਨੈਸ਼ਨਲ ਚੈਂਪੀਅਨ ਪ੍ਰਿਯਾਂਸ਼ੂ ਸ਼ਰਮਾ, ਹਿਮਾਂਸ਼ੂ ਗਰੋਵਰ, ਹਸਨੀਤ ਸਿੰਘ, ਹਾਕੀ ਨੈਸ਼ਨਲ ਚੈਂਪੀਅਨ ਅਰਮਾਨਦੀਪ ਸਿੰਘ ਤੇ ਕ੍ਰਿਸ਼ ਅਰੋੜਾ, ਕਬੱਡੀ ਨੈਸਨਲ ਚੈਂਪੀਅਨ ਜੋਬਨਪ੍ਰੀਤ ਸਿੰਘ, ਕਿੱਕ ਬਾਕਸਿੰਗ ਨੈਸ਼ਨਲ ਚੈਂਪੀਅਨ 'ਚ ਮਨਮੀਤ ਕੌਰ ਨੇ ਰਾਸ਼ਟਰੀ ਪੱਧਰ ਤੇ ਗੋਲਡ, ਸਿਲਵਰ ਅਤੇ ਬਰਾਊਨ ਮੈਡਲ ਜਿੱਤ ਕੇ ਪਾਥਵੇਅਜ ਗਲੋਬਲ ਸਕੂਲ ਦਾ ਨਾਂਅ ਵਿਸ਼ਵ ਭਰ 'ਚ ਚਮਕਾ ਦਿੱਤਾ ਹੈ। ਇਸ ਖੁਸ਼ੀ ਦੇ ਮੌਕੇ ਨੂੰ ਦੇਖਦੇ ਹੋਏ ਪਾਥਵੇਜ ਗਲੋਬਲ ਸਕੂਲ ਵੱਲੋਂ ਇਨ੍ਹਾਂ ਬੱਚਿਆਂ ਨੂੰ ਸਨਮਾਨ ਵਜੋਂ ਕੋਟ ਈਸੇ ਖਾਂ ਤੋਂ ਲੈ ਕੇ ਧਰਮਕੋਟ ਅਤੇ ਧਰਮਕੋਟ ਤੋਂ ਫ਼ਤਿਹਗੜ੍ਹ ਪੰਜਤੂਰ ਅਤੇ ਫ਼ਤਿਹਗੜ੍ਹ ਪੰਜਤੂਰ ਤੋਂ ਕੋਟ ਈਸੇ ਖਾਂ ਤੱਕ ਇੱਕ ਰੋਡ ਸ਼ੋਅ ਦਾ ਪ੍ਰਬੰਧ ਕੀਤਾ ਗਿਆ।

ਧਰਮਕੋਟ ਪਹੁੰਚਣ 'ਤੇ ਐਮ.ਐਲ.ਏ . ਦਵਿੰਦਰ ਸਿੰਘ ਲਾਡੀ ਢੋਸ ਦੀ ਸਾਰੀ ਟੀਮ ਵੱਲੋਂ ਨੈਸ਼ਨਲ ਜਿੱਤ ਕੇ ਆਏ ਬੱਚਿਆਂ ਦਾ ਤੇ ਡੀ ਪੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਅਤੇ ਸਕੂਲ ਮੈਨੇਜਮੈਂਟ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਬੱਚਿਆਂ ਨੂੰ ਪਲੇਟਫਾਰਮ ਦਿੱਤਾ।

ਧਰਮਕੋਟ ਦੇ ਬਜ਼ਾਰ 'ਚ ਜਦ ਇਹ ਮਾਰਚ ਪੁੱਜਿਆ ਤਾਂ ਨਗਰ ਕੌਂਸਲ ਦੇ ਪ੍ਰਧਾਨ ਗੁਰਮੀਤ ਸਿੰਘ ਮਖੀਜਾ ਅਤੇ ਕੌਂਸਲਰ ਸਹਿਬਾਨ ਵੱਲੋਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਮਾਣ ਸਤਿਕਾਰ ਕੀਤਾ ਗਿਆ। ਤਹਿਸੀਲ ਪ੍ਰਸਾਸਨ ਧਰਮਕੋਟ ਵੱਲੋਂ ਤਹਿਸੀਲਦਾਰ ਰੇਸ਼ਮ ਸਿੰਘ ਨੇ ਬਲਜੀਤ ਸਿੰਘ ਕਾਨੂੰਗੋ ਦੀ ਡਿਊਟੀ ਬੱਚਿਆਂ ਦੇ ਸਨਮਾਨ ਲਈ ਲਾਈ, ਜਿਨ੍ਹਾਂ ਨੇ ਤਹਿਸੀਲ ਕੰਪਲੈਕਸ 'ਚ ਆਪਣੀ ਸਾਰੀ ਟੀਮ ਨਾਲ ਜੇਤੂ ਬੱਚਿਆਂ ਦਾ ਸਨਮਾਨ ਕੀਤਾ ਅਤੇ ਪਾਥਵੇਜ ਦੇ ਵਿਦਿਆਰਥੀਆਂ ਤੇ ਮੈਨੇਜਮੈਂਟ ਦਾ ਸਿਰਪਾਓ ਭੇਟ ਕਰਕੇ ਸਵਾਗਤ ਕੀਤਾ ਗਿਆ ਤੇ ਫੁੱਲਾਂ ਦੀ ਵਰਖਾ ਕੀਤੀ।

ਯੁਵਕ ਮੇਲੇ 'ਚ ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ

ਸਮਰਾਲਾ, (ਸੁਰਜੀਤ ਸਿੰਘ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਜੋਨ-ਬੀ, ਜੋ ਐਮ ਸੀ ਐਮ ਡੀ ਏ ਵੀ ਕਾਲਜ ਫਾਰ ਵਿਮਨ ਸੈਕਟਰ-36 ਚੰਡੀਗੜ੍ਹ ਵਿਖੇ ਕਰਾਇਆ ਗਿਆ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ ਝਾੜ ਸਾਹਿਬ ਦੀਆਂ ਵਿਦਿਆਰਥਣਾਂ ਨੇ ਸਾਹਿਤਕ, ਸੱਭਿਆਚਾਰਕ ਅਤੇ ਵਿਰਾਸਤੀ ਵੰਨਗੀਆਂ ਵਿੱਚ ਭਾਗ ਲਿਆ। ਯੂਥ ਫੈਸਟੀਬਲ ਦੇ ਪਹਿਲੇ ਦਿਨ ਝਾੜ ਸਾਹਿਬ ਕਾਲਜ ਦੀ ਗਾਇਣ ਟੀਮ ਨੇ ਦੂਜਾ ਇਨਾਮ ਤੇ ਹਰਮਨਜੀਤ ਕੌਰ ਨੇ ਸ਼ਬਦ ਗਾਇਨ ਵਿਚ ਦੂਜਾ ਇਨਾਮ ਹਾਸਲ ਕੀਤਾ। ਮੁਕਾਬਲਿਆਂ ਦੇ ਦੂਜੇ ਦਿਨ ਪਰਾਂਦਾ ਬਣਾਉਣ ਵਿੱਚ ਕਮਲਜੀਤ ਕੌਰ ਨੇ ਪਹਿਲਾ, ਅੰਗਰੇਜ਼ੀ ਦੀ ਸੁੰਦਰ ਲਿਖਾਈ ਮੁਕਾਬਲੇ ਵਿੱਚ ਸੰਦੀਪ ਕੌਰ ਨੇ ਪਹਿਲਾ, ਕਵਿਤਾ ਉਚਾਰਨ ਮੁਕਾਬਲੇ ਵਿਚ ਅਮਨਦੀਪ ਕੌਰ ਨੇ ਪਹਿਲਾ, ਰਮਨਪ੍ਰੀਤ ਕੌਰ ਨੇ ਛਿੱਕੂ ਬਣਾਉਣ ਵਿਚ ਦੂਜਾ, ਟੋਕਰੀ ਬਣਾਉਣ ਵਿਚ ਸੋਨੀਆ ਨੇ ਦੂਜਾ, ਖਿੱਦੋ ਬਣਾਉਣ ਵਿਚ ਨਵਜੋਤ ਕੌਰ ਨੇ ਦੂਜਾ, ਰੱਸਾ ਵੱਟਣ ਮੁਕਾਬਲੇ ਵਿੱਚ ਹਰਪਿੰਦਰ ਕੌਰ ਨੇ ਦੂਜਾ, ਮੁਹਾਵਰੇਦਾਰ ਵਾਰਤਾਲਾਪ ਵਿਚ ਟੀਮ ਨੇ ਦੂਜਾ ਅਤੇ ਹਰਪ੍ਰੀਤ ਸੰਧੂ ਨੇ ਵਿਅਕਤੀਗਤ ਰੂਪ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ। ਗੁੱਡੀਆਂ ਪਟੋਲੇ ਬਣਾਉਣ ਵਿੱਚ ਪ੍ਰੀਤੀ ਕੌਰ ਨੇ ਤੀਜਾ, ਮਿੱਟੀ ਦੇ ਖਿਡੌਣੇ ਬਣਾਉਣ ਵਿਚ ਜਸਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਹਨਾਂ ਮੁਕਾਬਲਿਆ ਦੇ ਤੀਜੇ ਦਿਨ ਵੀ ਕਾਲਜ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹੈਰੀਟੇਜ ਕੁਇਜ ਮੁਕਾਬਲੇ ਵਿੱਚ ਕਾਲਜ ਦੀ ਟੀਮ ਨੇ ਪਹਿਲਾ, ਫੁਲਕਾਰੀ ਮੁਕਾਬਲੇ ਵਿਚ ਜਸਨਪ੍ਰੀਤ ਕੌਰ ਨੇ ਪਹਿਲਾ, ਪੱਖੀ ਬਣਾਉਣ ਵਿਚ ਕੋਮਲਪ੍ਰੀਤ ਕੌਰ ਨੇ ਦੂਜਾ, ਕਢਾਈ-ਬਾਗ ਦੇ ਮੁਕਾਬਲੇ ਵਿਚ ਸੁਪਿੰਦਰ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਯੂਥ ਫੈਸਟੀਵਲ ਦੇ ਚੌਥੇ ਤੇ ਆਖਰੀ ਦਿਨ ਵੀ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਇਨਾਮ ਪ੍ਰਾਪਤ ਕੀਤੇ ਗਏ। ਲੰਮੀ ਹੇਕ ਵਾਲੇ ਗੀਤ ਮੁਕਾਬਲੇ ਵਿੱਚ ਕਾਲਜ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਹਰਮਨਜੋਤ ਕੌਰ ਨੇ ਵਿਅਕਤੀਗਤ ਤੌਰ 'ਤੇ ਦੂਜਾ ਸਥਾਨ ਹਾਸਲ ਕੀਤਾ। ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਤੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਤੇ ਕਾਲਜ ਦੀ ਲੋਕਲ ਕਮੇਟੀ ਦੇ ਅਹੁਦੇਦਾਰਾਂ ਨੇ ਯੂਥ ਫੈਸਟੀਵਲ ਦੇ ਕਨਵੀਨਰ ਡਾ. ਰਣਜੀਤ ਕੌਰ, ਕੋ-ਕਨਵੀਨਰ ਸਹਾਇਕ ਪ੍ਰੋ. ਸੁਖਨਪ੍ਰੀਤ ਕੌਰ, ਟੀਮ ਇੰਚਾਰਜਾਂ, ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

ਪ੍ਰਿੰ: ਡਾ. ਰਜਿੰਦਰ ਕੌਰ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੰਸਥਾ ਦੀ ਹੋਣਹਾਰ ਵਿਦਿਆਰਥਣਾਂ 'ਤੇ ਮਾਣ ਹੈ।

ਜ਼ਿਲ੍ਹਾ ਪੁਲਸ ਮੁਖੀ ਵੱਲੋਂ ਥਾਣਾ ਬਰੀਵਾਲਾ ਦੀ ਅਚਨਚੇਤ ਚੈਕਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਭਗਵੰਤ ਸਿੰਘ ਮਾਨ ਮੁੱਖ ਮੰਤਰੀ ਅਤੇ ਸ੍ਰੀ ਗੌਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ.ਪੰਜਾਬ ਦੀਆਂ ਹਦਾਇਤਾਂ ਤਹਿਤ ਸ੍ਰੀ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਵੱਲੋਂ ਸ਼ਾਰਰਤੀ ਅਨਸਰਾਂ ਅਤੇ ਨਸ਼ਾ ਤਸਕਰਾਂ ਖਿਲਾਫ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਪੁਲਿਸ ਦੀਆਂ ਅਲੱਗ-ਅਲੱਗ ਟੁਕੜੀਆਂ ਵੱਲੋਂ ਜਿੱਥੇ ਸ਼ੱਕੀ ਪੁਰਸ਼ਾਂ ਦੇ ਟਿਕਾਣਿਆਂ ਦੀ ਤਲਾਸ਼ੀ ਕੀਤੀ ਜਾ ਰਹੀ ਹੈ, ਉੱਥੇ ਹੀ ਜ਼ਿਲ੍ਹਾ ਦੇ ਅੰਦਰ ਤੇ ਜ਼ਿਲ੍ਹਾ ਦੇ ਸਰਹੱਦਾਂ 'ਤੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਤੇ ਡਰੋਨ ਕੈਮਰਿਆਂ ਰਾਹੀਂ ਜ਼ਿਲ੍ਹਾ ਅੰਦਰ ਨਜ਼ਰ ਰੱਖੀ ਜਾ ਰਹੀ ਹੈ, ਨਾਲ ਹੀ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਪੁਲਿਸ ਦੇ ਕੰਮਕਾਜ ਨੂੰ ਸਹੀ ਢੰਗ ਨਾਲ ਚਲਾਉਣ ਲਈ ਅਫਸਰਾਂ ਅਤੇ ਥਾਣਾ ਮੁਖੀਆਂ ਨਾਲ ਮੀਟਿੰਗਾਂ ਕਰਕੇ ਸਮੇਂ ਸਮੇਂ 'ਤੇ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ।

ਐਸ.ਐਸ.ਪੀ ਜੀ ਨੇ ਦੱਸਿਆ ਕਿ ਥਾਣਾ ਬਰੀਵਾਲਾ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ, ਚੈਕਿੰਗ ਦੌਰਾਨ ਥਾਣੇ ਅੰਦਰ ਮਾਲ ਖਾਨਾ, ਡਾਕ ਰਜਿਸਟਰ, ਰੋਜ਼ਨਾਮਚਾ, ਮਾਲ ਮੁੱਕਦਮੇ ਦੇ ਵਹੀਕਲ ਦਾ ਨਿਰੀਖਨ ਕੀਤਾ ਗਿਆ।

ਉਨ੍ਹਾ ਦੱਸਿਆ ਕਿ ਥਾਣਾ ਅੰਦਰ ਤਾਇਨਾਤ ਪੁਲਸ ਕ੍ਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਥਾਣੇ ਅੰਦਰ ਹੀਨੀਅਸ (ਗੰਭੀਰ) ਅਪਰਾਧ ਦੇ ਮਾਮਲਿਆਂ ਦੀ ਛੇਤੀ ਤੋਂ ਛੇਤੀ ਪੜਤਾਲ ਕੀਤੀ ਜਾਵੇ। ਪੈਡਿੰਗ ਦਰਖਾਸਤਾਂ ਦਾ ਛੇਤੀ ਨਿਪਟਾਰਾ ਕੀਤਾ ਜਾਵੇ, ਮੁਕੱਦਮਿਆ ਦੀ ਤਫ਼ਤੀਸ਼ ਕੀਤੀ ਜਾਵੇ, ਆਪਣੀਆਂ ਸ਼ਕਾਇਤਾਂ ਲੈ ਕੇ ਆ ਰਹੇ ਲੋਕਾਂ ਨਾਲ ਵਿਹਾਰ ਨੂੰ ਵਧੀਆ ਬਣਾਇਆ ਜਾਵੇ, ਪੀ.ਸੀ.ਆਰ ਮੋਟਰਸਾਇਕਲ ਤੇ ਤਾਇਨਾਤ ਪੁਲਸ ਮੁਲਾਜ਼ਮ ਵੱਲੋਂ ਆਪਣੇ ਏਰੀਏ ਵਿੱਚ ਗਸ਼ਤਾਂ ਨੂੰ ਵਧਾਇਆ ਜਾਵੇ ਤਾਂ ਜੁ ਕੋਈ ਚੋਰੀ ਜਾਂ ਅਨਸੁਖਾਵੀ ਘਟਨਾ ਨਾ ਵਾਪਰ ਸਕੇ।

ਪ੍ਰੋਫੈਸਰ ਬਲਜਿੰਦਰ ਕੌਰ ਨੂੰ ਕਿਸਾਨ ਆਗੂਆਂ ਨੇ ਦਿੱਤਾ ਮੰਗ ਪੱਤਰ

ਤਲਵੰਡੀ ਸਾਬੋ (ਜਗਦੀਪ ਗਿੱਲ) ਨੌਜਵਾਨਾਂ ਤੇ ਪੰਜਾਬ ਦੇ ਲੋਕਾਂ ਦੀ ਆਰਥਿਕ ਕੰਗਾਲੀ ਦਾ ਮੁੱਖ ਦੁਸ਼ਮਣ ਚਿੱਟੇ ਵਰਗੇ ਸਿੰਥੈਟਿਕ ਤੇ ਹੋਰ ਨਸ਼ਿਆਂ ਨੂੰ ਬੰਦ ਕਰਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਕਮੇਟੀ ਵੱਲੋਂ ਪੰਜਾਬ ਦੇ ਵਿਧਾਇਕਾਂ ਤੇ ਮੰਤਰੀਆਂ ਦੇ ਘਰਾਂ ਅੱਗੇ ਧਰਨੇ ਦੇਣ ਦੇ ਦਿੱਤੇ ਸੱਦੇ ਤਹਿਤ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਕਿਸਾਨਾਂ ਮਜ਼ਦੂਰਾਂ ਅਤੇ ਨਸ਼ਿਆਂ ਤੋਂ ਪੀੜਤ ਲੋਕਾਂ ਵੱਲੋਂ ਤਲਵੰਡੀ ਸਾਬੋ ਦੀ ਵਿਧਾਇਕ ਪ੍ਰੋ ਬਲਜਿੰਦਰ ਕੌਰ (ਚੀਫ ਵਿਪ) ਦੇ ਘਰ ਅੱਗੇ ਪਿੰਡ ਰਾਮ ਤੀਰਥ ਜਗਾ ਵਿਖੇ ਧਰਨਾ ਲਾਉਣ ਉਪਰੰਤ ਮੰਗ ਪੱਤਰ ਦਿੱਤਾ।

ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਔਰਤ ਜਥੇਬੰਦੀ ਦੇ ਆਗੂ ਹਰਿੰਦਰ ਬਿੰਦੂ ਤੇ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਕਿਹਾ ਕਿ ਨਸ਼ਿਆਂ ਦੇ ਵੱਡੇ ਕਾਰੋਬਾਰੀ ਕਾਰਪੋਰੇਟ ਘਰਾਣਿਆਂ, ਜਾਗੀਰਦਾਰਾਂ ਤੇ ਹੋਰ ਸਮਗਲਰਾਂ ਵੱਲੋਂ ਸਰਕਾਰਾਂ ਅਤੇ ਪੁਲਸ ਦੀ ਮਿਲੀਭੁਗਤ ਨਾਲ ਨਸ਼ਿਆਂ ਦਾ ਵੱਡੀ ਪੱਧਰ 'ਤੇ ਵਪਾਰ ਕੀਤਾ ਜਾ ਰਿਹਾ ਹੈ, ਜਿਸ ਤੋਂ ਵੱਡੀ ਪੱਧਰ 'ਤੇ ਕਮਾਈ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਬੇਰੁਜ਼ਗਾਰ ਨੌਜਵਾਨੀ ਨਸ਼ਿਆਂ ਦੀ ਇਸ ਦਲਦਲ ਵਿੱਚ ਫਸਦੀ ਜਾ ਰਹੀ ਹੈ, ਜਿਸ ਕਾਰਨ ਰੋਜ਼ਾਨਾ ਹੀ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਨਸ਼ਿਆਂ ਕਾਰਨ ਆਰਥਿਕ ਤੌਰ 'ਤੇ ਵੀ ਘਰਾਂ ਦੀ ਬਰਬਾਦੀ ਹੋ ਰਹੀ ਹੈ। ਨਸ਼ਿਆਂ ਦੀ ਤੋਟ ਪੂਰੀ ਕਰਨ ਲਈ ਚੋਰੀਆਂ ਤੇ ਕਤਲਾਂ ਵਰਗੇ ਘਿਨਾਉਣੇ ਅਪਰਾਧ ਵਧ ਰਹੇ ਹਨ।

ਵਿਧਾਇਕ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਚਿੱਟੇ ਤੇ ਹੋਰ ਨਸ਼ਿਆਂ ਦੀ ਪੈਦਾਵਾਰ, ਵਪਾਰ ਅਤੇ ਘਰ-ਘਰ ਵੰਡ-ਵੰਡਾਈ ਨੂੰ ਅਣਐਲਾਨੀ ਪ੍ਰਵਾਨਗੀ ਦੇਣ ਅਤੇ ਸੁਰੱਖਿਅਤ ਰੱਖਣ ਵਾਲੀ ਨੀਤੀ ਦਾ ਤਿਆਗ ਕਰੇ। ਸਰਕਾਰ ਵੱਲੋਂ ਵੱਡੇ ਪੱਧਰ 'ਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਤੁਰੰਤ ਹੱਥ ਲਿਆ ਜਾਵੇ, ਚਿੱਟੇ ਦੇ ਵਪਾਰ ਵਿੱਚ ਸ਼ਾਮਲ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ, ਉੱਚ ਅਫਸਰਸ਼ਾਹੀ, ਉੱਘੇ ਸਿਆਸਤਦਾਨਾਂ ਤੇ ਵੱਡੇ ਸਮਗਲਰਾਂ ਨੂੰ ਨਸ਼ਰ ਕੀਤਾ ਜਾਵੇ ਅਤੇ ਸਖਤ ਸਜਾਵਾਂ ਦਿੱਤੀਆਂ ਜਾਣ।

ਧਰਨੇ ਨੂੰ ਬਹੱਤਰ ਸਿੰਘ ਨੰਗਲਾ, ਕਾਲਾ ਸਿੰਘ ਚੱਠੇਵਾਲਾ, ਰਣਜੋਧ ਸਿੰਘ ਮਾਹੀਨੰਗਲ, ਅਮਰੀਕ ਸਿੰਘ ਬਹਿਮਣ ਕੌਰ ਸਿੰਘ, ਗੁਰਤੇਜ ਸਿੰਘ ਸੰਗਤ ਖੁਰਦ ਨੇ ਵੀ ਸੰਬੋਧਨ ਕੀਤਾ ਤੇ ਸਟੇਜ ਸੈਕਟਰੀ ਦੀ ਭੂਮਿਕਾ ਬਿੰਦਰ ਸਿੰਘ ਜੋਗੇਵਾਲਾ ਨੇ ਨਿਭਾਈ।

ਆਗੂਆਂ ਨੇ ਅਪੀਲ ਕੀਤੀ ਕਿ ਨਸ਼ਿਆਂ ਦੀ ਇਸ ਮਹਾਂਮਾਰੀ ਨੂੰ ਰੋਕਣ ਲਈ ਚੱਲ ਰਹੀ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ।

page-6-12-(OCTO)-2023-G-(BV).qxd 10/11/2023 10:27 PM Page 1

ਜੀਤ ਮਹਿੰਦਰ ਸਿੰਘ ਸਿੱਧੂ ਪਾਰਟੀ 'ਚੋਂ ਮੁਅੱਤਲ

ਬਠਿੰਡਾ (ਪਰਵਿੰਦਰ ਜੀਤ ਸਿੰਘ) - ਸ਼੍ਰੋਮਣੀ ਅਕਾਲੀ ਦਲ ਦੀ ਅਨੁਸਾਸ਼ਨੀ ਕਮੇਟੀ ਨੇ ਪਾਰਟੀ ਦੇ ਤਲਵੰਡੀ ਸਾਬੋ ਤੋਂ ਆਗੂ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿਚੋਂ ਮੁਅੱਤਲ ਕਰਨ ਦੇ ਹੁਕਮ ਦਿੱਤੇ ਹਨ ਤੇ ਉਹਨਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਕਿਉਂ ਨਾ ਉਹਨਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਜਾਵੇ। ਸਾਬਕਾ ਮੰਤਰੀ ਸਰਦਾਰ ਸਿਕੰਦਰ ਸਿੰਘ ਮਲੂਕਾ ਦੀ ਅਗਵਾਈ ਵਾਲੀ ਅਨੁਸਾਸ਼ਨੀ ਕਮੇਟੀ ਨੇ ਹਲਕਾ ਤਲਵੰਡੀ ਸਾਬੋ ਦੇ ਇੰਚਾਰਜ ਜੀਤ ਮਹਿੰਦਰ ਸਿੰਘ ਸਿੱਧੂ ਖਿਲਾਫ ਮਿਲੀ ਸ਼ਿਕਾਇਤ 'ਤੇ ਵਿਚਚੁਅਲ ਮੀਟਿੰਗ (ਵੀਡਿਓ ਕਾਂਨਫਰੰਸ) ਕਰਕੇ ਚਰਚਾ ਕੀਤੀ। ਇਹ ਸ਼ਿਕਾਇਤ ਤਲਵੰਡੀ ਸਾਬੋ ਦੇ ਪਾਰਟੀ ਆਗੂਆਂ ਤੇ ਵਰਕਰਾਂ ਨੇ ਪਾਰਟੀ ਦੇ ਬਠਿਡਾ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਬਰਾੜ ਨੂੰ ਦਿੱਤੀ ਸੀ ਜਿਹਨਾਂ ਨੇ ਅੱਗੇ ਸ਼ਿਕਾਇਤ ਪਾਰਟੀ ਦੀ ਅਨੁਸਾਸ਼ਨੀ ਕਮੇਟੀ ਨੂੰ ਭੇਜੀ। ਪਾਰਟੀ ਦੇ ਬੁਲਾਰੇ ਨੇ ਦੱਸਿਆ ਕਿ ਅਨੁਸਾਸ਼ਨੀ ਕਮੇਟੀ ਦੀ ਮੀਟਿੰਗ ਜਿਸਦੀ ਪ੍ਰਧਾਨਗੀ ਕਮੇਟੀ ਦੇ ਚੇਅਰਮੈਨ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕੀਤੀ। ਇਸ ਵਿਚ ਵਿਰਸਾ ਸਿੰਘ ਵਲਟੋਹਾ, ਸ਼ਰਨਜੀਤ ਸਿੰਘ ਢਿੱਲੋਂ, ਮਨਤਾਰ ਸਿੰਘ ਬਰਾੜ ਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਸ਼ਮੂਲੀਅਤ ਕੀਤੀ। ਉਹਨਾਂ ਦੱਸਿਆ ਕਿ ਹਲਕੇ ਦੀ ਲੀਡਰਸ਼ਿਪ ਵੱਲੋਂ ਭੇਜੀ ਸ਼ਿਕਾਇਤ 'ਤੇ ਚਰਚਾ ਮਗਰੋਂ ਫੈਸਲਾ ਲਿਆ ਗਿਆ ਕਿ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਤੁਰੰਤ ਪ੍ਰਭਾਵ ਨਾਲ ਸਸਪੈਂਡ ਕੀਤਾ ਜਾਵੇ ਅਤੇ ਉਹਨਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ 24 ਘੰਟੇ ਵਿਚ ਜਵਾਬ ਮੰਗਿਆ ਗਿਆ ਕਿ ਕਿਉਂ ਨਾ ਉਹਨਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਜਾਵੇ। ਅਨੁਸਾਸ਼ਨੀ ਕਮੇਟੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪਾਰਟੀ ਖਿਲਾਫ ਅਨੁਸਾਸ਼ਨਹੀਣਤਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਪਾਰਟੀ ਦੇ ਹੁਕਮ ਸਭ ਤੋਂ ਸਰਵਉੱਚ ਰਹਿਣਗੇ।

ਕੋਟਕ ਮਿਉਚਲ ਫੰਡ ਵੱਲੋਂ ਜਲੰਧਰ 'ਚ ਸੀ ਬੀ ਐੱਸ ਈ ਨਾਲ ਸਾਂਝੇਦਾਰੀ ਦੀ ਸ਼ੁਰੂਆਤ

ਜਲੰਧਰ : ਕੋਟਕ ਮਿਉਚਲ ਫੰਡ ਨੇ ਜਲੰਧਰ ਵਿੱਚ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ ਬੀ ਐੱਸ ਈ) ਦੇ ਨਾਲ ਸਾਂਝੇਦਾਰੀ ਵਿੱਚ ਨਿਵੇਸ਼ਕ ਸਿੱਖਿਆ ਅਤੇ ਜਾਗਰੂਕਤਾ ਪਹਿਲ 'ਸਿੱਖੋ ਪੈਸੇ ਦੀ ਭਾਸ਼ਾ' ਦਾ ਆਯੋਜਨ ਕੀਤਾ। ਇਸ ਪਹਿਲਕਦਮੀ ਦਾ ਉਦੇਸ਼ ਪੰਜਾਬ ਵਿੱਚ 4800 ਤੋਂ ਜ਼ਿਆਦਾ ਸੀਬੀਐਸਈ ਅਧਿਆਪਕਾਂ ਅਤੇ ਜਲੰਧਰ ਵਿੱਚ 1350 ਤੋਂ ਜ਼ਿਆਦਾ ਅਧਿਆਪਕਾਂ ਵਿੱਚ ਵਿੱਤੀ ਸਾਖਰਤਾ ਦੇ ਵਾਰੇ ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨਾ ਹੈ। ਇਸ ਪਹਿਲਕਦਮੀ ਦੇ ਹਿੱਸੇ ਵਜੋਂ ਕੋਟਕ ਮਿਉਚਲ ਫੰਡ ਨੇ ਸੈਂਟਰ ਫਾਰ ਇਨਵੈਸਟਮੈਂਟ ਐਜੂਕੇਸ਼ਨ ਐਂਡ ਲਰਨਿੰਗ (ਸੀ.ਆਈ.ਈ.ਐੱਲ) ਦੇ 500 ਤੋਂ ਜ਼ਿਆਦਾ ਹੁਨਰਮੰਦ ਟ੍ਰੇਨਰਾਂ ਨੂੰ ਆਪਣੇ ਨਾਲ ਜੋੜਿਆ ਹੈ ਜੋ ਪ੍ਰਭਾਵਸ਼ਾਲੀ ਸੈਸਨ ਦਾ ਆਯੋਜਨ ਕਰਦੇ ਹਨ।

ਪਬਲਿਕ ਨੋਟਿਸ

ਆਮ ਜਨਤਾ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ ਕਿ ਸ੍ਰੀ ਉਮ ਪ੍ਰਕਾਸ਼ ਪੁੱਤਰ ਸ੍ਰੀ ਗੋਬਿੰਦ ਰਾਮ ਵਾਸੀ ਮੁਹੱਲਾ ਆਨੰਦਪੁਰ ਪਠਾਨਕੋਟ ਨੇ ਦਰਖਾਸਤ ਦਿੱਤੀ ਹੈ ਕਿ ਪ੍ਰਾਪਰਟੀ ਨੰ: ਬੀ-32/423 ਏ ਰਕਬਾ 225 ਵਰਗ ਫੁੱਟ ਗਰਾਊਂਡ ਫਲੋਰ ਜਿਸ ਵਿੱਚ ਦੁਕਾਨ, ਫਲੱਸ਼ ਵਾ ਬਾਥਰੂਮ ਬਿਲਾ ਛੱਤ ਵਾਕਿਆ ਕਾਂਗਰਸ ਬਜ਼ਾਰ ਜੋ ਕਿ ਉਸ ਦੀ ਪਤਨੀ ਸ੍ਰੀਮਤੀ ਸਨੇਹ ਲਤਾ ਪਤਨੀ ਸ੍ਰੀ ਉਮ ਪ੍ਰਕਾਸ਼ ਦੇ ਨਾਂਅ 'ਤੇ ਹੈ। ਉਸ ਦੀ ਪਤਨੀ ਸ੍ਰੀਮਤੀ ਸਨੇਹ ਲਤਾ ਪਤਨੀ ਸ੍ਰੀ ਉਮ ਪ੍ਰਕਾਸ਼ ਦੀ ਮੌਤ ਮਿਤੀ 14.1.2021 ਨੂੰ ਹੋ ਚੁੱਕੀ ਹੈ। ਉਸ ਦੀ ਪਤਨੀ ਦੀ ਮੌਤ ਤੋਂ ਬਾਅਦ ਸ੍ਰੀ ਉਮ ਪ੍ਰਕਾਸ਼ ਪੁੱਤਰ ਸ੍ਰੀ ਗੋਬਿੰਦ ਰਾਮ (ਪਤੀ), ਮੁਕੇਸ਼ ਪੁੱਤਰ ਸ੍ਰੀ ਉਮ ਪ੍ਰਕਾਸ਼ (ਪੁੱਤਰ), ਸੰਨੀ ਮਹਾਜਨ ਪੁੱਤਰ ਸ੍ਰੀ ਉਮ ਪ੍ਰਕਾਸ਼ (ਪੁੱਤਰ), ਗੌਰਵ ਮਹਾਜਨ ਪੁੱਤਰ ਸ੍ਰੀ ਉਮ ਪ੍ਰਕਾਸ਼ (ਪੁੱਤਰ) ਵਾਰਸਾਨ ਸ੍ਰੀਮਤੀ ਸਨੇਹ ਲਤਾ ਪਤਨੀ ਸ੍ਰੀ ਉਮ ਪ੍ਰਕਾਸ਼ ਦੇ ਵਾਰਸ ਹਨ। ਉਕਤ ਵਾਰਸਾਂ ਵਿੱਚੋਂ ਮੁਕੇਸ਼ ਪੁੱਤਰ ਸ੍ਰੀ ਉਮ ਪ੍ਰਕਾਸ਼, ਸੰਨੀ ਮਹਾਜਨ ਪੁੱਤਰ ਸ੍ਰੀ ਉਮ ਪ੍ਰਕਾਸ਼, ਗੌਰਵ ਮਹਾਜਨ ਪੁੱਤਰ ਸ੍ਰੀ ਉਮ ਪ੍ਰਕਾਸ਼ ਨੇ ਉਕਤ ਪ੍ਰਾਪਰਟੀ ਵਿੱਚ ਬਣਦਾ ਆਪਣਾ ਹਿੱਸਾ ਹਲਫੀਆ ਬਿਆਨ ਰਾਹੀਂ ਆਪਣੇ ਪਿਤਾ (ਉਮ ਪ੍ਰਕਾਸ਼ ਪੁੱਤਰ ਸ੍ਰੀ ਗੋਬਿੰਦ ਰਾਮ) ਦੇ ਹੱਕ ਵਿੱਚ ਛੱਡ ਦਿੱਤਾ ਹੈ ਅਤੇ ਲਿਖ ਦਿੱਤਾ ਹੈ ਕਿ ਉਹਨਾ ਦਾ ਪਿਤਾ ਉਕਤ ਪ੍ਰਾਪਰਟੀ ਨੂੰ ਵੇਚ ਕਰੇ, ਰਹਿਣ ਕਰੇ ਜਾਂ ਨਗਰ ਨਿਗਮ ਪਠਾਨਕੋਟ ਦੇ ਰਿਕਾਰਡ ਵਿੱਚ ਆਪਣੇ ਨਾਂਅ 'ਤੇ ਤਬਦੀਲ ਕਰਵਾਏ ਤਾਂ ਉਹਨਾ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪ੍ਰਾਰਥੀ ਨੇ ਹਲਫੀਆ ਬਿਆਨ ਵੀ ਕੀਤਾ ਹੈ ਕਿ ਉਕਤ ਤੋਂ ਇਲਾਵਾ ਹੋਰ ਕੋਈ ਵਾਰਸ ਨਹੀਂ ਹੈ। ਜੇਕਰ ਕੋਈ ਹੋਰ ਵਾਰਸ ਸਾਬਤ ਹੁੰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ ਅਤੇ ਪ੍ਰਾਪਰਟੀ ਸੰਬੰਧੀ ਕੋਈ ਕੋਰਟ ਕੇਸ, ਘਰੇਲੂ ਝਗੜਾ ਨਹੀਂ ਹੈ। ਜੇਕਰ ਹੋਵੇਗਾ ਤਾਂ ਇਸ ਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ ਅਤੇ ਉਕਤ ਪ੍ਰਾਪਰਟੀ 'ਤੇ ਕਬਜ਼ਾ ਵੀ ਉਸ ਦਾ ਹੈ। ਇਸ ਲਈ ਨਗਰ ਨਿਗਮ ਪਠਾਨਕੋਟ ਦੇ ਰਿਕਾਰਡ ਵਿੱਚ ਉਕਤ ਪ੍ਰਾਪਰਟੀ ਦਾ ਇੰਦਰਾਜ਼ ਉਸ ਦੇ (ਉਮ ਪ੍ਰਕਾਸ਼ ਪੁੱਤਰ ਸ੍ਰੀ ਗੋਬਿੰਦ ਰਾਮ) ਦੇ ਨਾਂਅ 'ਤੇ ਤਬਦੀਲ ਕੀਤਾ ਜਾਵੇ। ਪ੍ਰਾਰਥੀ ਪਾਸੋਂ ਐੱਮ ਸੀ ਸਾਹਿਬ ਪਾਸੋਂ ਤਸਦੀਕ ਕੀਤਾ ਅਤੇ ਤਹਿਸੀਲਦਾਰ ਸਾਹਿਬ ਪਾਸੋਂ ਜਾਰੀ ਕੀਤਾ ਕੁਦਰਤੀ ਵਾਰਸ/ਪਰਵਾਰਕ ਮੈਂਬਰਾਨ ਸਰਟੀਫਿਕੇਟ ਦੀ ਕਾਪੀ ਨਾਲ ਨੱਥੀ ਹੈ। ਨਗਰ ਨਿਗਮ ਦੇ ਰਿਕਾਰਡ ਵਿੱਚ ਉਕਤ ਪ੍ਰਾਪਰਟੀ ਬੀ-32/423 ਏ ਦੁਕਾਨ 225 ਵਰਗ ਫੁੱਟ ਬਿਨਾਂ ਛੱਤ ਵਾਕਿਆ ਕਾਂਗਰਸ ਬਜ਼ਾਰ ਜੋ ਕਿ ਸ੍ਰੀਮਤੀ ਸਨੇਹ ਲਤਾ ਪਤਨੀ ਸ੍ਰੀ ਉਮ ਪ੍ਰਕਾਸ਼ ਦੇ ਨਾਂਅ 'ਤੇ ਹੈ। ਹਲਫੀਆ ਬਿਆਨ ਮੁਤਾਬਕ ਉਕਤ ਪ੍ਰਾਪਰਟੀ ਦੇ ਅੰਦਰਾਜ਼ ਦੀ ਤਬਦੀਲੀ ਸੰਬੰਧੀ ਜੇਕਰ ਕਿਸੇ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਹੋਵੇ ਤਾਂ ਇਸ ਨੋਟਿਸ ਦੇ ਅਖਬਾਰ ਵਿੱਚ ਛੱਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਲਿਖਤੀ ਇਤਰਾਜ਼ ਦਫਤਰ ਨਗਰ ਨਿਗਮ ਪਠਾਨਕੋਟ ਵਿੱਚ ਪੇਸ਼ ਕਰੇ। ਮਿੱਥੇ ਸਮੇਂ ਤੋਂ ਬਾਅਦ ਵਿੱਚ ਆਏ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ। ਸਮਾਂ ਬੀਤ ਜਾਣ ਤੋਂ ਬਾਅਦ ਉਕਤ ਪ੍ਰਾਪਰਟੀ ਨੰਬਰ ਬੀ-32/423 ਏ ਦੁਕਾਨ ਦਾ ਅੰਦਰਾਜ਼ ਹਲਫੀਆ ਬਿਆਨ ਮੁਤਾਬਕ ਕੇਵਲ ਟੈਕਸ ਮੰਤਵ ਲਈ ਸ੍ਰੀ ਉਮ ਪ੍ਰਕਾਸ਼ ਪੁੱਤਰ ਸ੍ਰੀ ਗੋਬਿੰਦ ਰਾਮ ਦੇ ਨਾਂਅ 'ਤੇ ਤਬਦੀਲ ਕਰ ਦਿੱਤਾ ਜਾਵੇਗਾ।

ਸੁਪਰਡੈਂਟ ਟੈਕਸ, ਨਗਰ ਨਿਗਮ ਪਠਾਨਕੋਟ
ਨੰ: 484/ਮਿਤੀ : 10.10.2023

COURT NOTICE

(Under Guardian and Ward Act)
In the Court of
Sh. Parinder Singh
Civil Judge
(Senior Division), Jalandhar.
CNR No. PBJL02-002315-2023
Next Date : 5.12.2023
Tajmeet Kaur
Versus
General Public

Petition Under Section 08 of Guardian and Wards Act for Appointment of Petitioner as Guardian of child.

Notice to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 5.12.2023 at 10.00 a.m.

For details logon to https://highcourtchd.gov.in/?trs=district notice & district= Jalandhar

Civil Judge (Senior Division), Jalandhar
Dated, this day of 9.10.2023

COURT NOTICE

In the Court of
Sh. Renuka Kalra
Civil Judge (Junior Division)-18, Jalandhar.
CNR No. PBJL02-004204-2023
Next Date : 14.11.2023

1. Gurmail Kaur age 61 years W/o Late Sh. Boota Ram S/o Sh. Jamita Ram 2. Lajwant Kumar age 36 years 3. Bhupinder Kumar age 33 years 4. Sanjeev Kumar age 30 years all three S/o Boota Ram S/o Sh. Jamita Ram all resident of Vill. Karari, P.O. Kishangarh, Tehsil and Distt. Jalandhar 5. Anchna Rani age 39 years D/o Sh. Boota Ram S/o Sh. Jamikta Ram W/o Sh. Sarabjit Lal R/o Vill. and P.O. Naugajja, Tehsil and Distt. Jalandhar.

Versus

General Public

Suit for grant of decree of declaration as prayed for.

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 14.11.2023 at 10.00 a.m.

For details logon to https://highcourtchd.gov.in/?trs=district notice & district= Jalandhar

Civil Judge (Junior Division)-18, Jalandhar
Dated, this day of 9.10.2023

COURT NOTICE

In the Court of
Sh. Sumukhi
Addl. Civil Judge (Senior Division), Amritsar.
CNR No. PBAS02-003126-2022
Next Date : 21.10.2023
Jasbir Singh
Versus
Manjit Singh

Publication issued to : 1. Manjit Singh S/o Kartar Singh 2. Baljit Kaur W/o Manjit Singh 3. Giran Singh S/o Unknown All R/o Jawandha, Distt. Tarn Taran.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.10.2023 at 10.00 a.m.

For details logon to https://highcourtchd.gov.in/?trs=district notice & district=Amritsar

Addl. Civil Judge (Senior Division), Amritsar.
Dated, this day of 9.10.2023

COURT NOTICE

(Under Guardian and Ward Act)
In the Court of
Sh. Aman Preet Singh
Civil Judge
(Senior Division), Rupnagar.
CNR No. PBRO02-0013702-2023
Next Date : 31.10.2023
Parkash Kaur W/o Harmesh Singh R/o Vill. Bhangalan, P.O. Sainfalpur, Tehsil and Distt. Rupnagar.

Versus

General Public and Anr

Application of Guardian Ward Act

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 31.10.2023 at 10.00 a.m.

For details logon to https://highcourtchd.gov.in/?trs=district notice & district= Rupnagar

Civil Judge (Senior Division), Rupnagar
Dated, this day of 9.10.2023

COURT NOTICE

In the Court of
Sh. Parinder Singh
Civil Judge (Senior Division), Jalandhar.
CNR No. PBJL02-002918-2021
Next Date : 30.11.2023
CS/1872/2021
Rajesh Verma
Versus
Kosmo Automobiles

Suit for grant of decree of declaration as prayed for. Suit for grant of decree of Mandatory Injunction.

Publication issued to : Sarpreet Singh S/o Sh. Kuldeep Singh R/o 342/3, Salem Tabri, Post Office Netaji Nagar, Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.11.2023 at 10.00 a.m.

For details logon to https://highcourtchd.gov.in/?trs=district notice & district= Jalandhar

Civil Judge (Senior Division), Jalandhar.
Dated, this day of 6.10.2023

COURT NOTICE

In the Court of
Mrs. Saru Mehta Kaushik
Addl. Distt. and Sessions Judge, Sangrur.
CNR No. PBSG01-002204-2022
Next Date : 3.11.2023
Bikramjit Singh
Versus
Gurmail Singh
Publication issued to : 1) Gurmail Singh S/o Mithu Singh R/o Kotdunna, Barnala 2. Anku S/o Baljit Singh R/o Katarian Wali Gali, Barnala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.11.2023 at 10.00 a.m.

For details logon to https://highcourtchd.gov.in/?trs=district notice & district= Sangrur

Addl. Distt. and Sessions Judge, Sangrur
Dated, this day of 6.10.2023

COURT NOTICE

In the Court of
Sh. Vineet Kumar Narang
Addl. Principal Judge Family Court-II, Jalandhar.
GW/176/2023
CNR No. PBJL01-009297-2023
Next Date : 2.12.2023
Mandeep W/o Abhay Partap Singh D/o Kamal Bhan Singh
Address : 53-54 New Colony Jalandhar.

Versus

1. Abhay Partap Singh S/o Sultan Singh Address : 6 Kaushalpuri Colony, Near Kamakhya Mandir, Gomti Nagar, Lucknow 2. General Public
Address : General Public

Petition Under Guardian and Wards Act

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.12.2023 at 10.00 a.m.

For details logon to https://highcourtchd.gov.in/?trs=district notice & district= Jalandhar

Addl. Principal Judge Family Court-II, Jalandhar
Dated, this day of 9.10.2023

COURT NOTICE

In the Court of
Ms. Tripat Jot
Kaur Addl. Principal Judge Family Court-1, Jalandhar.
CNR No. PBJL01-001600-2023
Next Date : 7.11.2023
Tanjot Kaur aged about 27 years W/o S. Mandeep Singh D/o S. Rajinder Pal Singh R/o H.No. 26, Lane No. 1, New Green Model Town, Jalandhar.

Versus

1. Mehakdeep Singh S/o S. Avtar Singh R/o H.No. 289, Gupta Colony, Near Radha Krishan Mandir Jalandhar 2. General Public

Petition Under Guardian and Wards Act

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 7.11.2023 at 10.00 a.m.

For details logon to https://highcourtchd.gov.in/?trs=district notice & district= Jalandhar

Addl. Principal Judge Family Court-1, Jalandhar
Dated, this day of 10.10.2023

COURT NOTICE

In the Court of
Ms. Rajwinder Kaur-II,
Civil Judge (Junior Division), Ludhiana.
CNR No. PBLD02-007388-2020
Next Date : 7.11.2023
PSPCL
Versus
Gurdip Singh
Recovery Rs. 60,239/- Stamp Paper Rs 3975/-

Publication issued to : Gurdip Singh, Guru Angad Dev Nagar, Ludhiana-141001

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 7.11.2023 at 10.00 a.m.

For details logon to https://highcourtchd.gov.in/?trs=district notice & district= Ludhiana

Civil Judge (Junior Division), Ludhiana
Dated, this day of 6.10.2023

Public Notice

It is for general information that I, Jagtar Singh S/o Bhagat Ram residing at H.No. 398, Paras Estate, Basti Peer Dad, Jalandhar, Punjab-144021 declare that name of my wife has been wrongly written as Neelam Sahota in my Passport No. M8548283. The actual name of my wife is Neelam which may be amended accordingly. All concerned please note.

We, Santokh Lal s/o Puran Chand & Jasbir Kaur w/o Santokh Lal both r/o Kot Sadiq, Jalandhar declare that our son Dharampal Bobby and his wife Harpreet Kaur are out of our control. We disinherit them from our moveable and immovable properties. We and our family shall not be held responsible for any of their acts, deeds and things in future. All concerned please note.

ਆਮ ਸੂਚਨਾ

ਧਰਮ ਚੰਦ ਪੁੱਤਰ ਸੁਖਦੇਵ ਰਾਮ ਬੱਧਨੀ ਕਲਾਂ (ਜ਼ਿਲ੍ਹਾ ਮੋਗਾ) ਦੇ ਨਾਂਅ ਖਾਤਾ ਨੰਬਰ 3003704414, 17.5 ਹਾਰਸ ਪਾਵਰ ਪੰਪ ਚੱਲ ਰਹੀ ਹੈ। ਹੁਣ ਸੁਰਿੰਦਰ ਪਾਲ ਸਿੰਘ ਪੁੱਤਰ ਧਰਮ ਚੰਦ ਵਾਸੀ ਬੱਧਨੀ ਕਲਾਂ (ਜ਼ਿਲ੍ਹਾ ਮੋਗਾ) ਦੇ ਨਾਂਅ ਕਰਨੀ ਹੈ, ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਕੋਲ ਇਤਰਾਜ਼ ਕਰ ਸਕਦਾ ਹੈ। (ਆਰ)

ਇਹ ਕਿ ਮੋਟਰ ਕੁਨੈਕਸ਼ਨ 5 ਹਾਰਸ ਪਾਵਰ ਲੋਆ ਨੰਬਰ ਏ ਪੀ 280020 ਐਮ ਜੋ ਕਿ ਵਾਕਿਆ ਰਕਬਾ ਦੀਨੇ ਕੇ ਤਹਿਸੀਲ ਜੀਰਾ ਵਿਖੇ ਲੱਗਾ ਹੋਇਆ ਹੈ। ਇਹ ਮੋਟਰ ਕੁਨੈਕਸਨ ਸ੍ਰੀ ਮੁਖਤਿਆਰ ਸਿੰਘ ਪੁੱਤਰ ਸ੍ਰੀ ਪਿਆਰਾ ਸਿੰਘ ਵਾਸੀ ਦੀਨੇ ਕੇ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜਪੁਰ ਦੇ ਨਾਮ ਤੋਂ ਬਦਲੀ ਕਰਕੇ ਸ੍ਰੀ ਸੁਰਜੀਤ ਸਿੰਘ ਪੁੱਤਰ ਸ੍ਰੀ ਮਹਿਲ ਸਿੰਘ ਵਾਸੀ ਨਿਜਾਮ ਦੀਨ ਵਾਲਾ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜਪੁਰ ਦੇ ਨਾਮ ਕੀਤਾ ਜਾ ਰਿਹਾ ਹੈ। ਅਗਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਨੋਟਿਸ ਛਪਣ ਦੇ 15 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਵਿਚ ਹਾਜਰ ਹੋ ਕੇ ਆਪਣਾ ਪੱਖ ਪੇਸ ਕਰ ਸਕਦਾ ਇਸ ਤੋਂ ਬਾਅਦ ਕੋਈ ਵੀ ਜਿੰਮੇਵਾਰੀ ਨਹੀਂ ਹੋਵੇਗੀ। ਸਹਾਇਕ ਕਾਰਜਕਾਰੀ ਇੰਜੀਨੀਅਰ, ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਿਟਡ, ਸਬ ਡਵੀਜਨ ਮੱਖੂ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਐੱਫ 1-147 ਏ ਪੀ ਸਾਢੇ ਸੱਤ ਬੀ ਐੱਚ ਪੀ ਜੋ ਦਲਬੀਰ ਕੌਰ ਪਤਨੀ ਗੁਰਦੀਪ ਸਿੰਘ ਵਾਸੀ ਪਿੰਡ ਫਤਿਹਗੜ੍ਹ ਸੂਕਰਚੱਕ, ਤਹਿ: ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲਦਾ ਸੀ, ਨੂੰ ਦਮਨਪ੍ਰੀਤ ਸਿੰਘ ਪੁੱਤਰ ਲੇਟ ਨਿਰਮਲ ਸਿੰਘ ਪਿੰਡ ਫਤਿਹਗੜ੍ਹ ਸੂੰਕਰਚੱਕ ਤਹਿ: ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 30 ਦਿਨਾਂ ਦੇ ਅੰਦਰ ਉਪ ਮੰਡਲ ਦਫਤਰ ਕੱਥੂ ਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ। ਸੰਬੰਧਤ ਨੋਟ ਕਰਨ। (ਨਾਂਰਗ)

ਮੈਂ, ਸਰਬਜੀਤ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਨਿਹਾਲ ਸਿੰਘ ਵਾਲਾ , ਜ਼ਿਲ੍ਹਾ ਮੋਗਾ ਆਪਣੀ ਸ਼ਾਦੀਸ਼ੁਦਾ ਭੈਣ ਮਨਜੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਨਾਲੋਂ ਭੈਣ-ਭਰਾ ਵਾਲੇ ਸਾਰੇ ਸੰਬੰਧ ਤੋੜ ਦਿੱਤੇ ਹਨ। ਮੈਂ ਅਤੇ ਮੇਰਾ ਪਰਵਾਰ ਇਸ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ। ਸੰਬੰਧਤ ਨੋਟ ਕਰਨ।

ਮੈਂ ਸੁਮਨ ਪਤਨੀ ਲੇਟ ਸ੍ਰੀ ਹੀਰਾ ਲਾਲ ਵਾਸੀ ਮਕਾਨ ਨੰਬਰ: 33/50 ਮੁਹੱਲਾ ਸ਼ਹਰੀਆਂ , ਕਪੂਰਥਲਾ ਇਹ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਹੀਰਾ ਲਾਲ ਦੀ ਮੌਤ ਮਿਤੀ 25.06.2022 ਨੂੰ ਹੋ ਚੁੱਕੀ ਹੈ । ਮੈਂ, ਮੇਰੇ ਦੋ ਲੜਕੇ ਸੋਹਿਤ ਤੇ ਹਿਮਾਂਸ਼ੂ ਅਤੇ ਦੋ ਬੇਟਿਆਂ ਈਸ਼ਾ ਮੱਟੂ ਤੇ ਖੁਸ਼ੀ ਉਕਤ ਮ੍ਰਿਤਕ ਦੇ ਇੱਕਲੇ ਵਾਰਿਸ ਹਾਂ। ਅਗਰ ਭਵਿ

ਪਾਵਰਕਾਮ ਦੀ ਮਹਿਲਾ ਕਰਮਚਾਰੀ ਨਾਲ ਹੋਈ ਵਧੀਕੀ ਨੂੰ ਤਿੰਨ ਮਹੀਨੇ ਬੀਤਣ 'ਤੇ ਵੀ ਪੁਲਸ ਪ੍ਰਸ਼ਾਸਨ ਖਾਮੋਸ਼ ?

ਲੁਧਿਆਣਾ (ਐੱਮ ਐੱਸ ਭਾਟੀਆ)-ਪਾਵਰਕਾਮ ਦਫਤਰ ਅੱਡਾ ਦਾਖਾ ਵਿਖੇ ਬੀਤੀ 10 ਜੁਲਾਈ ਨੂੰ ਪਿੰਡ ਕੈਲਪੁਰ ਦੇ ਇੱਕ ਸ਼ਰਾਰਤੀ ਅਨਸਰ ਦੁਆਰਾ ਪਾਵਰਕਾਮ ਦੀ ਮਹਿਲਾ ਕਰਮਚਾਰੀ ਨੂੰ ਦਫਤਰੀ ਕੰਮਪਲੈਕਸ ਅੰਦਰ ਦਾਖਲ ਹੋ ਕੇ ਸਰਕਾਰੀ ਕੰਮ 'ਚ ਸਿੱਧੀ ਦਖਲ ਅੰਦਾਜੀ ਕਰਦਿਆਂ ਉਸ ਖਿਲਾਫ ਭੱਦੀ ਸ਼ਬਦਾਵਲੀ ਵਰਤਦਿਆਂ ਵੇਖ ਲੈਣ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਦੋਂ ਇਸ ਸੰਬੰਧੀ ਪਾਵਰਕਾਮ ਅਧਿਕਾਰੀ ਮੰਡਲ ਦਫਤਰ ਅੱਡਾ ਦਾਖਾ ਰਾਹੀਂ ਮਾਮਲਾ ਮੁੱਲਾਂਪੁਰ ਦਾਖਾ ਦੇ ਪੁਲਸ ਮੁਖੀ ਦੇ ਧਿਆਨ 'ਚ ਲਿਆਂਦਾ ਤਾਂ ਉਨ੍ਹਾਂ ਸ਼ਰਾਰਤੀ ਅਨਸਰ ਦੀ ਪਿੱਠ 'ਤੇ ਖੜ੍ਹਨ ਵਾਲੇ ਪਹੁੰਚ ਰੱਖਣ ਵਾਲੇ ਲੋਕਾਂ ਦੇ ਦਬਾਅ ਹੇਠ ਆ ਕੇ ਮਾਮਲੇ ਨੂੰ ਠੰਡੇ ਬਸਤੇ 'ਚ ਪਾ ਕੇ ਇੰਨਸਾਫ ਦੇਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ, ਜਦੋਂ ਕਿ ਸਰਕਾਰੀ ਅਧਿਕਾਰੀਆਂ ਦੀ ਬੇਨਤੀ 'ਤੇ ਮਾਮਲਾ ਪਹਿਲ ਦੇ ਆਧਾਰ 'ਤੇ ਦਰਜ ਕਰਕੇ ਅਗਲੀ ਕਾਰਵਾਈ ਅਰੰਭਨੀ ਹੁੰਦੀ ਹੈ। ਇਸ ਮਾਮਲੇ ਦੀ ਪੈਰਵਾਈ ਕਰਨ ਵਾਲੀ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਯੂਨਿਟ ਅੱਡਾ ਦਾਖਾ ਦੀ ਜੱਥੇਬੰਦੀ ਵੱਲੋਂ ਵੀ ਮਹਿਲਾ ਕਰਮਚਾਰੀ ਨੂੰ ਇਨਸਾਫ ਦਿਵਾਉਣ ਲਈ ਪਾਵਰਕਾਮ ਅਧਿਕਾਰੀਆਂ, ਪੁਲਸ ਪ੍ਰਸ਼ਾਸਨ ਤੇ ਚੇਅਰਮੈਨ ਵੂਮੈਨ ਕਮਿਸ਼ਨ ਪੰਜਾਬ, ਕਮਿਸ਼ਨਰ ਕਿਰਤ ਵਿਭਾਗ ਪੰਜਾਬ ਆਦਿ ਤੱਕ ਵੀ ਅਪੀਲ ਦੇ ਰੂਪ 'ਚ ਬੇਨਤੀਆਂ ਕੀਤੀਆਂ ਹਨ ਪਰੰਤੂ ਪੁਲਸ ਪ੍ਰਸ਼ਾਸਨ ਦੁਆਰਾ ਕਥਿਤ ਦੋਸ਼ੀ ਖਿਲਾਫ ਕਾਰਵਾਈ ਨਹੀਂ ਕੀਤੀ ਜਾ ਰਹੀ। ਮੰਡਲ ਯੂਨਿਟ ਅੱਡਾ ਦਾਖਾ ਦੇ ਪ੍ਰਧਾਨ ਹਰਦਿਆਲ ਸਿੰਘ ਘੁਮਾਣ, ਗੁਰਦੇਵ ਸਿੰਘ ਪੁੜੈਣ, ਜਸਮੇਲ ਸਿੰਘ ਮੋਹੀ, ਸਰਕਲ ਯੂਨਿਟ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਸਕੱਤਰ ਬਲਵਿੰਦਰ ਸਿੰਘ ਇਯਾਲੀ, ਵਿੱਤ ਸਕੱਤਰ ਦਰਸ਼ਨ ਸਿੰਘ ਦਾਖਾ ਨੇ ਕਾਰਜਕਾਰੀ ਮੈਂਬਰ ਪੰਜਾਬ ਬਲਬੀਰ ਸਿੰਘ ਮਾਨ ਦੀ ਅਗਵਾਈ 'ਚ ਇਸ ਸੰਬੰਧੀ ਮੀਟਿੰਗ ਕਰਕੇ ਮਹਿਲਾ ਕਰਮਚਾਰੀ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਲੈਂਦਿਆਂ ਪਾਵਰਕਾਮ ਅਧਿਕਾਰੀਆਂ ਤੇ ਪੁਲਸ ਪ੍ਰਸ਼ਾਸਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਦੁਆਰਾ ਬਣਦੀ ਕਾਰਵਾਈ ਨਾਂ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ 'ਚ ਸੰਘਰਸ ਨੂੰ ਹੋਰ ਤੇਜ ਕਰਕੇ ਮਹਿਲਾ ਕਰਮਚਾਰਣ ਨਾਲ ਹੋਈ ਬਦਸਲੂਕੀ ਦਾ ਇਨਸਾਫ ਮੰਗਿਆ ਜਾਵੇਗਾ। ਇਸ ਮੌਕੇ ਸਕੱਤਰ ਮੰਡਲ ਯੂਨਿਟ ਜਗਰਾਉਂ ਜਗਤਾਰ ਸਿੰਘ ਮਲਕ, ਮੇਹਰ ਸਿੰਘ ਮਲਕ, ਸਹਾਇਕ ਸਕੱਤਰ ਬਲਵਿੰਦਰ ਸਿੰਘ ਤਾਜਪੁਰ, ਹੰਸ ਰਾਜ, ਮਨਜੀਤ ਸਿੰਘ, ਦਲਜੀਤ ਸਿੰਘ ਕੁਲਾਰ, ਸੁਖਦੇਵ ਸਿੰਘ ਅੱਬੂਵਾਲ ਆਦਿ ਨੇ ਵੀ ਪੁਲਸ ਦੀ ਢਿੱਲੀ ਕਾਰਗੁਜਾਰੀ ਦੀ ਨਿੰਦਾ ਕੀਤੀ। ਇਸ ਮੌਕੇ ਭਰਾਤਰੀ ਜਥੇਬੰਦੀਆਂ ਅਤੇ ਲੋਕ ਸੰਘਰਸ਼ ਹਿਤੈਸੀ ਇਨਸਾਫ ਪਸੰਦ ਜੱਥੇਬੰਦੀਆਂ ਨੂੰ ਅਪੀਲ ਕਰਦਿਆਂ ਸਹਿਯੋਗ ਦੀ ਮੰਗ ਵੀ ਕੀਤੀ ਤਾਂ ਜੋ ਔਰਤ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਪੁਲਸ ਪ੍ਰਸ਼ਾਸਨ ਤੋਂ ਕਾਰਵਾਈ ਦੀ ਮੰਗ ਕਰਦਿਆਂ ਲੋਕਤੰਤਰ ਦਾ ਘਾਣ ਹੋਣ ਤੋਂ ਬਚਾਇਆ ਜਾ ਸਕੇ।

ਨੈਸ਼ਨਲ ਅਬੈਕਸ ਮੁਕਾਬਲੇ ਕਰਵਾਏ

ਰਾਮਪੁਰਾ ਫੂਲ (ਦਰਸਨ ਜਿੰਦਲ) ਚੈਂਪੀਅਨਜ਼ ਗਰੁੱਪ ਵੱਲੋਂ ਚੰਡੀਗੜ੍ਹ ਵਿਖੇ ਕਰਵਾਏ ਗਏ ਨੈਸ਼ਨਲ ਅਬੈਕਸ ਮੁਕਾਬਲੇ 'ਚ ਰਾਮਪੁਰਾ ਫੂਲ, ਬਠਿੰਡਾ, ਰਾਮਾਂ ਮੰਡੀ ਦੇ ਵੱਖ ਵੱਖ ਸਕੂਲਾਂ ਦੇ 150 ਬੱਚਿਆਂ ਨੇ ਭਾਗ ਲਿਆ। ਚੈਂਪੀਅਨਜ਼ ਵਰਲਡ ਦੇ ਡਾਇਰੈਕਟਰ ਸੰਜੀਵ ਕੁਮਾਰ ਨੇ ਦੱਸਿਆ ਕਿ ਮੁਕਾਬਲੇ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਨਵੀਂ ਦਿੱਲੀ, ਉੱਤਰਾਖੰਡ, ਮਹਾਂਰਾਸ਼ਟਰ, ਤਾਮਿਲਨਾਡੂ, ਮੱਧਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਦੇ 16000 ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲੇ ਦਾ ਮੁੱਖ ਕੇਂਦਰ ਚੰਡੀਗੜ੍ਹ ਸੀ, ਇਸ ਤੋਂ ਇਲਾਵਾ ਅਹਿਮਦਾਬਾਦ, ਤਿਰੂਵਨੰਤਪੁਰਮ ਅਤੇ ਮੁੰਬਈ ਵਿਖੇ ਪ੍ਰੀਖਿਆ ਕੇਂਦਰ ਬਣਾਏ ਗਏ ਸਨ। ਸ਼ਾਰਪ ਬ੍ਰੇਨਸ ਏਜੂਕੇਸ਼ਨ ਰਾਮਪੁਰਾ ਫੂਲ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਪ੍ਰਤੀਯੋਗਿਤਾ ਦੇ ਦੌਰਾਨ 100 ਪ੍ਰਸ਼ਨਾਂ ਦੇ ਉੱਤਰ ਬਿਨ੍ਹਾ ਕਿਸੇ ਕੈਲਕੂਲੇਟਰ ਦੇ ਸਿਰਫ 5-7 ਮਿੰਟਾਂ ਵਿੱਚ ਹੱਲ ਕੀਤੇ। ਇਸ ਵਿੱਚ ਜੋੜ, ਘਟਾਓ, ਗੁਣਾ ਅਤੇ ਵੰਡ ਦੇ ਸਵਾਲ ਸ਼ਾਮਲ ਸਨ। ਇਸ ਮੌਕੇ ਵਿਦਿਆਰਥੀਆਂ ਨੇ ਹਾਜ਼ਰ ਮਹਿਮਾਨਾਂ ਅਤੇ ਮਾਪਿਆਂ ਦੇ ਸਾਹਮਣੇ ਆਪਣੀ ਮੈਂਟਲ ਮੈਥ ਕਾਬਲੀਅਤ ਦਾ ਕਾਬਿਲੇ ਤਾਰੀਫ ਪ੍ਰਦਰਸ਼ਨ ਕਰ ਕੇ ਇਹ ਸਾਬਿਤ ਕਰ ਦਿੱਤਾ ਕਿ ਉਨ੍ਹਾਂ ਦਾ ਦਿਮਾਗ ਕੈਲਕੁਲੇਟਰ ਅਤੇ ਕੰਪਿਊਟਰ ਤੋਂ ਵੀ ਤੇਜੀ ਨਾਲ ਕੰਮ ਕਰਦਾ ਹੈ। ਪ੍ਰਤੀਯੋਗਿਤਾ ਦਾ ਰਿਜਲਟ 15 ਦਿਨਾਂ ਬਾਅਦ ਆਵੇਗਾ। ਸਾਲ 2023 ਦੌਰਾਨ ਇੰਡੀਆ ਬੁੱਕ ਆਫ ਰਿਕਾਰਡਸ, ਏਸ਼ੀਆ ਬੁੱਕ ਆਫ ਰਿਕਾਰਡਸ ਅਤੇ ਇੰਟਰਨੈਸ਼ਨਲ ਬੁੱਕ ਆਫ ਰਿਕਾਰਡਸ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਾਲੇ ਰਾਮਪੁਰਾ ਅਤੇ ਬਠਿੰਡਾ ਨਾਲ ਸਬੰਧਤ 7 ਬੱਚਿਆਂ ਨੂੰ ਇਸ ਮੌਕੇ ਉਚੇਚੇ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਹੋਰਾਂ ਤੋ ਇਲਾਵਾ ਮੈਡਮ ਪੂਜਾ ਗੋਇਲ, ਮੈਡਮ ਨੀਲਮ ਗਰਗ, ਸੰਜੀਵ ਗਰਗ, ਵਿਕਾਸ ਗਰਗ, ਸੰਜੀਵ ਸਿੰਗਲਾ, ਨਿਸ਼ਾ ਗਰਗ, ਜੋਤੀ ਸਿੰਗਲਾ, ਮਨਿੰਦਰ ਗਰਗ ਹਨੀ, ਅੰਜਨਾ ਜਿੰਦਲ ਅਤੇ ਸਤਵੀਰ ਕੌਰ ਵੀ ਜਿਲ੍ਹੇ ਦੇ ਬੱਚਿਆਂ ਦਾ ਹੌਸਲਾ ਵਧਾਉਣ ਦੇ ਲਈ ਚੰਗੀਗੜ੍ਹ ਵਿਖੇ ਹਾਜ਼ਰ ਰਹੇ।

ਸਹਿਕਾਰੀ ਸਭਾਵਾਂ ਦੇ ਉਪ ਰਜਿਸਟਰਾਰ ਵੱਲੋਂ ਪਿੰਡਾਂ ਦਾ ਦੌਰਾ

ਪਾਤੜਾਂ (ਨਿਸਾਨ ਸਿੰਘ ਬਣਵਾਲਾ) ਝੋਨੇ ਦੀ ਪਰਾਲੀ ਦੀ ਰਹਿੰਦ ਖੂੰਹਦ ਦੀ ਸੰਭਾਲ ਸਬੰਧੀ ਸਹਿਕਾਰੀ ਸਭਾਵਾਂ ਪਟਿਆਲਾ ਦੇ ਉਪ ਰਜਿਸਟਰਾਰ ਸਰਬੇਸਵਰ ਸਿੰਘ ਮੋਹੀ ਨੇ ਤਹਿਸੀਲ ਪਾਤੜਾ ਦੇ ਪਿੰਡ ਹਰਿਆਊ ਖੁਰਦ, ਹਰਿਆਊ ਕਲਾਂ ਅਤੇ ਖਾਂਗ ਦਾ ਦੌਰਾ ਕੀਤਾ। ਉਨ੍ਹਾਂ ਨੇ ਕਿਸਾਨ ਭਾਈਚਾਰੇ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਪਰਾਲੀ ਦੀ ਸਾਂਭ ਸੰਭਾਲ ਲਈ ਵੱਖ ਵੱਖ ਖੇਤੀਬਾੜੀ ਸੰਦਾਂ ਜਿਵੇ ਕਿ ਬੇਲਰ, ਸਰਫੇਸ ਸੀਡਰ, ਸੁਪਰ ਸੀਡਰ ਅਤੇ ਹੋਰ ਦੀ ਵਰਤੋਂ ਸੰਬੰਧੀ ਉਤਸਾਹਿਤ ਕੀਤਾ। ਇਸ ਮੌਕੇ ਕਿਸਾਨਾਂ ਨੇ ਖੇਤੀਬਾੜੀ ਸੰਦਾਂ ਦੀ ਬੁਕਿੰਗ ਕਰਵਾਈ ਤਾਂ ਕਿ ਉਹ ਆਪਣੇ ਖੇਤਾਂ 'ਚ ਇਹਨਾਂ ਦੀ ਵਰਤੋਂ ਕਰਨ ਅਤੇ ਬਿਨ੍ਹਾਂ ਅੱਗ ਲਗਾਏ ਪਰਾਲੀ ਦੀ ਸੰਭਾਲ ਕੀਤੀ ਜਾ ਸਕੇ। ਉਪ ਰਜਿਸਟਰਾਰ ਸਰਬੇਸਵਰ ਸਿੰਘ ਮੋਹੀ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਜਿੱਥੇ ਸਾਡਾ ਵਾਤਾਵਰਣ ਬੁਰੀ ਤਰ੍ਹਾਂ ਦੂਸ਼ਿਤ ਹੋ ਰਿਹਾ ਹੈ ਉਥੇ ਹੀ ਮਨੁੱਖੀ ਸਿਹਤ ਤੇ ਜੀਵ ਜੰਤੂਆਂ ਦੀ ਸਿਹਤ ਉਪਰ ਵੀ ਨਾੜ ਦੇ ਧੂੰਏ ਕਾਰਨ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਸੰਦ ਸਹਿਕਾਰੀ ਸਭਾਵਾਂ ਦੇ ਰਾਹੀਂ ਕਿਸਾਨਾਂ ਦੀ ਲੋੜ ਮੁਤਾਬਕ ਮੁਹੱਈਆ ਕਰਵਾਏ ਜਾ ਰਹੇ ਹਨ, ਇਸ ਲਈ ਕਿਸਾਨ ਨੇੜਲੀ ਸਭਾ ਨਾਲ ਸੰਪਰਕ ਕਰ ਸਕਦੇ ਹਨ।

ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਨੇ 3 ਗੋਲਡ ਤੇ 2 ਸਿਲਵਰ ਮੈਡਲ ਜਿੱਤੇ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਬੀਤੇ ਦਿਨੀਂ ਗੋਆ ਵਿਖੇ ਹੋਏ ਨੈਸ਼ਨਲ ਫੈਡਰੇਸ਼ਨ ਕੱਪ 2023-24 ਦੀਆਂ ਖੇਡਾਂ 'ਚ ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਦੇ ਤਜਰਬੇਕਾਰ ਅਤੇ ਮਿਹਨਤੀ ਕੋਚ ਇੰਦਰ ਕੁਮਾਰ ਦੀ ਅਗਵਾਈ ਹੇਠ ਗਏ ਬੱਚਿਆਂ ਨੇ ਵੱਖ ਵੱਖ ਰਾਜਾਂ ਨੂੰ ਪਛਾੜਦੇ ਹੋਏ 3 ਗੋਲਡ ਅਤੇ 2 ਸਿਲਵਰ ਮੈਡਲ ਹਾਸਲ ਕਰਕੇ ਖੇਡ ਦੇ ਮੈਦਾਨ 'ਚ ਮੱਲਾਂ ਮਾਰੀਆਂ ਹਨ ਅਤੇ ਸਕੂਲ ਅਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ ਜੋ ਕਿ ਸਕੂਲ ਦੀ ਮਨੇਜਮੈਂਟ ਅਤੇ ਕੋਚ ਇੰਦਰ ਕੁਮਾਰ ਦੀ ਮਿਹਨਤ ਅਤੇ ਬੱਚਿਆਂ ਦੀ ਧੁੱਪ ਗਰਮੀ ਦੀ ਪ੍ਰਵਾਹ ਨਾ ਕਰਦੇ ਹੋਏ ਖੇਡਾਂ ਪ੍ਰਤੀ ਪੂਰੀ ਲਗਨ ਦਾ ਸਬੂਤ ਦਿੱਤਾ ਹੈ। ਇਸ ਸੰਬੰਧ ਸਕੂਲ ਮੁੱਖੀ ਅਰਨਵ ਸਰਕਾਰ ਨੇ ਦੱਸਿਆ ਕਿ ਇਹਨਾ ਖੇਡਾਂ ਵਿੱਚ ਹਸਨਪ੍ਰੀਤ ਕੌਰ, ਮਨਮੀਤ ਸਿੰਘ ਅਤੇ ਮਾਨਵਜੋਤ ਸਿੰਘ ਨੇ ਗੋਲਡ ਮੈਡਲ ਅਤੇ ਨਵਜੋਤ ਸਿੰਘ ਅਤੇ ਮਨਜੋਤ ਸਿੰਘ ਨੇ ਸਿਲਵਰ ਮੈਡਲ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕ ਅਨਿੰਦਆ ਸਰਕਾਰ, ਬੰਦਨਾ ਸਰਕਾਰ ਅਤੇ ਤਨੁਸਰੀ ਸਰਕਾਰ ਅਤੇ ਸਾਰੇ ਸਕੂਲ ਸਟਾਫ ਨੇ ਬੱਚਿਆਂ ਦਾ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ।

ਫੀਲਡ 'ਚ ਕੰਮ ਕਰਦੇ ਸਾਰੇ ਪੱਤਰਕਾਰਾਂ ਨੂੰ ਸਹੂਲਤਾਂ ਦਿੱਤੀਆਂ ਜਾਣ : ਆਗੂ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ (ਬਰਨਾਲਾ) ਦੀ ਅਹਿਮ ਮੀਟਿੰਗ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ ਦੀ ਅਗਵਾਈ ਹੇਠ ਇਥੇ ਹੋਈ। ਇਸ ਮੌਕੇ ਪਾਸ ਸੋਕ ਮਤੇ ਰਾਹੀ ਪ੍ਰਵਾਸੀ ਭਾਰਤੀ ਪੱਤਰਕਾਰ ਡਾ: ਭੁਪਿੰਦਰ ਸਿੰਘ ਠੁੱਲੀਵਾਲ ਕੈਨੇਡਾ ਦੇ ਸਤਿਕਾਰਯੋਗ ਪਿਤਾ ਬਲਦੀਪ ਸਿੰਘ ਧਾਲੀਵਾਲ ਦੇ ਅਕਾਲ ਚਲਾਣੇ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਕਲੱਬ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਜਰਨਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ ਨੇ ਕਲੱਬ ਦੀਆਂ ਸਰਗਰਮੀਆਂ ਵਰੇ ਜਾਣਕਾਰੀ ਦਿੰਦੇ ਕਿਹਾ ਕਿ ਅਗਲੇ ਮਹੀਨੇ ਝੋਨੇ ਦੇ ਸੀਜ਼ਨ ਤੋਂ ਬਾਅਦ ਕਲੱਬ ਵਲੋਂ 19ਵਾਂ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਜਾਵੇਗਾ। ਜਿਸ ਦੀਆਂ ਤਿਆਰੀਆਂ ਹੁਣੇ ਤੋਂ ਹੀ ਸ਼ੁਰੂ ਕਰਨ ਦੀ ਅਪੀਲ ਕੀਤੀ। ਉਪ ਚੇਅਰਮੈਨ ਸੁਖਵਿੰਦਰ ਸਿੰਘ ਸੋਨੀ ਨੇ ਮੁੱਖ ਮੰਤਰੀ ਪੰਜਾਬ ਪਾਸੋਂ ਫੀਲਡ 'ਚ ਕੰਮ ਕਰਦੇ ਸਮੂਹ ਪੱਤਰਕਾਰਾਂ ਦੀ ਹੱਕੀ ਜਾਇਜ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਲਾਗੂ ਕਰਨ ਦੀ ਮੰਗ ਕੀਤੀ। ਇਸ ਮੌਕੇ ਡਾ. ਜਗਰਾਜ ਸਿੰਘ ਮੂੰਮ, ਬਲਵੰਤ ਸਿੰਘ ਚੁਹਾਨਕੇ, ਪ੍ਰਦੀਪ ਸਿੰਘ ਲੋਹਗੜ੍ਹ, ਰਾਜਵਿੰਦਰ ਸਿੰਘ ਖਾਲਸਾ, ਜਗਸੀਰ ਸਿੰਘ ਸਹਿਜੜਾ, ਸੁਖਵੀਰ ਸਿੰਘ ਜਗਦੇ, ਮੇਘ ਰਾਜ ਜੋਸ਼ੀ, ਰਮਨਦੀਪ ਸਿੰਘ ਠੁੱਲੀਵਾਲ ਆਦਿ ਹਾਜ਼ਰ ਸਨ।

ਮੰਗਾਂ ਨੂੰ ਲੈ ਕੇ ਰਾਇਸ ਮਿੱਲਰਜ਼ ਐਸੋਸੀਏਸ਼ਨ ਦੀ ਮੀਟਿੰਗ

ਸੰਗਰੂਰ (ਪ੍ਰਵੀਨ ਸਿੰਘ)- ਲੋਕਲ ਰਾਇਸ ਮਿਲਰਜ਼ ਐਸੋਸੀਏਸ਼ਨ ਦੀ ਅਹਿਮ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਵਰਿੰਦਰਪਾਲ ਸਿੰਘ ਟੀਟੂ ਦੀ ਅਗਵਾਈ ਹੇਠ ਹੋਈ, ਜਿਸ 'ਚ ਸੰਗਰੂਰ ਦੇ ਸਾਰੇ ਮਿਲਰਜ਼ ਨੇ ਸ਼ੈੱਲਰ ਇੰਡਸਟਰੀ ਨੂੰ ਆ ਰਹੀਆਂ ਮੁਸ਼ਕਲਾਂ ਸੰਬੰਧੀ ਵਿਚਾਰ ਵਟਾਦਰਾਂ ਕੀਤਾ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਐਫ ਸੀ ਆਈ ਵੱਲੋਂ ਐਫ ਆਰ ਕੇ ਸੰਬੰਧੀ ਲਏ ਜਾ ਰਹੇ ਫੈਸਲਿਆਂ ਨੂੰ ਲੈ ਕੇ ਸਮੁੱਚੀ ਸ਼ੈੱਲਰ ਇੰਡਸਟਰੀ 'ਚ ਵਿਆਪਕ ਰੋਸ ਹੈ। ਇਸ ਮਸਲੇ ਸੰਬੰਧੀ ਐਫ ਸੀ ਆਈ ਵੱਲੋਂ ਕੋਈ ਹੱਲ ਨਾ ਕਰਨ ਕਾਰਨ ਸੰਗਰੂਰ ਦੇ ਸਮੁੱਚੇ ਮਿੱਲਰਜ਼ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣ ਦਾ ਫੈਸਲਾ ਲਿਆ ਗਿਆ। ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਉਹਨਾਂ ਦੀਆਂ ਜਾਇਜ਼ ਮੰਗਾਂ ਵੱਲ ਗੌਰ ਨਾ ਕੀਤਾ ਤਾਂ ਸ਼ੈੱਲਰ 'ਚ ਜੀਰੀ ਸਟੋਰ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਮਿਲਰਜ਼ ਵੱਲੋਂ ਬਾਰਦਾਨਾ ਦਿੱਤਾ ਜਾਵੇਗਾ। ਇਸ ਮੌਕੇ ਐਸੋਸੀਏਸ਼ਨ ਦੇ ਸਰਪ੍ਰਸਤ ਹਰੀਚਰਨ ਸ਼ਰਮਾ, ਸੀਨੀਅਰ ਵਾਈਸ ਪ੍ਰਧਾਨ ਕਮਲ ਮਿੱਤਲ, ਜਨਰਲ ਸੈਕਟਰੀ ਸ਼ਾਮਲਾਲ, ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਨਿੱਕਾ, ਮੀਤ ਪ੍ਰਧਾਨ ਜਿੰਮੀ ਸਿੰਗਲਾ, ਸੈਕਟਰੀ ਕ੍ਰਿਸ਼ਨ ਬਾਂਸਲ (ਬੱਬੂ), ਖਜ਼ਾਨਚੀ ਪਰਮਜੀਤ ਸ਼ਰਮਾ, ਮੁੱਖ ਸਲਾਹਕਾਰ ਦਿਨੇਸ਼ ਸ਼ਰਮਾ, ਮੈਂਬਰ ਸਾਰਥੀ ਗਰਗ, ਮੈਂਬਰ ਸੰਦੀਪ ਗਰਗ ਸੋਡੀ, ਮੈਂਬਰ ਬਲਵਿੰਦਰ ਸ਼ਰਮਾਂ ਅਤੇ ਸਮੂਹ ਮਿੱਲਰਜ਼ ਹਾਜ਼ਰ ਸਨ।

ਆਈ ਐੱਸ ਐੱਫ ਕਾਲਜ ਆਫ ਫਾਰਮੇਸੀ ਵਿਖੇ ਐਲੂਮਨਾਈ ਮੀਟ

ਮੋਗਾ (ਅਮਰਜੀਤ ਬੱਬਰੀ) ਸੂਬੇ ਦੀ ਪ੍ਰਮੁੱਖ ਵਿਦਿਅਕ ਸੰਸਥਾ ਆਈ ਐਸ ਐਫ ਕਾਲਜ ਆਫ ਫਾਰਮੇਸੀ ਵਿਖੇ ਐਲੂਮਨਾਈ ਮੀਟ-2023 ਦਾ ਆਯੋਜਨ ਕੀਤਾ ਗਿਆ।ਐਲੂਮਨਾਈ ਮੀਟ ਦੀ ਸ਼ੁਰੂਆਤ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ ਜਨੇਸ਼ ਗਰਗ, ਡਾਇਰੈਕਟਰ ਗੁਪਤਾ, ਵਾਈਸ ਪ੍ਰਿੰਸੀਪਲ ਡਾ ਆਰਕੇ ਨਾਰੰਗ, ਡਾ ਸੰਜੀਵ ਠੱਕਰ ਪਿੰਸੀਪਲ ਐਸ ਡੀ ਕਾਲਜ ਆਫ ਫਾਰਮੇਸੀ ਗੰਗਾ ਨਗਰ, ਗੋਪਾਲ ਸ਼ਰਮਾ ਪ੍ਰਧਾਨ ਮੈਕਲਾਈਡ ਫਾਰਮਾਸਿਊਟਿਕਲ ਲਿਮਿਟਡ, ਗੁਰਪ੍ਰੀਤ ਸ਼ਰਮਾ, ਵਰਿੰਦਰ ਧੀਮਾਨ ਕੈਮਿਸਟ, ਨਵਦੀਪ ਸ਼ਰਮਾ, ਲੋਕੇਸ਼ ਗੁਪਤਾ ਮਾਰਕੀਟਿੰਗ ਹੈਡ ਅਤੇ ਹੋਰਨਾਂ ਐਲੂਮਨਾਈ ਨੇ ਸਾਂਝੇ ਤੌਰ 'ਤੇ ਜੋਤੀ ਜਗ੍ਹਾ ਕੇ ਕੀਤਾ। ਮੁੱਖ ਮਹਿਮਾਨ ਚੇਅਰਮੈਨ ਪ੍ਰਵੀਨ ਗਰਗ ਅਤੇ ਹੋਰਨਾਂ ਮਹਿਮਾਨਾਂ ਦਾ ਫੁਲਾਂ ਦੇ ਬੁਕੇ ਦੇ ਕੇ ਸੁਆਗਤ ਸੰਸਥਾ ਦੇ ਡਾਇਰੈਕਟਰ ਡਾ ਜੀ ਡੀ ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ ਕੇ ਨਾਰੰਗ ਨੇ ਕੀਤਾ।ਇਸ ਮੌਕੇ ਚੇਅਰਮੈਨ ਪ੍ਰਵੀਨ ਗਰਗ ਨੇ ਆਪਣੇ ਸੰਬੋਧਨ 'ਚ ਸਾਰਿਆ ਦਾ ਸੁਆਗਤ ਕਰਦਿਆ ਸਾਬਕਾ ਵਿਦਿਆਰਥੀਆ ਨੂੰ ਰੀੜ ਦੀ ਹੱਡੀ ਦੱਸਿਆ ਅਤੇ ਕਿਸੇ ਵੀ ਸੰਸਥਾ ਦੀ ਤਰੱਕੀ ਲਈ ਉਥੇ ਦੇ ਸਾਬਕਾ ਵਿਦਿਆਰਥੀਆ ਦੀ ਅਹਿਮ ਭੂਮਿਕਾ ਅਦਾ ਹੁੰਦੀ ਹੈ। ਇਸਦੇ ਨਾਲ-ਨਾਲ ਸੰਸਥਾ ਦੀ ਤਰੱਕੀ ਬਾਰੇ ਦੱਸਿਆ ।ਕੋਆਡੀਨੇਟਰ ਡਾ ਰੋਹਿਤ ਭਾਟੀਆ ਨੇ ਦੱਸਿਆ ਕਿ ਇਸ ਮੀਟ 'ਚ 300 ਤੋਂ ਵੱਧ ਐਲੂਮਨਾਈਆਂ ਨੇ ਹਿੱਸਾ ਲਿਆ। ਗੋਪਾਲ ਸ਼ਰਮਾ, ਭੂਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਵਦੀਪ ਸ਼ਰਮਾ, ਸੰਯੋਜਕ ਵਰਿੰਦਰ ਧੀਮਾਨ ਨੇ ਆਪਣੇ ਵਿਚਾਰ ਰੱਖੇ ਅਤੇ ਉਥੇ ਪੜ੍ਹਾਈ ਦੌਰਾਨ ਕੀਤੇ ਗਏ ਕਾਰਜ਼ਾਂ ਅਤੇ ਸੰਸਥਾ ਦੇ ਬਾਰੇ ਦੱਸਿਆ ।ਅਖੀਰ 'ਚ ਸਾਰਿਆ ਦਾ ਧੰਨਵਾਦ ਕੋਆਡੀਨੇਟਰ ਰੋਹਿਤ ਭਾਟੀਆ ਨੇ ਕੀਤਾ। ਐਲੂਮਨਾਈ ਮੀਟ ਦੀ ਸਮਾਪਤੀ ਤੇ ਸਾਰੇ ਮਹਿਮਾਨਾਂ ਨੂੰ ਸਨਮਾਨ ਚਿੰਨ ਅਤੇ ਦੁਸਾਲਾ ਦੇ ਕੇ ਸਨਮਾਨਤ ਕੀਤਾ।

ਪਟਾਕਿਆਂ ਦੀ ਵਿਕਰੀ ਲਈ ਆਰਜ਼ੀ ਲਾਇਸੈਂਸਾਂ ਵਾਸਤੇ ਡਰਾਅ 23 ਨੂੰ

ਬਰਨਾਲਾ (ਰਾਜਿੰਦਰ ਬਰਾੜ)- ਦੀਵਾਲੀ/ਗੁਰਪੁਰਬ ਦੇ ਮੱਦੇਨਜਰ ਗਰੀਨ ਪਟਾਕਿਆਂ ਦੇ ਆਰਜ਼ੀ ਲਾਇਸੈਂਸ ਲਈ ਅਪਲਾਈ ਕਰਨ ਵਾਲਿਆਂ ਲਈ ਡਰਾਅ 23 ਅਕਤੂਬਰ ਨੂੰ ਕੱਢੇ ਜਾਣਗੇ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮੈਜਿਸਟ੍ਰੇਟ, ਸ੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਪ੍ਰਾਪਤ ਹੋਈਆਂ ਦਰਖਾਸਤਾਂ ਅਨੁਸਾਰ ਡਰਾਅ ਰਾਹੀਂ ਆਰਜ਼ੀ ਲਾਇਸੈਂਸ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪਬਲਿਕ ਪਟਾਕਿਆਂ ਦੀ ਵਿਕਰੀ ਲਈ 16 ਅਕਤੂਬਰ ਤੋਂ 18 ਅਕਤੂਬਰ ਤੱਕ ਅਸਥਾਈ ਲਾਇਸੈਂਸ ਲੈਣ ਲਈ ਸੇਵਾ ਕੇਂਦਰਾਂ 'ਤੇ ਅਪਲਾਈ ਕੀਤਾ ਜਾ ਸਕੇਗਾ, ਜਿਸ ਸੰਬੰਧੀ 23 ਅਕਤੂਬਰ ਨੂੰ ਡਰਾਅ ਕੱਢਿਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਮੈਰਿਜ ਪੈਲੇਸਾਂ 'ਚ ਵਿਆਹ ਅਤੇ ਹੋਰ ਸਮਾਗਮਾਂ ਦੇ ਮੌਕੇ ਪਟਾਕੇ ਚਲਾਉਣ ਲਈ ਵੱਖਰਾ ਲਾਇਸੈਂਸ ਲੈਣਾ ਹੋਵੇਗਾ, ਜਿਸ ਦੀ ਪੂਰਨ ਜਿੰਮੇਵਾਰੀ ਮੈਰਿਜ ਪੈਲੇਸ ਦੇ ਮਾਲਕ ਦੀ ਹੋਵੇਗੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ ਦੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਰੌਸ਼ਨੀ 'ਚ ਗਰੀਨ ਪਟਾਕਿਆਂ ਲਈ ਹੀ ਲਾਇਸੈਂਸ ਜਾਰੀ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਵੱਲੋਂ ਇਸ ਸੰਬੰਧੀ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ।

ਜੇ ਐੱਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਵੁਸੋ 'ਚ ਸ਼ਾਨਦਾਰ ਪ੍ਰਦਰਸ਼ਨ

ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)-ਜੇ. ਐਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਦੇ ਵਿਦਿਆਰਥੀਆ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 'ਚ ਜਿਲ੍ਹਾ ਪੱਧਰ ਉੱਪਰ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਖੇਡਾਂ ਸ਼ਹੀਦ ਭਗਤ ਸਿੰਘ ਇੰਜੀਨੀਅਰਿੰਗ ਕਾਲਜ ਫਿਰੋਜਪੁਰ 'ਚ ਕਰਵਾਈਆ ਗਈਆਂ ਇਹਨਾਂ ਖੇਡਾਂ ਵਿਚ ਜੇ, ਐਨ ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਦੇ ਵਿਦਿਆਰਥੀਆਂ ਨੇ ਖੇਡ ਮੁਕਾਬਲਿਆਂ 'ਚ ਇਤਿਹਾਸਿਕ ਪ੍ਰਦਰਸ਼ਨ ਕੀਤਾ ਜੇ. ਐਨ. ਇੰਟਰਨੈਸ਼ਨਲ ਸਕੂਲ ਇਲਾਕੇ ਦੀ ਸਿੱਖਿਆ ਦੇ ਖ਼ੇਤਰ ਵਿੱਚ ਇੱਕ ਸਿਰਮੌਰ ਸੰਸਥਾ ਵਜੋਂ ਜਾਣੀ ਜਾਂਦੀ ਹੈ। ਜੇ. ਐਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਕਿਹਾ ਕਿ ਜੇ ਐਨ.ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ -ਨਾਲ ਖੇਡਾਂ ਲਈ ਯੋਗ ਕੋਚਾਂ ਦੁਆਰਾ ਸਿੱਖਿਅਤ ਸਟਾਫ਼ ਰਾਹੀਂ ਸਿਖਲਾਈ ਦੇ ਕੇ ਤਿਆਰੀ ਕਰਵਾਈ ਜਾਂਦੀ ਹੈ। ਵਿਦਿਆਰਥੀਆਂ ਨੇ ਆਪਣੀ ਚੰਗੀ ਕਾਰਗੁਜ਼ਾਰੀ ਦੇ ਸਿਰ ਪ੍ਰਭਜੋਤ ਕੌਰ ਨੇ ਗੋਲਡ ਮੈਡਲ, ਜਸਮੀਤ ਨੌਂਵੀਂ ਜਮਾਤ ਗੋਲਡ ਮੈਡਲ, ਪਲਕਦੀਪ ਗਿਆਰਵੀਂ ਜਮਾਤ ਗੋਲਡ ਮੈਡਲ, ਕੋਮਲ ਨੌਂਵੀਂ ਜਮਾਤ ਗੋਲਡ ਮੈਡਲ, ਅਕਾਂਸ਼ਾ ਸੱਤਵੀਂ ਜਮਾਤ ਗੋਲਡ ਮੈਡਲ, ਜਸਨਪ੍ਰੀਤ ਸੱਤਵੀਂ ਜਮਾਤ ਗੋਲਡ ਮੈਡਲ, ਗੇਵਿਸ ਅੱਠਵੀ ਜਮਾਤ ਗੋਲਡ ਮੈਡਲ ਇਹਨਾਂ ਸਾਰਿਆਂ ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਲ ਕਰਕੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਚੈਅਰਮੈਨ ਜਨਕ ਰਾਜ ਮੁੰਜਾਲ, ਮਨੇਜ਼ਿੰਗ ਡਰੈਕਟਰ ਅਰਜੁਨ ਮੁੰਜਾਲ, ਮਨੇਜਮੈਂਟ ਮੈਂਬਰ ਸ੍ਰੀਮਤੀ ਏਕਤਾ ਮੁੰਜਾਲ, ਮਨੇਜਮੈਂਟ ਮੈਂਬਰ ਸ੍ਰੀਮਤੀ ਅੰਜਲੀ ਚਾਨਣਾ ਅਤੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਸਮੂਹ ਸਕੂਲ ਸਟਾਫ ਨੂੰ ਅਤੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ।

'ਮੇਰੀ ਮਿੱਟੀ ਮੇਰਾ ਦੇਸ਼' ਅਭਿਆਨ ਅਧੀਨ ਸਮਾਗਮ

ਮੁਕਤਸਰ (ਸ਼ਮਿੰਦਰਪਾਲ /ਪੂਜਾ) ਸ੍ਰੀ ਮੁਕਤਸਰ ਸਾਹਿਬ ਦੇ ਬਠਿੰਡਾ ਰੋਡ 'ਤੇ ਜਿਲ੍ਹਾ ਭਾਜਪਾ ਵੱਲੋਂ 'ਮੇਰੀ ਮਿੱਟੀ ਮੇਰਾ ਦੇਸ਼' ਅਭਿਆਨ ਅਧੀਨ ਸਮਾਗਮ ਹੋਇਆ। ਜਿਸ ਦੀ ਅਗਵਾਈ 'ਚ ਉਨ੍ਹਾਂ ਦੀ ਟੀਮ 'ਚ ਸ਼ਾਮਲ ਭੰਵਰ ਲਾਲ, ਰਵਿੰਦਰ ਕਟਾਰੀਆ, ਪੰਕਜ ਢੀਂਗਰਾ, ਸਚਿਨ ਸ਼ਰਮਾ, ਇਕਬਾਲ ਸਿੰਘ ਬਾਵਾ, ਮਮਤਾ ਸ਼ੁਕਲਾ, ਵਿਕਾਸ ਸ਼ੁਕਲਾ, ਭਾਰਤ ਭੂਸਣ ਵਧਵਾ, ਅਰੁਣ ਯਾਦਵ, ਰਾਮ ਅਵਤਾਰ, ਬਲਜੀਤ ਕੌਰ, ਚੰਦਨ ਚਾਵਲਾ ਆਦਿ ਨੇ ਜਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਨੂੰ ਬੀਤੇ ਦਿਨੀਂ ਉਕਤ ਅਭਿਆਨ ਤਹਿਤ ਇੱਕਤਰ ਕੀਤੀ ਗਈ ਮਿੱਟੀ ਨਾਲ ਭਰਿਆ ਕਲਸ਼ ਸੌਂਪਿਆ। ਇਸ ਮੌਕੇ ਜਿਲ੍ਹਾ ਪ੍ਰਧਾਨ ਦੇ ਨਾਲ ਜਿਲ੍ਹਾ ਜਨਰਲ ਸਕੱਤਰ ਪਰਮਜੀਤ ਸ਼ਰਮਾ, ਅੰਗਰੇਜ ਸਿੰਘ ਉਡਾਂਗ, ਅਮਰਿੰਦਰ ਸੰਧੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰਧਾਨ ਰਾਜਕੁਮਾਰ ਮੇਲੂ ਤੇ ਮਮਤਾ ਸ਼ੁਕਲਾ ਨੇ ਦੱਸਿਆ ਕਿ ਦਿੱਲੀ ਦੇ ਕਰਤਵ ਪਥ 'ਤੇ ਸ਼ਹੀਦਾਂ ਦੀ ਯਾਦ 'ਚ ਬਣ ਰਹੀ ਅੰਮ੍ਰਿਤ ਵਾਟਿਕਾ ਨਿਰਮਾਣ 'ਚ ਇਹ ਮਿੱਟੀ ਵਰਤੀ ਜਾਵੇਗੀ। ਜਿਸ ਘਰ ਤੋਂ ਮਿੱਟੀ ਗਈ ਹੈ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਸ਼ਹੀਦਾਂ ਦੀ ਯਾਦ 'ਚ ਉਨ੍ਹਾਂ ਵੱਲੋਂ ਵੀ ਇਸ ਮੁਹਿੰਮ ਕਰਕੇ ਕੁਝ ਯੋਗਦਾਨ ਪੈ ਗਿਆ ਹੈ।

ਮਾਤਾ ਗੁਜਰੀ ਕਾਲਜ ਦੀ ਕ੍ਰਿਕਟ ਟੀਮ ਨੇ ਫਾਈਨਲ ਜਿੱਤ ਕੇ ਰਚਿਆ ਇਤਿਹਾਸ

ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) ਮਾਤਾ ਗੁਜਰੀ ਕਾਲਜ ਦੀ ਕ੍ਰਿਕਟ ਟੀਮ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਿਤ ਫਤਿਹਗੜ੍ਹ ਸਾਹਿਬ ਜੋਨ ਦੇ ਅੰਤਰ ਕਾਲਜ ਕ੍ਰਿਕਟ ਟੂਰਨਾਮੈਂਟ ਦੇ ਫਾਈਨਲ ਮੁਕਾਬਲੇ 'ਚ ਜਿੱਤ ਪ੍ਰਾਪਤ ਕਰਕੇ ਇਤਿਹਾਸ ਬਣਾਇਆ ਹੈ। ਇਹ ਮੈਚ ਮਾਤਾ ਗੁਜਰੀ ਕਾਲਜ ਅਤੇ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੀਆਂ ਟੀਮਾਂ ਵਿਚਕਾਰ ਹੋਇਆ ਜਿਸ 'ਚ ਮਾਤਾ ਗੁਜਰੀ ਕਾਲਜ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜਿੱਤ ਪ੍ਰਾਪਤ ਕੀਤੀ। ਮਾਤਾ ਗੁਜਰੀ ਕਾਲਜ ਦੀ ਟੀਮ ਨੇ ਪਹਿਲਾਂ ਬੱਲੇਬਾਜੀ ਕਰਦੇ ਹੋਏ 20 ਓਵਰਾਂ 'ਚ 164 ਦੌੜਾਂ ਬਣਾਈਆਂ ਜਿਸ ਦੇ ਜਵਾਬ 'ਚ ਮੋਦੀ ਕਾਲਜ, ਪਟਿਆਲਾ ਦੀ ਟੀਮ ਨਿਰਧਾਰਤ 20 ਓਵਰਾਂ 'ਚ 8 ਵਿਕਟਾਂ 'ਤੇ 157 ਦੌੜਾਂ ਹੀ ਬਣਾ ਸਕੀ। ਮੈਨ ਆਫ ਦਾ ਮੈਚ ਦਾ ਐਵਾਰਡ ਮਾਤਾ ਗੁਜਰੀ ਕਾਲਜ ਦੇ ਐਮ ਏ ਪੰਜਾਬੀ ਭਾਗ ਪਹਿਲਾ ਦੇ ਖਿਡਾਰੀ ਦੇਵੀ ਚੰਦ ਯਾਦਵ ਨੇ ਪ੍ਰਾਪਤ ਕੀਤਾ। ਪਲੇਅਰ ਆਫ ਦਾ ਟੂਰਨਾਮੈਂਟ ਅਕਸ਼ਿਤ ਜੋਸ਼ੀ ਨੂੰ ਚੁਣਿਆ ਗਿਆ। ਇਸ ਮੈਚ ਦੌਰਾਨ ਬੀ ਏ ਭਾਗ ਤੀਜਾ ਦੇ ਵਿਦਿਆਰਥੀ ਜਸਕਰਨਪਾਲ ਸਿੰਘ ਨੇ 34 ਅਤੇ ਬੀ.ਏ-ਭਾਗ ਤੀਜਾ ਦੇ ਹੀ ਵਿਦਿਆਰਥੀ ਦੇਵੀ ਚੰਦ ਯਾਦਵ ਨੇ 41 ਸਕੋਰ ਬਣਾਏ। ਕਾਲਜ ਦੀ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਨੇ ਜੇਤੂ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਕਾਲਜ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਦੁਆਰਾ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਨੇ ਵਧਾਈ ਦਿੱਤੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਜੇਤੂ ਟੀਮ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਕਾਲਜ ਦੇ ਡੀਨ ਸਪੋਰਟਸ ਡਾ. ਦਵਿੰਦਰ ਸਿੰਘ, ਯੂਨੀਵਰਸਿਟੀ ਦੇ ਇਸ ਟੂਰਨਾਮੈਂਟ ਲਈ ਅਬਜਰਵਰ ਅਵਤਾਰ ਸਿੰਘ, ਟੀਮ ਇੰਚਾਰਜ ਪ੍ਰੋ. ਮੁਹੰਮਦ ਅਨਵਰ, ਖੇਡ ਵਿਭਾਗ ਦੇ ਮੁਖੀ ਪ੍ਰੋ. ਹਰਜੀਤ ਕੌਰ, ਕੋਚ ਬਹਾਦਰ ਸਿੰਘ ਅਤੇ ਹੋਰ ਅਧਿਆਪਕ ਵੀ ਹਾਜ਼ਰ ਸਨ।

ਫਰਵਾਹੀ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਡੀ ਸੀ ਦਫਤਰ ਦੀਆਂ ਸ਼ਾਖਾਵਾਂ ਦਾ ਦੌਰਾ

ਬਰਨਾਲਾ,(ਰਾਜਿੰਦਰ ਬਰਾੜ) ਡਿਪਟੀ ਕਮਿਸ਼ਨਰ ਬਰਨਾਲਾ ਮੈਡਮ ਪੂਨਮਦੀਪ ਕੌਰ ਅਤੇ ਐਸ ਐਸ ਪੀ ਬਰਨਾਲਾ ਸੰਦੀਪ ਕੁਮਾਰ ਮਲਿਕ ਦੀ ਅਗਵਾਈ ਹੇਠ ਚਲਾਈ ਜਾ ਰਹੀ ਸਟੂਡੈਂਟਸ ਪੁਲਸ ਕੈਡਿਟ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਰਵਾਹੀ ਦੀਆਂ ਵਿਦਿਆਰਥਣਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਦੀਆਂ ਵੱਖ ਵੱਖ ਸ਼ਾਖਾਵਾਂ ਦਾ ਦੌਰਾ ਕਰਕੇ ਜਾਣਕਾਰੀ ਹਾਸਲ ਕੀਤੀ। ਵਿਦਿਆਰਥਣਾਂ ਨੇ ਜਿਲ੍ਹਾ ਖਜਾਨਾ ਦਫਤਰ, ਜਿਲ੍ਹਾ ਸਮਾਜਿਕ ਸੁਰੱਖਿਆ ਦਫਤਰ, ਜਿਲ੍ਹਾ ਭਲਾਈ ਦਫਤਰ ਤੇ ਹੋਰ ਸ਼ਾਖਾਵਾਂ ਦਾ ਦੌਰਾ ਕੀਤਾ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਸੁਖਪਾਲ ਸਿੰਘ ਨੇ ਜਿਲ੍ਹਾ ਪ੍ਰਸ਼ਾਸਨ ਅਤੇ ਵੱਖ ਵੱਖ ਵਿਭਾਗਾਂ ਦੀ ਕਾਰਜ ਪ੍ਰਣਾਲੀ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਬਰਨਾਲਾ ਮੈਡਮ ਵਸੁੰਧਰਾ ਕਪਿਲਾ, ਪ੍ਰਸ਼ਾਸਕੀ ਸੁਧਾਰ ਸਾਖਾ ਤੋਂ ਡੀ ਟੀ ਸੀ ਸੰਜੈ ਅਹੂਜਾ, ਸੇਵਾ ਕੇਂਦਰ ਤੋਂ ਰਾਜਵੀਰ ਸਿੰਘ, ਨੀਰਜ ਕੁਮਾਰ, ਪੰਕਜ ਬਾਂਸਲ, ਪੂਜਾ ਰਾਣੀ, ਗੁਰਪ੍ਰੀਤ ਸਿੰਘ ਤੇ ਪੁਲਿਸ ਵਿਭਾਗ ਤੋਂ ਜਗਤਾਰ ਸਿੰਘ ਏ ਐਸ ਆਈ ਆਦਿ ਹਾਜ਼ਰ ਸਨ।

ਭਾਰਤ ਵਿਕਾਸ ਪ੍ਰੀਸ਼ਦ ਟੀਮ ਬਾਘਾ ਪੁਰਾਣਾ ਦੀ ਹੋਈ ਅਹਿਮ ਮੀਟਿੰਗ

ਬਾਘਾ ਪੁਰਾਣਾ, (ਮਨੀ ਸਿੰਗਲਾ) ਭਾਰਤ ਵਿਕਾਸ ਪ੍ਰੀਸ਼ਦ ਬਾਘਾ ਪੁਰਾਣਾ ਦੇ ਪ੍ਰਧਾਨ ਭੂਸ਼ਨ ਗੋਇਲ ਅਤੇ ਚੇਅਰਮੈਨ ਸ਼ਸ਼ੀ ਗਰਗ ਦੀ ਅਗਵਾਈ ਵਿਚ ਮੀਟਿੰਗ ਕੀਤੀ ਗਈ, ਜਿਸ ਵਿਚ ਸ਼ੁਸ਼ੀਲ ਸ਼ਰਮਾਂ ਰੀਜਨਲ ਜਨਰਲ ਸਕੱਤਰ ਨਾਰਥ ਜੋਨ ਉਤਰੀ-1 ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਨਾਲ ਸੁਨੀਲ ਜੈਨ ਰਿਜਨਲ ਸੈਕਟਰੀ, ਡਾ. ਰਜੇਸ਼ ਪੁਰੀ, ਮਨੋਜ ਮੌਂਗਾਂ, ਰਘਬੀਰ ਗਰਗ ਜ਼ਿਲ੍ਹਾ ਕੋਆਰਡੀਨੇਟਰ, ਰਕੇਸ਼ ਸੱਚਦੇਵਾ ਭਾਰਤ ਕੋ ਜਾਣੋ ਅਤੇ ਰਜੇਸ਼ ਗੁਪਤਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿਚ ਭਾਰਤ ਵਿਕਾਸ ਪ੍ਰੀਸ਼ਦ ਦੇ ਸਮਾਜ ਪ੍ਰਤੀ ਕੀਤੇ ਜਾਣ ਵਾਲੇ ਕੰਮਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ ਹੈ। ਮੀਟਿੰਗ ਵਿਚ ਸ਼ਾਮਲ ਮੈਂਬਰਾਨ ਨੇ ਪ੍ਰਧਾਨ ਭੂਸ਼ਣ ਗੋਇਲ ਅਤੇ ਸ਼ਸ਼ੀ ਗਰਗ ਚੈਅਰਮੈਨ ਦੀ ਅਗਵਾਈ ਵਿਚ ਆਏ ਹੋਏ ਮੁਖ ਮਹਿਮਾਨ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਮੀਟਿੰਗ ਵਿੱਚ ਹਾਜ਼ਰ ਦਵਿੰਦਰ ਬਾਂਸਲ ਸੈਕਟਰੀ, ਅਜੈ ਗੁੰਬਰ, ਹਰਪ੍ਰੀਤ ਸਿੰਘ ਘੋਟੂ, ਮਨੋਜ ਅਗਰਵਾਲ, ਪ੍ਰੇਮ ਪਾਲ ਗਰਗ, ਦੀਪਕ ਤਲਵਾੜ, ਸੰਜੇ ਬਾਂਸਲ (ਸਾਰੇ ਕਾਰਜਕਾਰੀ ਮੈਂਬਰ), ਮਨੋਜ ਗਰਗ, ਸੰਜੇ ਮਿਤਲ, ਅਸ਼ਵਨੀ ਮਿੱਤਲ, ਸੁਨੀਲ ਸੋਮੀ, ਗੁਰਪ੍ਰੀਤ ਸਿੰਘ ਕਾਲਾ, ਕ੍ਰਿਸ਼ਨ ਕਾਂਸਲ ਐੱਸ.ਡੀ.ਓ, ਸੁਨੀਲ ਸੰਨੀ, ਸੁਰੇਸ਼ ਕੁਮਾਰ ਗੋਇਲ, ਹਰੀ ਗੌਰਵ ਜਿੰਦਲ, ਜਰਨੈਲ ਸਿੰਘ, ਦਲਜੀਤ ਸਿੰਘ, ਗਗਨਦੀਪ ਗੋਇਲ ਸਾਹਿਲ ਅਰੋੜਾ ਅਤੇ ਹੋਰ ਮੈਂਬਰ ਸ਼ਾਮਲ ਹੋਏ।

ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਨੇ ਲਗਵਾਇਆ ਇੱਕ ਹੋਰ ਕੈਨੇਡਾ ਦਾ ਵਿਜ਼ਟਰ ਵੀਜ਼ਾ

ਬਾਘਾ ਪੁਰਾਣਾ, (ਮਨੀ ਸਿੰਗਲਾ) ਸਥਾਨਕ ਸ਼ਹਿਰ ਅੰਦਰ ਮੋਗਾ ਰੋਡ 'ਤੇ ਸ਼ਿਵ ਮੰਦਰ ਦੇ ਨਾਲ ਇੰਡੀਅਨ ਬੈਂਕ ਦੇ ਉੱਪਰ ਸਥਿਤ ਨਾਮਵਰ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਸਰਵਿਸ ਬਾਘਾ ਪੁਰਾਣਾ ਜੋ ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਦੇ ਸੁਪਨੇ ਪੂਰੇ ਕਰ ਰਹੀ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਵਿਦੇਸ਼ ਭੇਜਣ ਦੇ ਲੰਮੇ ਤਜਰਬੇ ਤਹਿਤ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਪਵਨਜੀਤ ਕੌਰ ਵਾਸੀ ਸਮਾਧ ਭਾਈ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਕੁਝ ਹੀ ਦਿਨਾਂ 'ਚ ਲਗਵਾ ਕੇ ਦਿੱਤਾ। ਇਸ ਮੌਕੇ ਸੰਸਥਾ ਚੇਅਰਮੈਨ ਦੇਵਾਸ ਗੋਇਲ ਨੇ ਹਰਪ੍ਰੀਤ ਸਿੰਘ ਅਤੇ ਉਹਨਾ ਦੇ ਪਰਵਾਰ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਸੰਸਥਾ ਤੋਂ ਅਨੇਕਾਂ ਲੋਕ ਆਪਣਾ ਭਵਿੱਖ ਸੁਨਹਿਰੀ ਬਣਾ ਚੁੱਕੇ ਹਨ।

'ਸਾਡੇ ਬਜ਼ੁਰਗ ਸਾਡਾ ਮਾਣ' ਮੁਹਿੰਮ ਤਹਿਤ ਕੈਂਪ ਭਲਕੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ) ਸਾਡੇ ਬਜ਼ੁਰਗ ਸਾਡਾ ਮਾਣ ਹਨ ਅਤੇ ਬਜ਼ੁਰਗਾਂ ਦੀ ਦੇਖਭਾਲ, ਸਤਿਕਾਰ ਤੇ ਸੇਵਾ ਕਰਨਾ ਸਾਡਾ ਸਾਰਿਆਂ ਦਾ ਮੁੱਢਲਾ ਫ਼ਰਜ਼ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਆਈ ਏ ਐੱਸ ਨੇ 'ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ' ਸੰਬੰਧੀ 13 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਲਗਾਏ ਜਾਣ ਵਾਲੇ ਕੈਂਪ ਸਬੰਧੀ ਜਾਣਕਾਰੀ ਦੇਣ ਮੌਕੇ ਕੀਤਾ।ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਮਾਤਾ-ਪਿਤਾ ਅਤੇ ਬਜ਼ੁਰਗ ਨਾਗਰਿਕਾਂ ਦੀ ਦੇਖਭਾਲ ਅਤੇ ਭਲਾਈ ਐਕਟ-2007 ਅਤੇ ਬਜ਼ੁਰਗ ਵਿਅਕਤੀਆਂ ਦੀ ਭਲਾਈ ਸਬੰਧੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਚਲਾਈਆਂ ਜਾ ਰਹੀਆ ਹੋਰ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ 13 ਅਕਤੂਬਰ ਨੂੰ ਰਾਮਬਾਗ ਬਿਰਧ ਆਸ਼ਰਮ, ਫ਼ਿਰੋਜ਼ਪੁਰ ਛਾਉਣੀ ਵਿਖੇ ਸਵੇਰੇ 9 ਵਜੇ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਵਿੱਚ ਬਜ਼ੁਰਗਾਂ ਦੀ ਸਿਹਤ ਜਾਂਚ, ਈਐਨਟੀ ਚੈਕਅੱਪ, ਅੱਖਾਂ ਦਾ ਚੈਕਅੱਪ, ਨਜ਼ਰ ਵਾਲੀਆਂ ਐਨਕਾਂ ਦੀ ਵੰਡ, ਅੱਖਾਂ ਦੀ ਜਾਂਚ, ਬੁਢਾਪਾ ਪੈਨਸ਼ਨ ਲਈ ਰਜਿਸਟ੍ਰੇਸ਼ਨ, ਸੀਨੀਅਰ ਸਿਟੀਜਨ ਕਾਰਡਾਂ ਦੀ ਵੰਡ ਆਦਿ ਸੇਵਾਵਾਂ ਦਿੱਤੀਆਂ ਜਾਣਗੀਆਂ।

ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਨਮਾਨ ਸਮਾਰੋਹ ਆਯੋਜਤ

ਸੰਗਰੂਰ (ਪ੍ਰਵੀਨ ਸਿੰਘ)-ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਪ੍ਰਸਿੱਧ ਸਾਹਿਤਕਾਰ ਤੇ ਲਿਖਾਰੀ ਡਾ. ਚਰਨਜੀਤ ਸਿੰਘ ਉਡਾਰੀ ਅਤੇ ਸਾਬਕਾ ਖੁਰਾਕ ਤੇ ਸਪਲਾਈਜ਼ ਅਫ਼ਸਰ ਓਮ ਪ੍ਰਕਾਸ਼ ਖਿੱਪਲ, ਜੋ ਹੁਣੇ ਹੀ ਕੈਨੇਡਾ ਤੋਂ ਵਾਪਸ ਸੰਗਰੂਰ ਪਹੁੰਚੇ ਹਨ, ਦੇ ਸਤਿਕਾਰ ਵਿੱਚ ਸਨਮਾਨ ਸਮਾਰੋਹ ਆਯੋਜਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਸਮਾਜ ਸੇਵੀ ਤੇ ਵਾਤਾਵਰਨ ਪ੍ਰੇਮੀ ਗੁਰਪਾਲ ਸਿੰਘ ਗਿੱਲ, ਜੋ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਵੀ ਸਰਪ੍ਰਸਤ ਹਨ, ਵੱਲੋਂ ਕੀਤੀ ਗਈ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਐਸੋਸੀਏਸ਼ਨ ਦੇ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਵਾਇਸ ਚੇਅਰਮੈਨ ਲਾਲ ਚੰਦ ਸੈਣੀ, ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਸੇਖੋਂ, ਕਿਸ਼ੋਰੀ ਲਾਲ, ਜਨਰਲ ਸਕੱਤਰ ਕੰਵਲਜੀਤ ਸਿੰਘ, ਸੁਰਿੰਦਰ ਸਿੰਘ ਸੋਢੀ, ਨੈਸ਼ਨਲ ਐਵਾਰਡੀ ਮਾਸਟਰ ਸਤਦੇਵ ਸ਼ਰਮਾ, ਰਜਿੰਦਰ ਸਿੰਘ ਚੰਗਾਲ ਤੇ ਕੈਪਟਨ ਅਨਿਲ ਕੁਮਾਰ ਗੋਇਲ ਮੌਜੂਦ ਸਨ। ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਡਾ. ਚਰਨਜੀਤ ਉਡਾਰੀ ਵੱਲੋਂ ਕੈਨੇਡਾ ਵਿਖੇ ਕੌਮਾਂਤਰੀ ਕਵੀ ਦਿਵਸ ਦੇ ਮੌਕੇ 'ਤੇ ਰੈਡ.ਐਫ.ਐਮ. ਰੇਡੀਓ 'ਤੇ ਵਿਸ਼ੇਸ਼ ਲੈਕਚਰ ਪ੍ਰਸਾਰਤ ਕੀਤਾ ਗਿਆ।

ਪਰੋ ਏਸ ਇਨਫੋਟੈਕ 'ਚ ਕਰੀਬ 500 ਵਿਦਿਆਰਥੀਆਂ ਨੇ ਲਈ ਟਰੇਨਿੰਗ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ) ਪਰੋ ਏਸ ਇਨਫੋਟੈਕ ਅਤੇ ਐਜੂ ਜੋਨ ਦੇ ਮੈਨੇਜਿੰਗ ਡਾਇਰੈਕਟਰ ਐਡਵੋਕੇਟ ਮਨਪ੍ਰੀਤ ਸ਼ਰਮਾ ਨੇ ਦੱਸਿਆ ਕਿ ਪਰੋ ਏਸ ਇਨਫੋਟੈਕ ਪਟਿਆਲਾ ਵਿਖੇ 45 ਦਿਨਾਂ ਦੀ ਸਮਰ ਟਰੇਨਿੰਗ ਦੌਰਾਨ ਵੱਖ ਵੱਖ ਕਾਲਜਾਂ ਦੇ ਕਰੀਬ 500 ਵਿਦਿਆਰਥੀਆਂ ਨੇ ਟਰੇਨਿੰਗ ਲਈ। ਭਾਈ ਗੁਰਦਾਸ ਕਾਲਜ ਸੰਗਰੂਰ, ਸਰਕਾਰੀ ਰਣਵੀਰ ਕਾਲਜ ਸੰਗਰੂਰ, ਅਕਾਲ ਡਿਗਰੀ ਕਾਲਜ ਮਸਤੂਆਣਾ, ਦੇਸ਼ ਭਗਤ ਕਾਲਜ ਬਰੜ੍ਹਵਾਲ, ਐੱਸ.ਡੀ. ਕਾਲਜ ਬਰਨਾਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਥਾਪਰ ਕਾਲਜ ਪਟਿਆਲਾ, ਸਰਕਾਰੀ ਮਹਿੰਦਰਾ ਕਾਲਜ, ਏਸੀਅਨ ਕਾਲਜ ਪਟਿਆਲਾ, ਸਲਾਈਟ ਲੌਂਗੋਵਾਲ, ਸੀ ਜੀ ਸੀ ਲਾਂਡਰਾ, ਖਾਲਸਾ ਕਾਲਜ, ਪਟਿਆਲਾ, ਵਿਦਆ ਰਤਨ ਕਾਲਜ ਲਹਿਰਾਗਾਗਾ ਅਤੇ ਆਸਰਾ ਕਾਲਜ ਭਵਾਨੀਗੜ੍ਹ, ਸਰਕਾਰੀ ਬਿਕਰਮ ਕਾਲਜ ਦੇ ਵਿਦਿਆਰਥੀਆਂ ਨੇ ਨਾਮੀ ਸਾਫਟਵੇਅਰ ਟਰੇਨਿੰਗ ਤੋਂ ਟਰੇਨਿੰਗ ਲੈ ਕੇ ਫੀਲਡ ਦੀ ਪ੍ਰੈਕਟੀਕਲ ਟਰੇਨਿੰਗ ਪ੍ਰਾਪਤ ਕੀਤੀ। ਇਸ ਮੌਕੇ ਸੰਗਰੂਰ ਬਰਾਂਚ ਦੇ ਡਾਇਰੈਕਟਰ ਪ੍ਰੋਫੈਸਰ ਗੁਰਪ੍ਰੀਤ ਸਿੰਘ ਧਨੋਆ ਅਤੇ ਪਟਿਆਲਾ ਬਰਾਂਚ ਦੇ ਡਾਇਰੈਕਟਰ ਜਸਪ੍ਰੀਤ ਸਿੰਘ ਅਤੇ ਜਸਮੀਤ ਸਿੰਘ ਵੀ ਹਾਜ਼ਰ ਸਨ।

ਵਿਕਾਸ ਮਿਸ਼ਨ ਵੱਲੋਂ ਨਵੇਂ ਐੱਸ ਐੱਸ ਪੀ ਨਾਲ ਪਲੇਠੀ ਮੁਲਾਕਾਤ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ) ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਉੱਚ ਪੱਧਰੀ ਵਫ਼ਦ ਨੇ ਜ਼ਿਲ੍ਹੇ ਦੇ ਨਵ ਨਿਯੁਕਤ ਜ਼ਿਲ੍ਹਾ ਪੁਲਸ ਮੁਖੀ ਭਾਗੀਰਥ ਸਿੰਘ ਮੀਣਾ ਆਈ.ਪੀ.ਐੱਸ. ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠਲੇ ਇਸ ਵਫ਼ਦ ਵਿਚ ਸੰਸਥਾ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ ਐਸ.ਡੀ.ਓ. (ਰ) ਅਤੇ ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਤੋਂ ਇਲਾਵਾ ਡਾ. ਸੁਰਿੰਦਰ ਗਿਰਧਰ, ਪ੍ਰਦੀਪ ਧੂੜੀਆ, ਚੌਧਰੀ ਬਲਬੀਰ ਸਿੰਘ, ਰਾਜਿੰਦਰ ਖੁਰਾਣਾ, ਨਰਿੰਦਰ ਕਾਕਾ ਫੋਟੋਗ੍ਰਾਫਰ ਅਤੇ ਇਸ਼ਾਨ ਵਾਟਸ ਆਦਿ ਸ਼ਾਮਲ ਸਨ। ਮੁਲਾਕਾਤ ਦੌਰਾਨ ਪ੍ਰਧਾਨ ਢੋਸੀਵਾਲ ਨੇ ਆਪਣੀ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਸਰਸਰੀ ਜਾਣਕਾਰੀ ਦਿੱਤੀ ਤੇ ਵਫ਼ਦ ਵਿਚ ਸ਼ਾਮਲ ਸਾਰੇ ਮੈਂਬਰਾਂ ਦੀ ਰਸਮੀ ਜਾਣ ਪਛਾਣ ਕਰਵਾਈ।

ਪ੍ਰਧਾਨ ਢੋਸੀਵਾਲ ਨੇ ਸਮੁੱਚੇ ਮਿਸ਼ਨ ਵੱਲੋਂ ਐੱਸ.ਐੱਸ.ਪੀ. ਮੀਣਾ ਨੂੰ ਜ਼ਿਲ੍ਹਾ ਪੁਲਸ ਮੁਖੀ ਵਜੋਂ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਲੰਮੀ ਉਮਰ, ਚੰਗੀ ਸਿਹਤ ਅਤੇ ਪਰਿਵਾਰਕ ਖੁਸ਼ਹਾਲੀ ਦੀ ਕਾਮਨਾ ਕੀਤੀ। ਮਿਸ਼ਨ ਵੱਲੋਂ ਨਵੇਂ ਜ਼ਿਲ੍ਹਾ ਪੁਲਸ ਮੁਖੀ ਨੂੰ ਯਾਦਗਾਰ ਵਜੋਂ ਸਵਾਗਤੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਸ੍ਰੀ ਮੀਣਾ ਨੇ ਕਿਹਾ ਕਿ ਉਹ ਸਰਕਾਰ ਤੇ ਪੁਲਸ ਵਿਭਾਗ ਵੱਲੋਂ ਜਾਰੀ ਹਿਦਾਇਤਾਂ ਅਨੁਸਾਰ ਨਸ਼ੇ ਦੇ ਕਾਰੋਬਾਰੀਆਂ ਅਤੇ ਗੈਰ ਕਾਨੂੰਨੀ ਧੰਦਾ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਹਾਲਤ ਵਿਚ ਨਹੀਂ ਬਖ਼ਸ਼ਣਗੇ।

ਸਰਕਾਰ ਵੱਲੋਂ ਸ਼ੁਰੂ ਕੀਤੀਆਂ ਭਲਾਈ ਸਕੀਮਾਂ ਦਾ ਲਾਭ ਨਿਰੰਤਰ ਲੋਕਾਂ ਨੂੰ ਮਿਲ ਰਿਹਾ : ਰਜੀਵ ਅਹੂਜਾ

ਮੱਖੂ (ਰਛਪਾਲ ਸਿੰਘ ਸੰਧੂ): ਭਾਰਤੀ ਜਨਤਾ ਪਾਰਟੀ ਜਿਲ੍ਹਾ ਫਿਰੋਜਪੁਰ ਦੇ ਸਕੱਤਰ ਡਾ. ਰਜੀਵ ਅਹੂਜਾ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋ ਦੇਸ਼ ਵਾਸੀਆਂ ਲਈ ਸ਼ੁਰੂ ਕੀਤੀਆਂ ਹੋਈਆਂ ਭਲਾਈ ਸਕੀਮਾਂ ਦਾ ਲਾਭ ਨਿਰੰਤਰ ਲੋਕਾਂ ਨੂੰ ਮਿਲ ਰਿਹਾ ਹੈ, ਜਿਸ ਕਰਕੇ ਲੋਕ ਕੇਂਦਰ ਦੀ ਭਾਜਪਾ ਸਰਕਾਰ ਤੋ ਪੂਰੀ ਤਰ੍ਹਾਂ ਖੁਸ਼ ਹਨ। ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਸਕੀਮ ਅਧੀਨ ਤਰਖਾਣ, ਰਾਜ ਮਿਸਤਰੀ, ਦਰਜੀ, ਨਾਈ, ਧੋਬੀ, ਮੂਰਤੀਕਾਰ, ਖਿਡੌਣੇ ਬਣਾਉਣ ਵਾਲੇ ਕਾਰੀਗਰ ਲਾਭ ਲੈ ਸਕਦੇ ਹਨ। ਭਾਰਤੀ ਜਨਤਾ ਪਾਰਟੀ ਜਿਲ੍ਹਾ ਫਿਰੋਜਪੁਰ ਦੇ ਪ੍ਰਧਾਨ ਅਵਤਾਰ ਸਿੰਘ ਜੀਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲਗਾਤਾਰ ਪਾਰਟੀ ਵਰਕਰਾਂ ਨੂੰ ਨਾਲ ਲੈ ਕੇ ਭਾਜਪਾ ਦੀਆਂ ਗਤੀਵਿਧੀਆਂ ਨੂੰ ਘਰ ਘਰ ਤੱਕ ਪਹੁੰਚਿਆ ਜਾ ਰਿਹਾ ਹੈ। ਇਸ ਮੌਕੇ ਡਾ. ਰਜੀਵ ਅਹੂਜਾ ਨਾਲ ਅਮਿਤ ਅਰੋੜਾ ਯੂਥ ਆਗੂ ਹਾਜ਼ਰ ਸਨ।

ਖਰੀਦ ਪ੍ਰਬੰਧਾਂ ਨੂੰ ਲੈ ਕੇ ਭਾਕਿਯੂ (ਏਕਤਾ) ਡਕੌਂਦਾ ਦਾ ਵਫਦ ਮੰਡੀ ਅਧਿਕਾਰੀਆਂ ਨੂੰ ਮਿਲਿਆ

ਮਾਨਸਾ (ਆਤਮਾ ਸਿੰਘ ਪਮਾਰ)- ਝੋਨੇ ਦੀ ਫਸਲ ਮੰਡੀਆਂ 'ਚ ਆਉਣੀ ਸ਼ੁਰੂ ਹੋ ਗਈ ਪਰ ਸਰਕਾਰ ਨੇ ਖਰੀਦ ਸੰਬੰਧੀ ਹਾਲੇ ਤੱਕ ਕੋਈ ਵੀ ਪੁੱਖਤਾ ਪ੍ਰਬੰਧ ਨਹੀਂ ਕੀਤੇ। ਜਿਸਦੇ ਕਰਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦਾ ਵਫਦ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਮਿਲਿਆ। ਜਾਣਕਾਰੀ ਦਿੰਦਿਆਂ ਬਲਾਕ ਮਾਨਸਾ ਦੇ ਪ੍ਰਧਾਨ ਬਲਜੀਤ ਭੈਣੀ ਬਾਘਾ ਅਤੇ ਸੀਨੀਅਰ ਮੀਤ ਪ੍ਰਧਾਨ ਬੀਰਬੱਲ ਸਿੰਘ ਖਿਆਲਾ ਨੇ ਦੱਸਿਆ ਕਿ ਸਰਕਾਰ ਨੇ ਸਰਕਾਰੀ ਖਰੀਦ ਦਾ ਐਲਾਨ ਇੱਕ ਅਕਤੂਬਰ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੋਇਆ ਹੈ, ਪਰ ਅਨਾਜ ਮੰਡੀਆਂ 'ਚ ਸਾਫ-ਸਫਾਈ ਤਸੱਲੀ ਬਖਸ਼ ਨਹੀਂ ਅਤੇ ਨਾ ਹੀ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਹੈ। ਉਨ੍ਹਾਂ ਮੰਗ ਪੱਤਰ ਰਾਹੀ ਸਰਕਾਰ ਤੋਂ ਮੰਡੀਆਂ 'ਚ ਤੁਰੰਤ ਯੋਗ ਪ੍ਰਬੰਧ ਕਰਨ ਸਮੇਤ ਝੋਨੇ ਦੇ ਤੋਲਣ ਤੋਂ ਫੌਰਨ ਬਾਅਦ ਕਿਸਾਨਾਂ ਦੇ ਖਾਤਿਆਂ 'ਚ ਰਕਮ ਪਾਉਣ ਦੀ ਵੀ ਮੰਗ ਕੀਤੀ। ਇਸ ਸਮੇਂ ਗੁਰਸੇਵਕ ਸਿੰਘ, ਸਿਕੰਦਰ ਸਿੰਘ ਖਾਲਸਾ, ਰੂਪ ਸਿੰਘ, ਲਾਭ ਸਿੰਘ, ਕਾਕਾ ਸਿੰਘ, ਦੀਦਾਰ ਸਿੰਘ, ਗੱਗੀ ਸਿੰਘ ਖਿਆਲਾ ਕਲਾਂ ਆਦਿ ਹਾਜ਼ਰ ਸਨ।

ਖਿਡਾਰੀ ਵਿਦਿਆਰਥੀਆਂ ਲਈ ਪਿੰਡ ਵਾਸੀਆਂ ਵੱਲੋਂ ਦੁੱਧ ਤੇ ਫਲਾਂ ਦਾ ਕੀਤਾ ਪ੍ਰਬੰਧ

ਮਾਨਸਾ (ਪਮਾਰ)- ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਵਿਖੇ ਚੱਲ ਰਹੀਆਂ ਵੱਖ ਵੱਖ ਖੇਡਾਂ 'ਚ ਹਿੱਸਾ ਲੈ ਰਹੇ ਲੜਕੇ ਅਤੇ ਲੜਕੀਆਂ ਵਾਸਤੇ ਅਤਲਾ ਕਲਾਂ ਨਿਵਾਸੀਆਂ ਵੱਲੋਂ ਨਿਵੇਕਲੀ ਪਹਿਲ ਕਰਦਿਆਂ ਨੰਨ੍ਹੇ ਖਿਡਾਰੀਆਂ ਵਾਸਤੇ ਕੇਲੇ, ਸੇਵੀਆਂ, ਦੁੱਧ ਆਦਿ ਦਾ ਪ੍ਰਬੰਧ ਕਰਕੇ ਬੱਚਿਆਂ ਅਤੇ ਸਕੂਲ ਸਟਾਫ ਦਾ ਸਹਿਯੋਗ ਕੀਤਾ। ਗੁਰਮੇਲ ਸਿੰਘ ਫੌਜੀ ਵੱਲੋਂ ਬੱਚਿਆਂ ਵਾਸਤੇ ਸਪੈਸ਼ਲ ਡਰਾਈ ਫਰੂਟ, ਸਮਾਜ ਸੇਵੀ ਡਾਕਟਰ ਗੁਰਤੇਜ ਸਿੰਘ, ਸੁਖਦੀਪ ਕੌਰ ਰਿਟਾਇਡ ਸਿਹਤ ਵਿਭਾਗ ਕਰਮਚਾਰਨ ਨੇਰਲ ਮਿਲ ਕੇ ਸਹਿਯੋਗ ਕੀਤਾ। ਗ੍ਰੰਥੀ ਸਿੰਘ ਭਾਈ ਰਾਮ ਸਿੰਘ ਨੇ ਕਿਹਾ ਕਿ ਨਗਰ ਦੇ ਸਹਿਯੋਗ ਨਾਲ ਜਦ ਤੱਕ ਕੈਂਪ ਚੱਲੇਗਾ ਖਿਡਾਰੀਆਂ ਵਾਸਤੇ ਉੱਤਮ ਖੁਰਾਕ ਦਾ ਪ੍ਰਬੰਧ ਕਰਕੇ ਬਣਦਾ ਸਹਿਯੋਗ ਕਰਨਗੇ। ਸਕੂਲ ਮੁੱਖੀ ਬਲਜਿੰਦਰ ਸਿੰਘ ਨੇ ਪਿੰਡ ਵਾਸੀਆਂ ਦੇ ਇਸ ਨਿਵੇਕਲੇ ਕਾਰਜ ਦੀ ਸਰਾਹਨਾ ਕਰਦਿਆਂ ਧੰਨਵਾਦ ਵੀ ਕੀਤਾ। ਇਸ ਸਮੇਂ ਅਸ਼ੀਸ਼ਪਾਲ ਸਿੰਘ, ਜੋਗਿੰਦਰ ਸਿੰਘ ਬਲਦੇਵ ਸਿੰਘ, ਜਗਸੀਰ ਸਿੰਘ, ਨਾਜਰ ਸਿੰਘ, ਗੁਰਚਰਨ ਸਿੰਘ, ਮਨਦੀਪ ਸਿੰਘ ਬਲਕਾਰ ਸਿੰਘ, ਜਸਵੀਰ ਸਿੰਘ, ਹਾਕਮ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਕੂਲ ਸਟਾਫ ਸੁਰਜੀਤ ਸਿੰਘ ਅਸਵਿੰਦਰ ਸਿੰਘ, ਅਵਤਾਰ ਸਿੰਘ ਗੁਰਦੀਪ ਸਿੰਘ, ਆਂਗਣਵਾੜੀ ਸਟਾਫ ਅਤੇ ਵਿਦਿਆਰਥੀ ਵੀ ਹਾਰਰ ਸਨ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਮੁਹਿੰਮ 'ਪੁਨਰ ਉਥਾਨ' ਨੂੰ ਭਰਵਾਂ ਹੁੰਗਾਰਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ ਏ ਐੱਸ ਨਗਰ (ਮੋਹਾਲੀ) ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਗੁਰਮੀਤ ਸਿੰਘ ਸੰਧੇਵਾਲੀਆਂ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਅਤੇ ਵੀਰਇੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਏਕਤਾ ਉੱਪਲ, ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਮੁਹਿੰਮ 'ਪੰਜਾਬ ਨਸ਼ਾ ਵਿਰੋਧੀ' ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਵੱਖ ਵੱਖ ਅਦਾਰਿਆਂ ਦੇ ਸਹਿਯੋਗ ਨਾਲ ਨਿਵੇਕਲਾ ਉਪਰਾਲਾ 'ਪੁਨਰ ਉਥਾਨ' ਹੁਣ ਤਾਂ ਜਾਗੋ ਨਸ਼ੇ ਤਿਆਗੋ ਦਾ ਆਯੋਜਨ 1 ਅਕਤੂਬਰ ਤੋਂ ਕੀਤਾ ਗਿਆ।ਇਸ ਮੁਹਿੰਮ ਨੂੰ ਵੱਖ ਵੱਖ ਅਦਾਰਿਆਂ ਦੇ ਨਾਲ ਨਾਲ ਸਕੂਲਾਂ, ਕਾਲਜਾਂ ਅਤੇ ਹੋਰ ਸੰਸਥਾਵਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਸਕੂਲਾਂ ਅਤੇ ਕਾਲਜਾਂ ਵੱਲੋਂ ਨਸ਼ਿਆਂ ਦੀ ਇਸ ਮੁਹਿੰਮ ਦੇ ਤਹਿਤ ਵੱਖ ਵੱਖ ਗਤੀਵਿਧੀਆਂ ਜਿਵੇਂ ਕਿ ਜਾਗਰੂਕਤਾ ਸੈਮੀਨਾਰ, ਨੁੱਕੜ ਨਾਟਕ, ਥੀਮ ਗੀਤ, ਪੇਟਿੰਗ, ਪੋਸਟਰ ਮੇਕਿੰਗ, ਲੇਖ ਮੁਕਾਬਲੇ, ਸੰਗੀਤ ਮੁਕਾਬਲੇ, ਜਾਗਰੂਕਤਾ ਰੈਲੀਆਂ ਆਦਿ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਨਸ਼ੇ ਦੇ ਨੁਕਸਾਨ ਬਾਰੇ ਜਾਗਰੂਕਤਾ ਪੈਦਾ ਕੀਤਾ ਜਾ ਸਕੇ।

ਫੋਟੋ ਫਾਈਲ: 10 ਐਫਜੈਡਆਰ 01

ਡਾ. ਅਮਰਜੀਤ ਸਿੰਘ ਟਾਂਡਾ ਪੀ ਏ ਯੂ ਦੇ ਵਾਈਸ ਚਾਂਸਲਰ ਨੂੰ ਮਿਲੇ

ਲੁਧਿਆਣਾ (ਐੱਮ ਐੱਸ ਭਾਟੀਆ) ਆਸਟਰੇਲੀਆ ਤੋਂ ਪੰਜਾਬ ਦੇ ਦੌਰੇ 'ਤੇ ਗਏ ਉੱਘੇ ਅੰਤਰਰਾਸ਼ਟਰੀ ਪੱਧਰ ਦੇ ਕੀਟ ਵਿਗਿਆਨੀ ਡਾਕਟਰ ਅਮਰਜੀਤ ਸਿੰਘ ਟਾਂਡਾ ਵਾਈਸ ਚਾਂਸਲਰ ਡਾਕਟਰ ਸਤਵੀਰ ਸਿੰਘ ਗੋਸਲ ਦੇ ਸੱਦੇ 'ਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਗਏ। ਉਹਨਾਂ ਨੇ ਡਾਕਟਰ ਗੋਸਲ ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਪਹਿਲੇ ਨੰਬਰ 'ਤੇ ਆਉਣ 'ਤੇ ਪਹਿਲਾਂ ਵਧਾਈਆਂ ਦਿੱਤੀਆਂ ਤੇ ਫਿਰ ਹੋਰ ਵਿਚਾਰ ਵਟਾਂਦਰਾ ਕੀਤਾ। ਡਾਕਟਰ ਟਾਂਡਾ ਨੇ ਵੱਖ ਵੱਖ ਯੂਨੀਵਰਸਿਟੀ ਦੇ ਖੋਜ ਪ੍ਰਾਜੈਕਟਾਂ ਬਾਰੇ ਵੀ ਜਾਣਕਾਰੀ ਲਈ। ਡਾਕਟਰ ਟਾਂਡਾ ਨੇ ਡਾਕਟਰ ਗੋਸਲ ਹੋਰਾਂ ਨਾਲ ਨਵੀਆਂ ਯੂਨੀਵਰਸਿਟੀ ਦੀਆਂ ਕਾਢਾਂ ਬਾਰੇ ਵੀ ਪੁੱਛਿਆ। ਡਾਕਟਰ ਟਾਂਡਾ ਨੇ ਡਾਕਟਰ ਗੋਸਲ ਨੂੰ ਪੰਜਾਬ ਦੀਆਂ ਫਸਲਾਂ ਵਿੱਚ ਵਰਤੀਆਂ ਜਾ ਰਹੀਆਂ ਜ਼ਹਿਰੀਲੀਆਂ ਕੀਟਨਾਸਕ ਦਵਾਈਆਂ ਦੀ ਘੱਟ ਵਰਤੋਂ ਕਰਨ ਦੀ ਵੀ ਸਲਾਹ ਦਿੱਤੀ। ਡਾਕਟਰ ਟਾਂਡਾ ਨੇ ਕਿਹਾ ਕਿ ਜੇ ਇੰਜ ਹੋ ਜਾਵੇ ਤਾਂ ਫਸਲਾਂ ਦੇ ਬਹੁਤ ਸਾਰੇ ਮਿੱਤਰ ਕੀੜੇ ਤੇ ਪੌਲੀਨੇਟਰ ਵੀ ਬਚ ਸਕਦੇ ਹਨ। ਇਸ ਤਰ੍ਹਾਂ ਅਸੀਂ ਪੰਜਾਬ 'ਚ ਕੈਂਸਰ ਤੇ ਹੋਰ ਬਿਮਾਰੀਆਂ ਦਾ ਵੀ ਨਾਸ ਕਰ ਸਕਦੇ ਹਾਂ ਡਾਕਟਰ ਟਾਂਡਾ ਨੇ ਦਲੀਲਾਂ ਦੇ ਕੇ ਸਮਝਾਇਆ। ਪੰਜਾਬ ਵਿੱਚ ਬਹੁਤ ਸਾਰੇ ਲੋਕ ਅੰਨ੍ਹੇ ਵਾਹ ਇਹਨਾਂ ਜ਼ਹਿਰੀਲੀਆਂ ਕੀਟਨਾਸਕਾਂ ਦੀ ਸਬਜੀਆਂ ਤੇ ਫਲਾਂ ਤੇ ਵਰਤੋਂ ਕਰ ਕਰ ਲੋਕਾਂ ਵਿਚ ਕੈਂਸਰ ਫੈਲਾਅ ਰਹੇ ਹਨ। ਡਾਕਟਰ ਟਾਂਡਾ ਨੇ ਟਿਸੂ ਕਲਚਰ ਵਿੱਚ ਹੋ ਰਹੀ ਖੋਜ ਬਾਰੇ ਵੀ ਜਾਣਕਾਰੀ ਲਈ।

ਪੰਜਾਬ ਯੂਥ ਅਕਾਲੀ ਦਲ ਦੀ 55ਵੀਂ ਵਿਸ਼ਾਲ ਰੈਲ਼ੀ

ਜਗਰਾਉ (ਅਮਿਤ ਖੰਨਾ) ਪੰਜਾਬ ਯੂਥ ਅਕਾਲੀ ਦਲ ਦੀ 55ਵੀਂ ਰੈਲ਼ੀ ਵਿੱਚ ਸਾਬਕਾ ਵਿਧਾਇਕ ਐਸ.ਆਰ. ਕਲੇਰ ਦੀ ਅਗਵਾਈ ਹੇਠ ਨਾਨਕਸਰ ਨੇੜੇ ਵਿਸ਼ਾਲ ਰੈਲ਼ੀ ਕੀਤੀ ਗਈ। ਇਸ ਸਮੇਂ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਆਪਣੇ ਭਰਵੇਂ ਭਾਸ਼ਣ ਵਿਚ ਸਪੱਸ਼ਟ ਕੀਤਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਪੰਜਾਬ ਦੀ ਜਵਾਨੀ ਨੂੰ ਆਰਥਿਕ ਤੌਰ 'ਤੇ ਬਰਬਾਦ ਕਰਨ ਲਈ ਇਕਜੁੱਟ ਹਨ। ਦੋਵੇਂ ਸਰਕਾਰਾਂ ਪੰਜਾਬ 'ਤੇ ਪੈਰ ਰੱਖ ਕੇ ਦੇਸ਼ 'ਤੇ ਰਾਜ ਕਰਨਾ ਚਾਹੁੰਦੀਆਂ ਹਨ। ਪੰਜਾਬ ਸ਼ਹੀਦਾਂ ਅਤੇ ਯੋਧਿਆਂ ਦੀ ਧਰਤੀ ਹੈ, ਇਸ ਨੇ ਕਦੇ ਵੀ ਹਾਰ ਨਹੀਂ ਮੰਨੀ, ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਪੱਕਾ ਸਟੈਂਡ ਹੈ ਕਿ ਪਾਣੀ ਦੀ ਇਕ ਬੂੰਦ ਵੀ ਪੰਜਾਬ ਤੋਂ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਪੰਜਾਬ 'ਚ ਕਾਂਗਰਸ ਅਤੇ 'ਆਪ' ਦੋਵਾਂ ਪਾਰਟੀਆਂ ਨੂੰ ਬਰਾਬਰ ਦੀ ਦੋਸੀ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਰੇਤਾ-ਬੱਜਰੀ ਦੀ ਕਾਲਾਬਾਜ਼ਾਰੀ ਵਧ ਗਈ ਹੈ। ਉਨ੍ਹਾਂ ਭਗਵੇਂ ਅਤੇ ਨੀਲੀਆਂ ਪੱਗਾਂ ਵਾਲੇ ਨੌਜਵਾਨਾਂ ਨੂੰ ਕਿਹਾ ਕਿ ਹੁਣ ਅਕਾਲੀ ਦਲ ਹਰ ਪਿੰਡ ਵਿੱਚ ਕਮੇਟੀਆਂ ਬਣਾ ਕੇ ਨੌਜਵਾਨਾਂ ਨੂੰ ਲਾਮਬੰਦ ਕਰੇਗਾ ਤਾਂ ਜੋ ਖੂੰਟੀ ਦਾ ਮਹੱਤਵ ਵਧੇ। ਇਸ ਸਮੇਂ ਸਰਪੰਚ ਸ਼ਿਵਰਾਜ ਸਿੰਘ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਪ੍ਰਧਾਨ ਸਰਬਪ੍ਰੀਤ ਸਿੰਘ, ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਿਕ, ਪ੍ਰਧਾਨ ਜਗਦੀਸ ਸਿੰਘ ਦੀਸਾ, ਪ੍ਰਧਾਨ ਮਨਦੀਪ ਸਿੰਘ ਗਾਲਿਬ, ਰਛਪਾਲ ਸਿੰਘ, ਦਿਹਾਤੀ ਜਿਲ੍ਹਾ ਪ੍ਰਧਾਨ ਪ੍ਰਭਜੋਤ ਸਿੰਘ ਧਾਲੀਵਾਲ ਨੇ ਆਪਣੇ ਸੰਬੋਧਨ 'ਚ ਪੰਜਾਬ ਨੂੰ ਬਰਬਾਦ ਕਰਨ ਵਾਲੀ ਗੱਲ ਦੱਸੀ।

ਹਾਕੀ ਕਲੱਬ ਸਮਰਾਲਾ ਵੱਲੋਂ 'ਮਾਤਾ ਹਰਦੇਈ ਸਕੂਲ' ਲਈ ਦਾਨ ਰਾਸ਼ੀ ਦਾ ਚੈੱਕ ਭੇਟ

ਸਮਰਾਲਾ (ਸੁਰਜੀਤ ਸਿੰਘ)-ਵਾਤਾਵਰਨ ਅਤੇ ਰਾਸ਼ਟਰੀ ਖੇਡ ਹਾਕੀ ਨੂੰ ਪ੍ਰਣਾਈ ਸੰਸਥਾ 'ਦੀ ਸਮਰਾਲਾ ਹਾਕੀ ਕਲੱਬ' ਵੱਲੋਂ ਸਥਾਨਕ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀ: ਸੈਕੰਡਰੀ ਸਕੂਲ ਦੀਆਂ ਲੋੜਵੰਦ ਵਿਦਿਆਰਥਣਾਂ ਲਈ 11 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਭੇਟ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਅਤੇ ਸਰਪ੍ਰਸਤ ਗੁਰਨਾਮ ਸਿੰਘ ਨਾਗਰਾ ਨੇ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਜਿੱਥੇ ਵਾਤਾਵਰਣ ਦੀ ਸੰਭਾਲ ਲਈ ਬੂਟੇ ਲਗਾ ਕੇ ਪਾਲ਼ੇ ਜਾ ਰਹੇ ਹਨ, ਉਥੇ ਹੀ ਰਾਸ਼ਟਰੀ ਖੇਡ ਹਾਕੀ ਪਫੁੱਲਤ ਕਰਨ ਲਈ ਸਮੁੱਚੇ ਪੰਜਾਬ ਅੰਦਰ ਹਾਕੀ ਖੇਡਣ ਵਾਲੇ ਨੌਜਵਾਨਾਂ ਨੂੰ ਹਾਕੀ ਸਟਿਕਾਂ ਅਤੇ ਗੇਂਦਾਂ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਾਡੀ ਸੰਸਥਾ 'ਧੀਆਂ, ਰੁੱਖ ਅਤੇ ਪਾਣੀ ਬਚਾਓ' ਦਾ ਸੰਕਲਪ ਲੈ ਕੇ ਪਿਛਲੇ 17 ਸਾਲਾਂ ਤੋਂ ਲਗਾਤਾਰ ਆਪਣੀਆਂ ਸੇਵਾਵਾਂ ਦੇ ਰਹੀ ਹੈ। ਸਮਰਾਲਾ ਤਹਿਸੀਲ ਦੇ ਕਰੀਬ ਸਾਰੇ ਹੀ ਸਰਕਾਰੀ ਸਕੂਲਾਂ 'ਚ ਹਾਕੀ ਕਲੱਬ ਵੱਲੋਂ ਲੋੜਵੰਦ ਧੀਆਂ ਦੀ ਫੀਸ ਜਮ੍ਹਾਂ ਕਰਨ ਲਈ ਦਾਨ ਰਾਸ਼ੀ ਦੇਣ ਦੇ ਪ੍ਰਕਿਰਿਆ ਅਰੰਭੀ ਗਈ ਹੈ। ਇਸੇ ਲੜੀ ਤਹਿਤ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸਕੂਲ ਵਿਖੇ ਲੋੜਵੰਦ ਧੀਆਂ ਦੀ ਫੀਸ ਜਮ੍ਹਾਂ ਕਰਨ ਲਈ 11 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਸਕੂਲ ਪ੍ਰਿੰਸੀਪਲ ਬਲਜੀਤ ਸਿੰਘ ਅਤੇ ਸਟਾਫ਼ ਮੈਂਬਰਾਂ ਨੂੰ ਭੇਟ ਕੀਤਾ ਗਿਆ। ਇਸ ਨੇਕ ਕਾਰਜ 'ਚ ਆਪਣਾ ਯੋਗਦਾਨ ਪਾਉਣ ਲਈ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਟਾਫ ਵੱਲੋਂ ਸਮੂਹ ਹਾਕੀ ਕਲੱਬ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਆੜ੍ਹਤੀ ਟਹਿਲ ਸਿੰਘ ਔਜਲਾ, ਸੰਸਥਾ ਦੇ ਸਕੱਤਰ ਅੰਮ੍ਰਿਤਪਾਲ, ਰੁਪਿੰਦਰ ਸਿੰਘ ਉਟਾਲ, ਗੁਰਦੀਪ ਸਿੰਘ ਟੱਕਰ, ਭੂਸ਼ਣ ਜੈਨ ਅਤੇ ਸਕੂਲ ਦੇ ਸਮੂਹ ਸਟਾਫ਼ ਮੈਂਬਰ ਵੀ ਹਾਜ਼ਰ ਸਨ।

ਰਾਸ਼ਟਰੀ ਡਾਕ ਹ਼ਫਤਾ ਮਨਾਇਆ

ਸੰਗਰੂਰ, (ਪ੍ਰਵੀਨ ਸਿੰਘ) ਡਾਕਘਰ ਡਵੀਜਨ ਸੰਗਰੂਰ ਦੇ ਸੁਪਰਡੈਂਟ ਨਰਿੰਦਰ ਸਿੰਘ ਨੇ ਦੱਸਿਆ ਕਿ ਡਾਕ ਵਿਭਾਗ ਵੱਲੋਂ 13 ਅਕਤੂਬਰ ਤੱਕ ਰਾਸ਼ਟਰੀ ਡਾਕ ਹਫ਼ਤਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਡਾਕ ਹਫ਼ਤਾ, ਵਿਸ਼ਵ ਡਾਕ ਦਿਵਸ 9 ਅਕਤੂਬਰ ਤੋਂ ਸ਼ੁਰੂ ਹੁੰਦਾ ਹੈ ਜੋ ਕਿ ਯੂਨੀਵਰਸਲ ਡਾਕ ਯੂਨੀਅਨ ਦੀ ਸਥਾਪਨਾ ਦੀ ਵਰ੍ਹੇਗੰਢ ਹੈ। ਸੁਪਰਡੈਂਟ ਨਰਿੰਦਰ ਸਿੰਘ ਨੇ ਦੱਸਿਆ ਕਿ ਸੰਗਰੂਰ ਡਵੀਜਨ ਵੱਲੋਂ ਰਾਸ਼ਟਰੀ ਡਾਕ ਹਫ਼ਤੇ ਦੌਰਾਨ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ 10 ਅਕਤੂਬਰ ਨੂੰ ਵਿੱਤੀ ਸਸ਼ਕਤੀਕਰਨ ਦਿਵਸ ਵਜੋਂ ਮਨਾਇਆ ਗਿਆ ਤੇ ਇਸ ਮੌਕੇ ਪੰਜਾਬ ਸਰਕਲ ਵਿੱਚ ਹਰੇਕ ਡਾਕ ਡਵੀਜਨ ਵੱਲੋਂ ਡਾਕ ਚੌਪਾਲ (ਡਾਕ ਕਮਿਊਨਿਟੀ ਡਿਵੈਲਪਮੈਂਟ ਪ੍ਰੋਗਰਾਮ) ਲਈ। ਉਨ੍ਹਾਂ ਦੱਸਿਆ ਕਿ ਡਾਕ ਚੌਪਾਲ ਵਿਆਪਕ ਕਮਿਊਨਿਟੀ ਪ੍ਰੋਗਰਾਮ ਹੈ ਜਿਸ ਰਾਹੀਂ ਪੇਂਡੂ ਅਤੇ ਦੂਰ ਦੁਰਾਡੇ ਦੇ ਖੇਤਰਾਂ ਦੇ ਲੋਕਾਂ ਨੂੰ ਇੱਕ ਕੈਂਪ 'ਚ ਹੀ ਵੱਖ-ਵੱਖ ਡਾਕ ਸੇਵਾਵਾਂ ਪ੍ਰਦਾਨ ਕੀਤੀਆਂ ਗਈ। ਨਰਿੰਦਰ ਸਿੰਘ ਨੇ ਦੱਸਿਆ ਕਿ 11 ਅਕਤੂਬਰ ਨੂੰ 'ਡਿਜੀਟਲ ਇੰਡੀਆ' ਵਿਸ਼ੇ ਤੇ ਸਕੂਲਾਂ 'ਚ ਸੈਮੀਨਾਰ ਅਤੇ ਕੁਇਜ ਮੁਕਾਬਲੇ ਵੀ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ 12 ਅਕਤੂਬਰ ਮੇਲ ਅਤੇ ਪਾਰਸਲ ਦਿਵਸ ਵਜੋਂ ਮਨਾਇਆ ਜਾਵੇਗਾ।

13 ਅਕਤੂਬਰ ਨੂੰ 'ਅਨਤੋਦਿਆ ਦਿਵਸ' ਮਨਾਇਆ ਜਾ ਰਿਹਾ ਹੈ ਜਿਸ ਦੌਰਾਨ ਪੇਂਡੂ ਤੇ ਦੂਰ ਦੁਰਾਡੇ ਖੇਤਰਾਂ 'ਚ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਸਮਾਜ ਭਲਾਈ ਸਕੀਮਾਂ ਸਾਰੇ ਜਾਗਰੂਕ ਕੀਤਾ ਜਾਵੇਗਾ।

14 ਦੀ ਚੰਡੀਗੜ੍ਹ ਰੈਲੀ ਦੀਆਂ ਤਿਆਰੀਆਂ ਮੁਕੰਮਲ : ਪ ਸ ਸ ਫ

ਜਲੰਧਰ: (ਰਾਜੇਸ਼ ਥਾਪਾ)- ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗ ਦੀ ਮਿਤੀ ਅੱਗੇ ਪਾਉਣ ਅਤੇ ਮੁਲਾਜਮਾਂ/ਪੈਂਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਦਾ ਲਗਾਤਾਰ ਸੰਘਰਸ਼ ਹੋਣ ਦੇ ਬਾਵਜੂਦ ਵੀ ਕੋਈ ਯੋਗ ਨਿਪਟਾਰਾ ਨਾ ਕਰਨ ਤੋਂ ਦੁਖੀ ਅਤੇ ਰੋਹ ਵਿੱਚ ਆਏ ਮੁਲਾਜਮਾਂ/ਪੈਂਨਸ਼ਨਰਾਂ ਵਲੋਂ ਪੰਜਾਬ ਮੁਲਾਜਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਦੇ ਬੈਨਰ ਹੇਠ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਹੋਰ ਭਰਪੂਰ ਸੂਬਾਈ ਰੈਲੀ ਵਿੱਚ ਪ.ਸ.ਸ.ਫ.ਜਲੰਧਰ ਦੇ ਵਰਕਰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

ਰੈਲੀ ਦੀ ਤਿਆਰੀ ਸੰਬੰਧੀ ਪ ਸ ਸ ਫ ਜ਼ਿਲ੍ਹਾ ਜਲੰਧਰ ਦੀ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਨੇ ਦੱਸਿਆ ਕਿ ਚੰਡੀਗੜ੍ਹ ਰੈਲੀ 'ਚ ਸ਼ਮੂਲੀਅਤ ਕਰਨ ਲਈ 14 ਅਕਤੂਬਰ ਨੂੰ ਸਵੇਰੇ ਆਦਮਪੁਰ, ਭੋਗਪੁਰ, ਜਲੰਧਰ, ਸ਼ਾਹਕੋਟ, ਨਕੋਦਰ, ਨੂਰਮਹਿਲ, ਫਿਲੌਰ ਰੁੜਕਾ ਕਲਾਂ ਅਤੇ ਗੁਰਾਇਆ ਤੋਂ ਵਹੀਕਲ ਚੱਲਣਗੇ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਅਕਲ ਚੰਦ ਸਿੰਘ , ਕਰਨੈਲ ਫਿਲੌਰ , ਕੁਲਦੀਪ ਵਾਲੀਆ, ਕੁਲਵੰਤ ਰਾਮ ਰੁੜਕਾ , ਬਲਵੀਰ ਸਿੰਘ ਗੁਰਾਇਆ ,ਤਾਰਾ ਸਿੰਘ ਬੀਕਾ, ਕਰਨੈਲ ਸਿੰਘ ਸੰਧੂ ,ਰਤਨ ਸਿੰਘ, ਮਨੋਜ ਕੁਮਾਰ ਸਰੋਏ , ਸਤਵਿੰਦਰ ਸਿੰਘ ਫਿਲੌਰ , ਸੁਖਵਿੰਦਰ ਰਾਮ, ਪਰੇਮ ਖਲਵਾੜਾ, ਬੂਟਾ ਰਾਮ ਅਕਲਪੁਰ, ਕੁਲਵੀਰ ਸਿੰਘ ਸ਼ਾਹਕੋਟ, ਰਾਜਿੰਦਰ ਮਹਿਤਪੁਰ, ਬਲਜੀਤ ਸਿੰਘ ਕੁਲਾਰ, ਸੁਖਵਿੰਦਰ ਸਿੰਘ ਮੱਕੜ, ਜਗੀਰ ਸਿੰਘ ਸਹੋਤਾ, ਗੋਬਿੰਦ, ਰਾਜਿੰਦਰ ਸਿੰਘ ਭੋਗਪੁਰ, ਵਿਨੋਦ ਭੱਟੀ, ਕੁਲਦੀਪ ਸਿੰਘ ਕੌੜਾ ਤੋਂ ਇਲਾਵਾ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਆਦਿ ਸਾਥੀ ਹਾਜਰ ਹੋਏ।

ਸਕੂਲ ਟਾਈਮ ਲੜਕੀਆਂ ਨੂੰ ਛੇੜਦੇ ਲੋਫਰਾਂ ਤੋਂ ਮਾਪੇ ਪ੍ਰੇਸ਼ਾਨ

ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ) : ਸ਼ਹੀਦ ਭਗਤ ਸਿੰਘ ਚੌਕ ਵਿਖੇ ਸਕੂਲ ਤੇ ਹੋਰ ਕੰਮਾਂ 'ਤੇ ਜਾਂਦੀਆਂ ਲੜਕੀਆਂ ਤੇ ਔਰਤਾਂ ਨੂੰ ਮੋਟਰਸਾਈਕਲਾਂ ਸਵਾਰ ਲੋਫਰਾਂ ਹਰ-ਰੋਜ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਕਤ ਨੌਜਵਾਨ ਟੋਲੇ ਬਣਾ ਕੇ ਗੇੜੇ ਮਾਰਦੇ ਦਿਖਾਈ ਦਿੰਦੇ ਹਨ, ਜਿਸ ਤੋਂ ਮਾਪੇ ਬਹੁਤ ਦੁਖੀ ਹਨ। ਮਾਪਿਆਂ ਨੇ ਥਾਣਾ ਮੁਖੀ ਯਾਦਵਿੰਦਰ ਸਿੰਘ ਕੋਲੋਂ ਮੰਗ ਕੀਤੀ ਕਿ ਉਹ ਉਕਤ ਮਨਚਲੇ ਨੌਜਵਾਨਾਂ ਨੂੰ ਨੱਥ ਪਾਉਣ। ਜੇਕਰ ਫਿਰ ਵੀ ਨਹੀਂ ਮੰਨਦੇ ਤਾਂ ਉਨ੍ਹਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਮੰਗ ਕੀਤੀ ਇਨ੍ਹਾਂ ਮਨਚਲੇ ਨੌਜਵਾਨਾਂ ਨੂੰ ਕਾਬੂ ਕਰਨ ਲਈ ਸਵੇਰੇ ਤੇ ਸ਼ਾਮ ਨੂੰ ਸਕੂਲ ਟਾਈਮ ਪੀ. ਸੀ. ਆਰ. ਮੁਲਾਜਮਾਂ ਦੀ ਪੱਕੇ ਤੌਰ 'ਤੇ ਡਿਊਟੀ ਲਗਾਈ ਜਾਵੇ ਤਾਂ ਜੋ ਕਿਸੇ ਅਣਸੁਖਾਵੀ ਘਟਨਾ ਨੂੰ ਰੋਕਿਆ ਜਾ ਸਕੇ। ਦੱਸਣਯੋਗ ਹੈ ਕਿ ਜੇਕਰ ਕਈ ਸੀਨੀਅਰ ਵਿਅਕਤੀ ਉਕਤ ਨੌਜਵਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਉਸ ਨਾਲ ਝਗੜਾ ਕਰਨ ਲੱਗ ਜਾਂਦੇ ਹਨ।

ਗਰੁੱਪ ਏ ਤੇ ਬੀ ਦੇ ਅਧਿਕਾਰੀਆਂ ਨੂੰ ਪਦਉਨਤੀ 'ਚ ਰਾਖਵਾਂਕਰਨ ਇਤਿਹਾਸਕ ਫੈਸਲਾ : ਡਾ. ਬਨਵਾਰੀ ਲਾਲ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਸਹਿਕਾਰਤਾ ਅਤੇ ਜਨਸਿਹਤ ਮੰਤਰੀ ਡਾ. ਬਨਵਾਰੀ ਲਾਲ ਨੇ ਕਿਹਾ ਕਿ ਸੂਬਾ ਸਰਕਾਰ ਨੇ ਅਨੁਸੂਚਿਤ ਜਾਤੀ ਗਰੁੱਪ ਏ ਅਤੇ ਬੀ ਵਰਗ ਦੇ ਅਧਿਕਾਰੀਆਂ ਨੂੰ ਪਦੋਉਨਤੀ ਵਿਚ ਰਾਖਵਾਂ ਦਾ ਪ੍ਰਾਵਧਾਨ ਕਰ ਕੇ ਅਨੁਸੂਚਿਤ ਜਾਤੀ ਵਰਗ ਦੇ ਪੱਖ ਵਿਚ ਇਤਿਹਾਸਕ ਫੈਸਲਾ ਕੀਤਾ ਹੈ। ਉਨ੍ਹਾਂ ਨੇ ਇਸ ਦੇ ਲਈ ਮੁੱਖ ਮੰਤਰੀ ਮਨੋਹਰ ਲਾਲ ਦਾ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਇਸ ਸ਼ਲਾਘਾਯੋਗ ਅਤੇ ਸਵਾਗਤਯੋਗ ਕਦਮ ਨਾਲ ਸਾਬਤ ਹੋ ਗਿਆ ਹੈ ਕਿ ਉਹ ਗਰੀਬ ਵਰਗ ਦੇ ਸੱਚੇ ਹਿਤੇਸ਼ੀ ਹਨ। ਸਹਿਕਾਰਤਾ ਮੰਤਰੀ ਚੰਡੀਗੜ੍ਹ ਵਿਚ ਅਨੁਸੂਚਿਤ ਜਾਤੀਆਂ ਦੇ ਵੱਖ-ਵੱਖ ਕਰਮਚਾਰੀ ਅਤੇ ਅਧਿਕਾਰੀ ਐਸੋਸੀਏਸ਼ਨਾਂ ਦੇ ਅਧਿਕਾਰੀਆਂ ਦੇ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ 'ਤੇ ਹਿਸਾਰ ਜ਼ਿਲ੍ਹੇ ਦੇ ਕਈ ਪੰਚਾਇਤ ਪ੍ਰਤੀਨਿਧੀਆਂ ਸਮੇਤ ਪਿੰਡ ਬਧਾਵੜ ਦੇ ਪੰਚਾਇਤ ਪ੍ਰਤੀਨਿਧੀਆਂ ਨੇ ਵੀ ਸਹਿਕਾਰਤਾ ਮੰਤਰੀ ਦਾ ਧੰਨਵਾਦ ਪ੍ਰਗਟਾਇਆ। ਬਧਾਵੜ ਪੰਚਾਇਤ ਪ੍ਰਤੀਨਿਧੀਆਂ ਦੀ ਅਪੀਲ 'ਤੇ ਸਹਿਕਾਰਤਾ ਮੰਤਰੀ ਨੇ ਸੰਵਿਧਾਨ ਦਿਵਸ ਦੇ ਮੌਕੇ ਵਿਚ 27 ਨਵੰਬਰ ਨੂੰ ਹਿਸਾਰ ਦੇ ਪਿੰਡ ਬਧਾਵੜ ਵਿਚ ਭਾਰਤ ਰਤਨ ਡਾ. ਭੀਮਰਾਓ ਅੰਬੇਦਕਰ ਭਵਨ ਦਾ ਉਦਘਾਟਨ ਕਰਨ ਦੀ ਸਹਿਮਤੀ ਦਿੱਤੀ। ਡਾ. ਬਨਵਾਰੀ ਲਾਲ ਨੇ ਰਾਖਵਾਂ ਦੇ ਮਾਮਲੇ ਨੂੰ ਗੌਰਵ ਦਾ ਵਿਸ਼ਾ ਦੱਸਦੇ ਹੋਏ ਕਿਹਾ ਕਿ ਪਦਉਨਤੀ ਵਿਚ ਰਾਖਵਾਂ ਦੇ ਲਈ ਹਰੇਕ ਕਾਰਡ ਅਨੁਸਾਰ ਪੋਸਟ ਦਾ ਰੋਸਟਰ ਬਣਾ ਕੇ ਲਾਭ ਦਿੱਤਾ ਜਾਵੇਗਾ। ਇਸ ਕੰਮ ਲਈ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਚ ਖੁਸ਼ੀ ਦੀ ਲਹਿਰ ਹੈ। ਕਰਮਚਾਰੀ ਤੇ ਅਧਿਕਾਰੀ ਏਸੋਸਇਏਸ਼ਨਾਂ ਨੇ ਸਹਿਕਾਰਤਾ ਮੰਤਰੀ ਦਾ ਮੂੰਹ ਮਿੱਠਾ ਕਰਵਾਇਆ ਅਤੇ ਗੁਲਦਸਤਾ ਭੇਂਟ ਕਰ ਧੰਨਵਾਦ ਪ੍ਰਗਟਾਇਆ।

ਨਗਰ ਨਿਗਮ ਨੇ ਸ਼ਹਿਰ ਨੂੰ ਹਰਿਆ-ਭਰਿਆ ਤੇ ਸਾਫ-ਸੁਥਰਾ ਰੱਖਣ 'ਚ ਰੁਚੀ ਗੁਆ ਦਿੱਤੀ : ਪਰਵਿੰਦਰ ਸੋਹਾਣਾ

ਮੋਹਾਲੀ (ਗੁਰਜੀਤ ਬਿੱਲਾ) ਸ਼ਹਿਰ ਦੀਆਂ ਸੜਕਾਂ ਦੇ ਆਲੇ-ਦੁਆਲੇ ਅਤੇ ਕਸਬੇ ਦੀਆਂ ਅਣਡਿੱਠੀਆਂ ਥਾਵਾਂ 'ਤੇ ਕੂੜੇ ਦੇ ਢੇਰ ਇਸ ਗੱਲ ਨੂੰ ਸਾਬਤ ਕਰਦੇ ਹਨ ਕਿ ਸਥਾਨਕ ਕੌਂਸਲਰ ਅਤੇ ਨਗਰ ਨਿਗਮ ਮੁਹਾਲੀ ਨੂੰ ਹਰਿਆ-ਭਰਿਆ ਅਤੇ ਸਾਫ-ਸੁਥਰਾ ਰੱਖਣ ਵਿੱਚ ਦਿਲਚਸਪੀ ਗੁਆ ਚੁੱਕੇ ਹਨ। ਇਹ ਪ੍ਰਗਟਾਵਾ ਅਕਾਲੀ ਆਗੂ ਪਰਵਿੰਦਰ ਸੋਹਾਣਾ ਨੇ ਕਰਦਿਆਂ ਮੋਹਾਲੀ ਵਿੱਚ ਚਾਰੇ ਪਾਸੇ ਫੈਲੇ ਕੂੜੇ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਉਸ ਨੇ ਕਿਹਾ ਕਿ ਨਗਰ ਨਿਗਮ ਮੁਹਾਲੀ ਵੱਲੋਂ ਕਸਬੇ ਵਿੱਚ ਸਫਾਈ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ, ਇਸ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਅਕਾਲੀ ਆਗੂ ਨੇ ਯਾਦ ਦਿਵਾਇਆ ਕਿ ਪਹਿਲਾਂ ਮੋਹਾਲੀ ਨੂੰ ਸਫਾਈ ਲਈ ਸਨਮਾਨਿਤ ਕੀਤਾ ਜਾਂਦਾ ਸੀ, ਪਰ ਬਦਕਿਸਮਤੀ ਨਾਲ ਹੁਣ ਦਿਨ-ਬ-ਦਿਨ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। 2022 ਵਿੱਚ ਸਲਾਨਾ ਸਫਾਈ ਸਰਵੇਖਣ ਵਿੱਚ ਮੁਹਾਲੀ ਦਾ ਦਰਜਾ 81ਵੇਂ ਸਥਾਨ 'ਤੇ ਆ ਗਿਆ ਜੋ ਕਿ 2021 ਵਿੱਚ 113ਵੇਂ ਸਥਾਨ ਤੋਂ 32ਵੇਂ ਸਥਾਨ 'ਤੇ ਆ ਗਿਆ ਪਰ ਸਬੰਧਤ ਅਧਿਕਾਰੀ ਇਸ ਤੋਂ ਘੱਟ ਹੀ ਚਿੰਤਤ ਜਾਪਦੇ ਹਨ। ਸਵੱਛ ਭਾਰਤ ਮਿਸ਼ਨ ਅਰਬਨ ਜਨਤਕ ਸਥਾਨਾਂ ਅਤੇ ਪਖਾਨਿਆਂ ਵਿੱਚ ਸਫਾਈ ਦਾ ਮੁਲਾਂਕਣ ਕਰਦਾ ਹੈ, ਨਿਵਾਸੀਆਂ ਦਾ ਫੀਡਬੈਕ ਲੈਂਦਾ ਹੈ ਅਤੇ ਕੂੜਾ ਇਕੱਠਾ ਕਰਨ, ਵੱਖ ਕਰਨ ਅਤੇ ਪ੍ਰੋਸੈਸਿੰਗ ਵਿੱਚ ਨਗਰਪਾਲਿਕਾ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਦਾ ਹੈ। 2021 ਦੇ ਸਰਵੇਖਣ ਵਿੱਚ, ਮੋਹਾਲੀ ਨੇ 58.5% ਅੰਕ ਪ੍ਰਾਪਤ ਕੀਤੇ ਤੇ 2022 ਵਿੱਚ 53.8% । ਇੱਥੋਂ ਤੱਕ ਕਿ ਰਾਜ ਪੱਧਰ 'ਤੇ ਵੀ ਸ਼ਹਿਰ ਦੀ ਸਥਿਤੀ ਇਸ ਮਿਆਰ ਵਿੱਚ ਦੂਜੇ ਤੋਂ ਤੀਜੇ ਸਥਾਨ 'ਤੇ ਆ ਗਈ। ਫਿਰੋਜ਼ਪੁਰ ਅਤੇ ਅਬੋਹਰ ਨੇ ਲੀਡ ਲੈ ਲਈ। ਵਿਸ਼ੇਸ਼ ਚਿੰਤਾ ਦਾ ਵਿਸ਼ਾ ਸੇਵਾ-ਪੱਧਰ ਦੀ ਪ੍ਰਗਤੀ ਦਾ ਹਿੱਸਾ ਹੈ, ਜੋ ਮੁਲਾਂਕਣ ਵਿੱਚ 40% ਦਾ ਮਹੱਤਵਪੂਰਨ ਭਾਰ ਰੱਖਦਾ ਹੈ। ਪੈਰਾਮੀਟਰ ਵਿੱਚ ਮੋਹਾਲੀ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ ਹੈ, ਜਿਸ ਨੇ 3,000 ਵਿੱਚੋਂ ਸਿਰਫ 1,762 ਅੰਕ ਪ੍ਰਾਪਤ ਕੀਤੇ ਹਨ।

ਅਰੁੰਧਤੀ ਰਾਏ ਵਿਰੁੱਧ ਕੇਸ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਿੰਦਾ

ਜਲੰਧਰ (ਕੇਸਰ)-ਦਿੱਲੀ ਦੇ ਲੈਫਟੀਨੈਂਟ ਗਵਰਨਰ ਸਕਸੈਨਾ ਵੱਲੋਂ 2010 ਦੇ ਇੱਕ ਕੇਸ ਵਿੱਚ ਲੇਖਿਕਾ ਅਰੁੰਧਤੀ ਰਾਏ ਅਤੇ ਇਕ ਸਾਬਕਾ ਕਸ਼ਮੀਰੀ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਦੇ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਕਸ਼ਮੀਰ ਦੇ ਇਕ 'ਸਮਾਜਿਕ ਕਾਰਕੁਨ' ਸੁਸ਼ੀਲ ਪੰਡਿਤ ਨੇ 28 ਅਕਤੂਬਰ 2010 ਨੂੰ ਦਿੱਲੀ ਦੇ ਤਿਲਕ ਮਾਰਗ ਪੁਲਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਈ ਸੀ ਕਿ 21 ਅਕਤੂਬਰ 2020 ਨੂੰ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ (ਸੀਆਰਪੀਪੀ) ਦੁਆਰਾ ਆਯੋਜਿਤ ਇੱਕ ਕਾਨਫਰੰਸ ਵਿਚ "ਆਜਾਦੀ - ਇਕੋ ਰਾਹ" ਦੇ ਬੈਨਰ ਹੇਠ ਬੁਲਾਰਿਆਂ ਵੱਲੋਂ "ਜਨਤਾ ਵਿੱਚ ਭੜਕਾਊ ਭਾਸ਼ਣ ਦਿੱਤੇ ਗਏ।" ਇਸ ਮਾਮਲੇ ਵਿਚ ਨਵੀਂ ਦਿੱਲੀ ਦੇ ਮੈਟਰੋਪੋਲੀਟਿਨ ਮੈਜਿਸਟ੍ਰੇਟ ਦੇ ਆਦੇਸ਼ ਤੇ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਇਸ ਕੇਸ ਦੇ ਦੋ ਹੋਰ ਕਥਿਤ ਦੋਸ਼ੀਆਂ ਪ੍ਰੋਫੈਸਰ ਸਈਦ ਅਬਦੁਲ ਰਹਿਮਾਨ ਗਿਲਾਨੀ ਅਤੇ ਉੱਘੇ ਕਸ਼ਮੀਰੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਦੀ ਮੌਤ ਹੋ ਚੁੱਕੀ ਹੈ। ਲੈਫਟੀਨੈਂਟ ਗਵਰਨਰ ਨੇ ਕਿਹਾ ਕਿ ਉਸ ਸ਼ਿਕਾਇਤ ਅਨੁਸਾਰ ਅਰੁੰਧਤੀ ਰਾਏ ਅਤੇ ਕਸ਼ਮੀਰ ਦੀ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਹੁਸੈਨ ਵਿਰੁੱਧ ਸਪੱਸ਼ਟ ਤੌਰ 'ਤੇ ਧਾਰਾ 153ਏ, 153ਬੀ ਅਤੇ ਧਾਰਾ 505 ਤਹਿਤ ਕੇਸ ਬਣਦਾ ਹੈ। ਯਾਦ ਰਹੇ ਕਿ ਹੇਟ ਸਪੀਚ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਹੇਟ ਕ੍ਰਾਈਮ, ਸੈਡੀਸ਼ਨ, ਰਾਜ ਵਿਰੁੱਧ ਜੰਗ ਛੇੜਨ ਅਤੇ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਭੜਕਾਉਣ ਵਰਗੇ ਖਾਸ ਦੋਸ਼ਾਂ ਤਹਿਤ ਕੇਸ ਚਲਾਏ ਜਾਣ ਲਈ ਸੀਆਰਪੀਸੀ ਦੇ ਸੈਕਸ਼ਨ 196(1) ਤਹਿਤ ਰਾਜ ਸਰਕਾਰ ਦੀ ਉਚਿਤ ਮਨਜ਼ੂਰੀ ਜ਼ਰੂਰੀ ਹੈ। ਦਿੱਲੀ ਦੇ ਲੈਫਟੀਨੈਂਟ ਗਵਰਨਰ ਵੱਲੋਂ ਦਿੱਤੀ ਮਨਜ਼ੂਰੀ ਤੋਂ ਸਪੱਸ਼ਟ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਮਕਬੂਲ ਲੇਖਿਕਾ ਤੇ ਕਾਰਕੁਨ ਅਰੁੰਧਤੀ ਰਾਏ ਨੂੰ ਉਲਝਾਉਣ ਲਈ ਇਹ ਡੂੰਘੀ ਸਾਜ਼ਿਸ਼ ਕੇਂਦਰੀ ਹਕੂਮਤ ਦੇ ਇਸ਼ਾਰੇ ਤੇ ਘੜੀ ਗਈ ਹੈ। 13 ਸਾਲ ਬਾਅਦ ਇਸ ਕੇਸ ਨੂੰ ਉਛਾਲਣ ਦਾ ਉਦੇਸ਼ ਸੱਤਾ ਵਿਰੋਧੀ ਆਵਾਜ਼ਾਂ ਨੂੰ ਖੌਫ਼ਜ਼ਦਾ ਕਰਕੇ ਉਨ੍ਹਾਂ ਦੀ ਜ਼ੁਬਾਨਬੰਦੀ ਕਰਨਾ ਹੈ।

ਨਿਊਜ਼ਕਲਿੱਕ ਵਿਰੁੱਧ ਕੀਤੀ ਗਈ ਛਾਪੇਮਾਰੀ ਨਾਲ ਫਾਸ਼ੀਵਾਦੀ ਹਕੂਮਤ ਨੇ ਪਹਿਲਾਂ ਹੀ ਇਕ ਸੰਦੇਸ਼ ਦਿੱਤਾ ਹੈ ਕਿ ਹੁਣ ਹਕੂਮਤ ਕਿਸੇ ਨੂੰ ਕਿਸੇ ਵੀ ਸਮੇਂ ਸੰਗੀਨ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰ ਸਕਦੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ,ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਸ ਕਦਮ ਦੀ ਤਿੱਖੀ ਨਿੰਦਾ ਕਰਦਿਆਂ ਜਮਹੂਰੀ ਹਲਕਿਆਂ ਨੂੰ ਆਵਾਜ ਉਠਾਉਣ ਲਈ ਅਪੀਲ ਕੀਤੀ ਹੈ।

ਸਾਬਕਾ ਵਿਧਾਇਕ ਰਾਮ ਕ੍ਰਿਸ਼ਨ ਕਟਾਰੀਆ ਦਾ ਅੰਤਿਮ ਸੰਸਕਾਰ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਸਾਬਕਾ ਵਿਧਾਇਕ ਰਾਮ ਕ੍ਰਿਸ਼ਨ ਕਟਾਰੀਆ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਪੋਜੇਵਾਲ ਵਿਖੇ ਕੀਤਾ ਗਿਆ। ਇਸ ਤੋਂ ਪਹਿਲਾਂ ਹਲਕੇ ਦੇ ਵੱਖ-ਵੱਖ ਇਲਾਕਿਆਂ ਵਿਚੋਂ ਉਨ੍ਹਾਂ ਦੀ ਅੰਤਿਮ ਯਾਤਰਾ ਕੱਢੀ ਗਈ। ਚਿਤਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਅਸ਼ੋਕ ਕਟਾਰੀਆ , ਡਿੰਪੀ ਕਟਾਰੀਆ ਅਤੇ ਦਿਨੇਸ਼ ਕਟਾਰੀਆ ਨੇ ਦਿਖਾਈ। ਇਸ ਦੌਰਾਨ ਉਨ੍ਹਾਂ ਦੇ ਪੋਤਰਾ ਕਾਨਵੀ ਕਟਾਰੀਆ ਅਤੇ ਉਨ੍ਹਾਂ ਦੀ ਨੂੰਹ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਸਮੇਤ ਭਾਰੀ ਗਿਣਤੀ ਵਿੱਚ ਹਲਕਾ ਅਤੇ ਪਿੰਡ ਵਾਸੀ ਮੌਜੂਦ ਸਨ।

ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ, ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਵਿਧਾਇਕ ਸਾਹਨੇਵਾਲ ਹਰਦੀਪ ਸਿੰਘ ਮੁੰਡੀਆਂ, ਸਾਬਕਾ ਵਿਧਾਇਕ ਬਲਾਚੌਰ ਦਰਸ਼ਨ ਲਾਲ ਮੰਗੂਪੁਰ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਉਨ੍ਹਾਂ ਪਰਵਾਰਕ ਮੈਂਬਰਾਂ ਦੇ ਨਾਲ ਦੁੱਖ ਸਾਂਝਾ ਕੀਤਾ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਐਸ.ਐਸ.ਪੀ ਡਾ. ਅਖਿਲ ਚੌਧਰੀ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਐਸ.ਡੀ.ਐਮ ਬਲਾਚੌਰ ਵਿਕਰਮਜੀਤ ਸਿੰਘ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਮਾਰਕਿਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ, ਜ਼ਿਲ੍ਹਾ ਯੋਜਨਾ ਕਮੇਟੀ ਸਤਨਾਮ ਸਿੰਘ ਜਲਾਲਪੁਰ, ਆਪ ਸੀਨੀਅਰ ਆਗੂ ਹਰਜੋਤ ਲੋਟੀਆ, ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ, ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਲਕਾ ਵਾਸੀ ਮੌਜੂਦ ਸਨ।

ਪੂਰੇ ਜ਼ਿਲ੍ਹੇ 'ਚ ਅਮਨ-ਕਾਨੂੰਨ ਨੂੰ ਸੁਚਾਰੂ ਬਣਾਇਆ ਜਾਵੇਗਾ : ਵਤਸਲਾ ਗੁਪਤਾ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਸ਼ਹਿਰ ਦੇ ਸਾਬਕਾ ਮੇਅਰ ਅਤੇ ਸੀਨੀਅਰ ਭਾਜਪਾ ਆਗੂ ਅਰੁਣ ਖੋਸਲਾ ਨੇ ਜ਼ਿਲ੍ਹਾ ਕਪੂਰਥਲਾ ਦੇ ਨਵ-ਨਿਯੁਕਤ ਐਸ.ਐਸ.ਪੀ ਮੈਡਮ ਵਤਸਲਾ ਗੁਪਤਾ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਗੁਲਦਸਤਾ ਭੇਂਟ ਕਰਕੇ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਦੇ ਨਾਲ ਜ਼ਿਲ੍ਹਾ ਭਾਜਪਾ ਸਕੱਤਰ ਨਿਤਿਨ ਚੱਢਾ ਨੇ ਵੀ ਨਿਯੁਕਤੀ ਦਾ ਸਵਾਗਤ ਕੀਤਾ। ਸਾਬਕਾ ਮੇਅਰ ਖੋਸਲਾ ਨੇ ਐਸਐਸਪੀ ਨੂੰ ਫਗਵਾੜਾ ਦੀ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੀ ਰੋਕਥਾਮ ਸਬੰਧੀ ਸੁਝਾਅ ਦਿੱਤੇ। ਐਸ.ਐਸ.ਪੀ ਵਤਸਲਾ ਗੁਪਤਾ ਨੇ ਭਰੋਸਾ ਦਿੱਤਾ ਕਿ ਫਗਵਾੜਾ ਅਤੇ ਕਪੂਰਥਲਾ ਸਮੇਤ ਪੂਰੇ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਨੂੰ ਸੁਚਾਰੂ ਬਣਾਇਆ ਜਾਵੇਗਾ। ਸਾਰੇ ਥਾਣਾ ਇੰਚਾਰਜਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਦੇ ਸੌਦਾਗਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਐਸ.ਐਸ.ਪੀ ਨੇ ਆਮ ਲੋਕਾਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਨਸ਼ੇ ਦੇ ਸੌਦਾਗਰਾਂ ਬਾਰੇ ਪੁਲਿਸ ਨੂੰ ਸੂਚਨਾ ਦੇਣ ਅਤੇ ਘਰ ਵਿੱਚ ਜੇਕਰ ਕੋਈ ਵਿਅਕਤੀ ਨਸ਼ੇ ਦੀ ਲਤ ਦਾ ਸ਼ਿਕਾਰ ਹੈ ਤਾਂ ਉਸਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾ ਕੇ ਇਲਾਜ ਕਰਵਾਇਆ ਜਾਵੇ। ਉਹਨਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕਦਾ ਹੈ। ਚੋਰੀ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਬਾਰੇ ਐਸ.ਐਸ.ਪੀ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਕਿਸੇ ਵੀ ਤਰ੍ਹਾਂ ਦੇ ਅਪਰਾਧ ਲਈ ਕੋਈ ਥਾਂ ਨਹੀਂ ਹੈ। ਲੋਕਾਂ ਦੀ ਸੁਰੱਖਿਆ ਪੁਲਸ ਦੀ ਪਹਿਲੀ ਜ਼ਿੰਮੇਵਾਰੀ ਰਹੇਗੀ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਬਲਾਕਾਂ ਦੇ ਐਸਪੀਜ਼, ਡੀ.ਐਸਪੀਜ਼ ਅਤੇ ਸਟੇਸ਼ਨ ਹਾਊਸ ਅਫ਼ਸਰਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਗੱਲ ਵੀ ਕਹੀ।

ਪਿਪਸ ਵਿਖੇ ਮਨਾਈ ਹੋਮ ਪਿਕਨਿਕ ਤੇ ਹਾਰਡੀਜ਼ ਵਰਲਡ ਦਾ ਕਰਵਾਇਆ ਟੂਰ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)— ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਨਰਸਰੀ ਜਮਾਤ ਤੋਂ ਚੌਥੀ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਸਕੂਲ ਵਿਖੇ ਹੋਮ ਪਿਕਨਿਕ ਮਨਾਈ ਗਈ ਅਤੇ ਪੰਜਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦਾ ਹਾਰਡੀਜ ਵਰਲਡ ਲੁਧਿਆਣਾ ਵਿਖੇ ਮਨੋਰੰਜਕ ਟੂਰ ਕਰਵਾਇਆ ਗਿਆ । ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਧੀਮਾਨ ਨੇ ਦੱਸਿਆ ਕਿ ਨਰਸਰੀ ਤੋਂ ਚੌਥੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਕੂਲ ਦੇ ਮੈਦਾਨ ਵਿੱਚ ਹੀ ਪਿਕਨਿਕ ਦਾ ਪ੍ਰਬੰਧ ਕੀਤਾ ਗਿਆ। ਹੋਮ ਪਿਕਨਿਕ ਦੌਰਾਨ ਵਿਦਿਆਰਥੀਆਂ ਦੇ ਮਨੋਰੰਜਨ ਲਈ ਵੱਖ-ਵੱਖ ਤਰ੍ਹਾਂ ਦੇ ਝੂਲੇ, ਖੇਡ ਗਤੀਵਿਧੀਆਂ ਅਤੇ ਵਾਟਰ ਪਾਰਕ ਦਾ ਪ੍ਰਬੰਧ ਵੀ ਸਕੂਲ ਵਿੱਚ ਹੀ ਕੀਤਾ ਗਿਆ ਤੇ ਸਾਰੇ ਵਿਦਿਆਰਥੀਆਂ ਨੇ ਖੂਬ ਅਨੰਦ ਮਾਣਿਆ। ਇਸੇ ਤਰ੍ਹਾਂ ਪੰਜਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਉਨਾਂ ਦੇ ਮਨੋਰੰਜਨ ਲਈ ਹਾਰਡੀਜ ਵਰਲਡ ਲੁਧਿਆਣਾ ਵਿਖੇ ਲਿਜਾਇਆ ਗਿਆ , ਟੂਰ ਦੌਰਾਨ ਵਿਦਿਆਰਥੀਆਂ ਨੇ ਵੱਖ - ਵੱਖ ਪ੍ਰਕਾਰ ਦੇ ਝੂਲੇ , ਸਲਾਈਡ , ਵਾਟਰ ਪਾਰਕ , ਕਾਰ ਰੇਸ ਆਦਿ ਅਨੇਕਾਂ ਮਨੋਰੰਜਨ ਭਰਪੂਰ ਖੇਡਾਂ ਦਾ ਖੂਬ ਅਨੰਦ ਮਾਣਿਆ । ਸਕੂਲ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ ਅਤੇ ਡਾਇਰੈਕਟਰ ਮੈਡਮ ਸ਼ਿੰਦਰਪਾਲ ਕੌਰ ਅਟਵਾਲ ਨੇ ਹੋਮ ਪਿਕਨਿਕ ਅਤੇ ਟੂਰ ਦੀ ਸਫਲਤਾ 'ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਸੰਦੇਸ ਭੇਜਿਆ ਅਤੇ ਉਹਨਾਂ ਆਪਣੇ ਸੰਦੇਸ ਵਿੱਚ ਕਿਹਾ ਕਿ ਪੜ੍ਹਾਈ ਦੇ ਨਾਲ ਮਨੋਰੰਜਨ ਵੀ ਬੱਚਿਆਂ ਲਈ ਬੇਹੱਦ ਜਰੂਰੀ ਹੈ।

ਘਰਾਂ ਦੇ ਉੱਪਰ ਤੋਂ ਲੰਘਣ ਵਾਲੀ ਬਿਜਲੀ ਲਾਈਨ ਹਟਾਈ ਜਾਵੇਗੀ : ਮੁੱਖ ਮੰਤਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਸੂਬੇ ਵਿਚ ਨਾਗਰਿਕਾਂ ਦੇ ਘਰਾਂ ਦੇ ਉੱਪਰ ਤੋਂ ਲੰਘਣ ਵਾਲੀਆਂ ਬਿਜਲੀ ਲਾਇਨ ਨੂੰ ਹਟਾਇਆ ਜਾਵੇਗਾ। ਇਸ ਦੇ ਲਈ ਸੂਬਾ ਸਰਕਾਰ ਨੇ 1.51 ਕਰੋੜ ਰੁਪਏ ਦਾ ਬਜਟ ਨਿਰਧਾਰਿਤ ਕੀਤਾ ਹੈ। ਮੁੱਖ ਮੰਤਰੀ ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਆਈਜੀ ਓਡੀਟੋਰਿਅਮ ਵਿਚ ਜਨਸੰਵਾਦ ਪ੍ਰੋਗ੍ਰਾਮ ਨੂੰ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਘਰਾਂ ਦੇ ਉੱਪਰ ਤੋਂ ਲੰਘਣ ਵਾਲੀ ਲਾਇਨ ਦੀ ਸੱਮਸਿਆ ਦਾ ਹੱਲ ਕਰਨ ਲਈ ਬਿਜਲੀ ਵਿਭਾਗ ਨੂੰ ਨਿਰਦੇਸ਼ ਜਾ ਚੁੱਕੇ ਹਨ। ਉਨ੍ਹਾਂ ਨੇ ਬਿਜਲੀ ਵਿਭਾਗ ਨੂੰ ਕਿਹਾ ਕਿ ਭਵਿੱਖ ਵਿਚ ਬਿਜਲੀ ਦੀ ਲਾਇਨ ਦੇ ਹੇਠਾਂ ਨਿਰਮਾਣ ਨਹੀਂ ਹੋਣ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਉਤਰਾਖੰਡ ਵਿਚ ਹੋਏ ਹਾਦਸੇ ਵਿਚ ਜਾਨ ਗਵਾਉਣ ਵਾਲੇ ਨਾਗਰਿਕਾਂ ਨੂੰ ਦੋ ਮਿੰਟ ਦਾ ਮੌਨ ਰੱਖ ਸ਼ਰਧਾਂਜਲੀ ਦਿੱਤੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਰੈਡਕ੍ਰਾਸ ਦੀ ਸਹਾਇਤਾ ਨਾਲ ਦਿਵਆਂਗਾਂ ਨੂੰ ਦਿਵਆਂਗ ਜਨਸਹਾਇਤ ਸਮੱਗਰੀ ਵੀ ਪ੍ਰਦਾਨ ਕੀਤੀ। ਉਨ੍ਹਾਂ ਨੇ ਘਰੇਲੂ ਉਤਪਾਦ ਨੂੰ ਪ੍ਰੋਤਸਾਹਨ ਦੇਣ ਲਈ ਸਵੈ ਸਹਾਇਤਾ ਸਮੂਹ ਦੀ ਮਹਿਲਾਵਾਂ ਵੱਲੋਂ ਬਣਾਏ ਗਏ ਉਤਪਾਦਾਂ ਦੀ ਸਟਾਲ ਦਾ ਅਵਲੋਕਨ ਕੀਤਾ। ਇਸ ਮੌਕੇ 'ਤੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ, ਸਾਂਸਦ ਡਾ. ਪੀਪੀ ਵਤਸ, ਮੇਅਰ ਗੌਤਮ ਸਰਦਾਨਾ ਸਮੇਤ ਅਧਿਕਾਰੀ ਮੌਜੂਦ ਰਹੇ।

ਪਰਾਲੀ ਸਾੜਨ 'ਤੇ ਰੋਕ ਲਗਾਉਣ ਲਈ ਅਧਿਕਾਰੀ ਪ੍ਰਭਾਵੀ ਰਣਨੀਤੀ ਬਣਾਉਣ : ਸੰਜੀਵ ਕੌਸ਼ਲ

ਚੰਡੀਗੜ੍ਹ (ਕ੍ਰਿਸ਼ਨ ਗਰਗ- ਹਰਿਆਣਾ ਦੇ ਮੁੱਖ ਸਕੱਤਰੀ ਸੰਜੀਵ ਕੌਸ਼ਲ ਨੇ ਕਿਹਾ ਕਿ ਰਾਜ ਵਿਚ ਪਰਾਲੀ ਜਲਾਉਣ ਦੀ ਰੋਕਥਾਮ ਦੇ ਯਤਨਾਂ ਦਾ ਮੁਲਾਂਕਨ ਕਰ ਵਧਾਇਆ ਜਾਵੇ। ਇੰਨ੍ਹਾਂ ਗੰਭੀਰ ਮਾਮਲਿਆਂ ਤੋਂ ਪ੍ਰਭਾਵੀ ਢੰਗ ਨਾਲ ਨਜਿਠਣ ਲਈ ਉਪਾਆਂ ਦੀ ਜਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ ਬਿਹਤਰ ਕਾਰਵਾਈ ਕੀਤੀ ਜਾਵੇ। ਮੁੱਖ ਸਕੱਤਰ ਇੱਥੇ ਪਰਾਲੀ ਜਲਾਉਣ 'ਤੇ ਰੋਕ ਲਗਾਉਣ ਨੂੰ ਲੈ ਕੇ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਦੇ ਨਾਲ ਵਰਚੂਅਲੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਕੌਸ਼ਲ ਨੇ ਪਰਾਲੀ ਜਲਾਉਣ 'ਤੇ ਰੋਕ ਲਗਾਉਣ ਵਾਲੀ ਬਿਹਤਰ ਰਣਨੀਤੀ ਬਨਾਉਣ ਅਤੇ ਉਸ ਨੂੰ ਪ੍ਰਭਾਵਿਤ ਖੇਤਰ ਵਿਚ ਲਾਗੂ ਕਰਨ ਦੇ ਲਈ ਖੇਤੀਬਾੜੀ ਅਤੇ ਹੋਰ ਸਬੰਧਿਤ ਅਧਿਕਾਰੀਆਂ ਦੇ ਨਾਲ ਨਿਯਮਤ ਰੂਪ ਨਾਲ ਸਮੀਖਿਆ ਮੀਟਿੰਗ ਪ੍ਰਬੰਧਿਤ ਕਰਨ ਦੇ ਨਿਰਦੇਸ਼ ਦਿੱਤੇ। ਇਹ ਮੀਟਿੰਗ ਰਣਨੀਤੀ ਬਨਾਉਣ ਤੇ ਵਾਤਾਵਰਣ ਚਨੌਤੀਆਂ ਦੇ ਪ੍ਰਤੀ ਤਾਲਮੇਲ ਯਕੀਨੀ ਕਰਨ ਵਿਚ ਸਹਾਇਕ ਹੋਣੀ ਚਾਹੀਦੀ ਹੈ।

ਕੌਸ਼ਲ ਨੇ ਕਿਹਾ ਕਿ ਪਰਾਲੀ ਜਲਾਉਣ ਦੀ ਘਟਨਾਵਾਂ ਨਾਲ ਨਜਿਠਣ ਲਈ ਇੰਨ੍ਹਾਂ ਮਾਮਲਿਆਂ ਵਿਚ ਸ਼ਾਮਿਲ ਅਧਿਕਾਰੀਆਂ ਅਤੇ ਵਿਅਕਤੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਹਵਾ ਪ੍ਰਦੂਸ਼ਣ ਫੈਲਾਉਣ ਵਿਚ ਯੋਗਦਾਨ ਕਰਨ ਵਾਲੇ ਲੋਕਾਂ ਨੂੰ ਰੋਕਨ ਲਈ ਉਨ੍ਹਾਂ ਨੂੰ ਸਜਾ ਦੇਣੀ ਜਰੂਰੀ ਹੈ। ਕੌਸ਼ਲ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਆਪਣੇ ਪਿੰਡਾਂ ਦੇ ਸਰਪੰਚਾਂ ਦੇ ਨਾਲ ਗੂੜੇ ਸਬੰਧ ਬਨਾਏ ਰੱਖਣ। ਸਰਪੰਚ ਇਸ ਕੰਮ ਵਿਚ ਮਹਤੱਵਪੂਰਨ ਭੂਮਿਕਾ ਨਿਭਾ ਸਕਦੇ ਹਨ। ਇਸ ਤਰ੍ਹਾਂ ਦਾ ਸਮੂਹਿਕ ਯਤਨ ਹਵਾ ਪ੍ਰਦੂਸ਼ਣ ਅਤੇ ਵਾਤਾਵਰਣ ਗਿਰਾਵਟ ਵਿਚ ਯੋਗਦਾਨ ਲਈ ਜਿੰਮੇਵਾਰ ਲੋਕਾਂ ਨੂੰ ਜਵਾਬਦੇਹੀ ਬਣਾਏਗੀ। ਮੀਟਿੰਗ ਵਿਚ ਵਧੀਕ ਮੁੱਖ ਸਕੱਤਰ ਵਾਤਾਵਰਣ ਅਤੇ ਵਨ ਵਿਨੀਤ ਗਰਗ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

ਰਾਜਸਥਾਨ ਚੋਣਾਂ ਤੋਂ ਪਹਿਲਾਂ ਸਰਹੱਦੀ ਖੇਤਰਾਂ 'ਚ ਕੀਤੇ ਜਾਣਗੇ ਸੁਰੱਖਿਆ ਉਪਾਅ : ਸੰਜੀਵ ਕੌਸ਼ਲ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਕਿਹਾ ਕਿ ਰਾਜਸਥਾਨ ਵਿਚ ਵਿਧਾਨ ਸਭਾ ਦੇ ਆਮ ਚੋਣ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਸਪੰਨ ਕਰਵਾਉਣ ਲਈ ਹਰਿਆਣਾ ਸਰਕਾਰ ਨਾਲ ਲਗਦੇ ਜ਼ਿਲ੍ਹਿਆਂ ਵਿਚ ਸੰਯੁਕਤ ਰੂਪ ਨਾਲ ਨਾਕਾਬੰਦੀ ਕਰਨ , ਅਵੈਧ ਸ਼ਰਾਬ ਦੀ ਤਸਕਰੀ ਰੋਕਨ ਅਤੇ ਕਾਨੂੰਨ ਵਿਵਸਥਾ ਬਣਾਏ ਰੱਖਣ ਵਰਗੇ ਮਹਤੱਵਪੂਰਨ ਕੰਮਾਂ ਵਿਚ ਸਹਿਯੋਗ ਪ੍ਰਦਾਨ ਕਰੇਗੀ। ਮੁੱਖ ਸਕੱਤਰ ਰਾਜਸਤਾਨ ਵਿਚ ਆਮ ਵਿਧਾਨ ਸਭਾ ਚੋਣ 2023 ਨੂੰ ਲੈ ਕੇ ਰਾਜਸਥਾਨ ਦੀ ਮੁੱਖ ਸਕੱਤਰ ਸ੍ਰੀਮਤੀ ਊਸ਼ਾ ਸ਼ਰਮਾ ਅਤੇ ਹੋਰ ਪ੍ਰਸਾਸ਼ਨਿਕ ਅਧਿਕਾਰੀਆਂ ਦੇ ਨਾਲ ਵਰਚੂਅਲ ਮਿਟਿੰਗ ਕੀਤੀ। ਮੁੱਖ ਸਕੱਤਰ ਨੇ ਕਿਹਾ ਕਿ ਚੋਣਾਵੀ ਸਮੇਂ ਦੌਰਾਨ ਦੋਵਾਂ ਸੂਬੇ ਬੋਡਰ ਖੇਤਰਾਂ ਵਿਚ ਸੁਰੱਖਿਆ ਉਪਾਵਾਂ ਦਾ ਮੁਲਾਂਕਨ ਕਰ ਵਧਾਇਆ ਜਾਵੇਗਾ। ਮੁੱਖ ਸਕੱਤਰ ਨੇ ਕਿਹਾ ਕਿ ਹਰਿਆਣਾ ਅਤੇ ਰਾਜਸਥਾਨ ਦੀ ਸੀਮਾ 'ਤੇ ਸੰਯੁਕਤ ਚੈਕਿੰਗ ਸਥਾਪਿਤ ਕਰਨ ਦੇ ਲਈ ਇਕ ਸਹਿਯੋਗਾਤਮਕ ਯਤਨ ਕੀਤੇ ਜਾਣਗੇ। ਉਨ੍ਹਾਂ ਨੇ ਰਾਜਸਥਾਨ ਤੋਂ ਲਗਦੇ ਜ਼ਿਲ੍ਹਿਆਂ ਵਿਚ ਮਜਬੂਤ ਸੁਰੱਖਿਆ ਯਕੀਨੀ ਕਰਨ ਲਈ ਹਰਿਆਣਾ ਪੁਲਸ ਦੇ ਯਤਨਾਂ 'ਤੇ ਚਾਨਣ ਪਾਉਂਦੇ ਹੋਏ ਕਿਹਾ ਕਿ ਸ਼ਰਾਬ ਦੀ ਅਵੈਧ ਤਸਕਰੀ ਨੂੰ ਅਸਫਲ ਕਰਨਾ ਅਤੇ ਚੋਣ ਸਮੇਂ ਦੌਰਾਨ ਅਸਮਾਜਿਕ ਤੱਤਾਂ ਦੀ ਘੁਸਪੈਠ ਨੂੰ ਰੋਕਣਾ ਹੈ। ਕੌਸ਼ਲ ਨੇ ਕਿਹਾ ਕਿ ਸੀਮਾ ਨਾਲ ਲਗਦੇ ਖੇਤਰਾਂ ਵਿਚ ਸੰਭਾਵਿਤ ਅਪਰਾਧੀਆਂ ਦੀ ਆਵਾਜਾਈ ਦੇ ਸਮੇਂ ਵਾਹਨਾਂ ਅਤੇ ਯਾਤਰੀਆਂ ਦੇ ਸਮਾਨ ਜਾਂਚ, ਅਵੈਧ ਸ਼ਰਾਬ ਅਤੇ ਨਗਦੀ 'ਤੇ ਬਾਰੀਕੀ ਨਾਲ ਨਿਗਰਾਨੀ ਦੇ ਲਈ ਸੱਤ ਜ਼ਿਲ੍ਹਿਆਂ ਵਿਚ ਵੱਖ-ਵੱਖ ਸਥਾਨਾਂ 'ਤੇ ਸੰਯੁਕਤ ਨਾਕੇ ਲਗਾਏ ਜਾਣਗੇ। ਐਕਸਾਇਜ ਨਾਲ ਸਬੰਧਿਤ ਮਾਮਲਿਆਂ ਦੇ ਲਈ ਉੱਪ ਆਬਕਾਰੀ ਅਤੇ ਕਰਾਧਾਨ ਕਮਿਸ਼ਨਰ ਨਾਰਨੌਲ ਨੂੰ ਨੋਡਲ ਅਧਿਕਾਰੀ ਲਗਾਇਆ ਗਿਆ ਹੈ। ਮੀਟਿੰਗ ਵਿਚ ਪੁਲਸ ਮਹਾਨਿਦੇਸ਼ਕ ਸ਼ਤਰੂਜੀਤ ਕਪੂਰ, ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ, ਪ੍ਰਧਾਨ ਸਕੱਤਰ ਆਬਾਕਾਰੀ ਅਤੇ ਕਰਾਧਾਨ ਦੇਵੇਂਦਰ ਸਿੰਘ ਕਲਿਆਣ, ਆਬਕਾਰੀ ਅਤੇ ਕਰਾਧਾਨ ਕਮਿਸ਼ਨਰ ਅਸ਼ੋਕ ਕੁਮਾਰ ਮੀਣਾ ਅਤੇ ਵਿਸ਼ੇਸ਼ ਗ੍ਰਹਿ ਸਕੱਤਰ ਮਹਾਵੀਰ ਕੌਸ਼ਿਕ ਮੌਜੂਦ ਸਨ।

ਆਈ ਕੇ ਜੀ ਪੀ ਟੀ ਯੂ ਦੇ ਪੱਤਰਕਾਰਿਤਾ ਤੇ ਜਨਸੰਚਾਰ ਵਿਭਾਗ ਵੱਲੋਂ ਕੁਇਜ਼ ਪ੍ਰਤੀਯੋਗਤਾ

ਜਲੰਧਰ :(ਸ਼ੈਲੀ ਐਲਬਰਟ)

ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਵੱਲੋਂ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਇੱਕ ਕੁਇਜ਼ ਮੁਕਾਬਲਾ ਕਰਵਾਇਆ ਗਿਆ । ਕਵਿਜ਼ ਵਿੱਚ ਕਈ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਸ ਵਿੱਚ ਮੌਜੂਦਾ ਘਟਨਾਵਾਂ, ਵਿਸ਼ੇ-ਵਿਸ਼ੇਸ਼ ਜਾਣਕਾਰੀ, ਫਿਲਮਾਂ ਅਤੇ ਪ੍ਰਸਿੱਧ ਵਿਅਕਤੀਆਂ ਅਤੇ ਮੀਡੀਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਪ੍ਰਾਪਤੀਆਂ ਸ਼ਾਮਲ ਹਨ । ਪ੍ਰਤਿਯੋਗਤਾ ਵਿੱਚ ਲਗਭੱਗ 50 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਮੁਕਾਬਲੇ ਵਿੱਚ ਸਰਗਰਮੀ ਨਾਲ ਹਿੱਸਾ ਲਿਆ । ਸ਼ੁਰੂ ਵਿੱਚ ਇੱਕ ਲਿਖਤੀ ਮੁਲਾਂਕਣ ਦਾ ਸੰਚਾਲਨ ਕੀਤਾ ਗਿਆ ਸੀ, ਨਤੀਜੇ ਵਜੋਂ ਨੌ ਵਿਦਿਆਰਥੀਆਂ ਦੀ ਪਛਾਣ ਕੀਤੀ ਗਈ ਸੀ ਜੋ ਅੱਗੇ ਵਿਚਾਰਨ ਲਈ ਮਾਪਦੰਡਾਂ ਨੂੰ ਪੂਰਾ ਕਰਦੇ ਸਨ। ਇਸ ਤੋਂ ਬਾਅਦ ਇਨ੍ਹਾਂ ਵਿਦਿਆਰਥੀਆਂ ਨੂੰ ਤਿੰਨ ਵੱਖ-ਵੱਖ ਟੀਮਾਂ ਵਿੱਚ ਵੰਡਿਆ ਗਿਆ। ।ਟੀਮ ਵਟਸਐਪ (ਸੀ) ਬੀ.ਜੇ.ਐਮ.ਸੀ. ਤੀਜੇ ਸਮੈਸਟਰ ਦੀ ਅਵਸਥੀ, ਬੀ.ਜੇ.ਐਮ.ਸੀ. ਪਹਿਲੇ ਸਮੈਸਟਰ ਤੋਂ ਕ੍ਰਮਵਾਰ ਬਬਨਪ੍ਰੀਤ ਕੌਰ ਅਤੇ ਪ੍ਰਭਦੀਪ ਕੌਰ ਮੁਕਾਬਲੇ ਵਿੱਚ ਜੇਤੂ ਬਣ ਕੇ ਉੱਭਰੇ ਅਤੇ ਇਨਾਮ ਜਿੱਤੇ, ਜਦਕਿ ਟੀਮ ਇੰਸਟਾਗ੍ਰਾਮ (ਬੀ), ਬੀ.ਜੇ.ਐਮ.ਸੀ. ਪੰਜਵੇਂ ਸਮੈਸਟਰ ਦੀ ਅਕਾਸ਼ਦੀਪ ਕੌਰ, ਬੀ.ਜੇ.ਐਮ.ਸੀ. ਤੀਜੇ ਸਮੈਸਟਰ ਵਿੱਚੋਂ ਡਿੰਪਲ ਅਤੇ ਬੀ.ਜੇ.ਐਮ.ਸੀ. ਪਹਿਲੇ ਸਮੈਸਟਰ ਵਿੱਚੋਂ ਦੀਪਕ ਦੂਜੇ ਸਥਾਨ 'ਤੇ ਰਿਹਾ । ਮੁਕਾਬਲੇ ਦੌਰਾਨ ਭਾਗੀਦਾਰਾ ਵੱਲੋਂ ਦਰਸ਼ਕਾਂ ਤੋਂ ਕਾਫੀ ਸਾਰੇ ਪ੍ਰਸ਼ਨ ਪੁੱਛੇ ਗਏ, ਜਿਸ ਨਾਲ ਸਮਾਗਮ ਬਹੁਤ ਹੀ ਆਨੰਦਮਈ ਰਿਹਾ। ਕੁਇਜ਼ ਦਾ ਸੰਚਾਲਨ ਸਹਾਇਕ ਪ੍ਰੋਫੈਸਰ ਰਾਜਵਿੰਦਰ ਕੌਰ ਨੇ ਕੀਤਾ । ਵਿਭਾਗ ਦੇ ਮੁਖੀ ਪ੍ਰੋ. (ਡਾ.) ਰਣਬੀਰ ਸਿੰਘ ਅਨੁਸਾਰ ਇਸ ਮੁਕਾਬਲੇ ਦਾ ਮੁੱਖ ਉਦੇਸ਼ ਆਮ ਜਾਣਕਾਰੀ, ਵਰਤਮਾਨ ਮਾਮਲਿਆਂ ਅਤੇ ਵਿਸ਼ੇ-ਵਿਸ਼ੇਸ਼ ਗਿਆਨ ਦੇ ਖੇਤਰਾਂ ਵਿੱਚ ਜਾਣਕਾਰੀ ਪ੍ਰਾਪਤੀ ਨੂੰ ਵਧਾਉਣਾ ਸੀ। ਡਾ. ਏਕਤਾ ਮਹਾਜਨ, ਸਹਾਇਕ ਪ੍ਰੋਫੈਸਰ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਪੱਤਰਕਾਰਾਂ ਵਜੋਂ ਆਪਣੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ । ਇਸ ਵਿਸ਼ੇਸ਼ ਸਮਾਗਮ ਦੌਰਾਨ ਫੈਕਲਟੀ ਮੈਂਬਰ ਮੰਗਲਾ ਸਾਹਨੀ, ਐਚ.ਕੇ ਸਿੰਘ ਅਤੇ ਗਰਿਮਾ ਸਮੇਤ ਵਿਦਿਆਰਥੀ ਵੀ ਹਾਜ਼ਰ ਸਨ ।

ਮਾਨ ਨੇ ਜਗਤਪੁਰ ਜੱਟਾਂ 'ਚ ਸ਼ੁਰੂ ਕਰਵਾਈ ਪੱਕੀਆਂ ਗਲੀਆਂ ਦੀ ਉਸਾਰੀ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਨੇੜਲੇ ਪਿੰਡ ਜਗਤਪੁਰ ਜੱਟਾਂ ਵਿਖੇ 14 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕ ਟਾਈਲਾਂ ਦੀਆਂ ਪੱਕੀਆਂ ਗਲੀਆਂ ਦੀ ਉਸਾਰੀ ਦੇ ਕੰਮ ਦਾ ਰਿਬਨ ਕੱਟ ਕੇ ਸ਼ੁੱਭ ਆਰੰਭ ਕਰਵਾਇਆ। ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੀ 'ਆਪ' ਸਰਕਾਰ ਵੱਲੋਂ ਸਾਰੇ ਪਿੰਡਾਂ ਦਾ ਮੁਕੰਮਲ ਵਿਕਾਸ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਉਦੇਸ਼ ਸੂਬੇ ਨੂੰ ਵਿਕਾਸ ਦੀ ਲੀਹ 'ਤੇ ਲੈ ਕੇ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਹੈ। ਸੂਬਾ ਸਰਕਾਰ ਵੱਲੋਂ ਬਿਨਾਂ ਕਿਸੇ ਪੱਖਪਾਤ ਦੇ ਮੈਰਿਟ ਦੇ ਆਧਾਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਸਰਕਾਰ ਦੀ ਕੋਸ਼ਿਸ਼ ਹੈ ਕਿ ਕੋਈ ਵੀ ਪਿੰਡ ਵਿਕਾਸ ਤੋਂ ਵਾਂਝਾ ਨਾ ਰਹੇ। ਹਰ ਪਿੰਡ, ਕਸਬੇ ਅਤੇ ਸ਼ਹਿਰ ਵਿੱਚ ਵਸਦੇ ਲੋਕਾਂ ਨੂੰ ਮੁੱਢਲੀਆਂ ਲੋੜਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਜਿਸ ਵਿੱਚ ਮੁੱਖ ਤੌਰ 'ਤੇ ਸੜਕਾਂ, ਬਿਜਲੀ, ਪਾਣੀ, ਸੀਵਰੇਜ, ਜਿੰਮ ਅਤੇ ਪਾਰਕ ਸ਼ਾਮਲ ਹਨ। ਇਸ ਤੋਂ ਇਲਾਵਾ ਬਿਹਤਰ ਸਿਹਤ ਸਹੂਲਤਾਂ ਲਈ ਮੁਹੱਲਾ ਕਲੀਨਿਕ, ਸਮਾਰਟ ਸਰਕਾਰੀ ਸਕੂਲ ਅਤੇ ਕਮਿਊਨਿਟੀ ਸੈਂਟਰ ਵੀ ਬਣਾਏ ਜਾ ਰਹੇ ਹਨ। ਉਨ੍ਹਾਂ ਪੂਰੇ ਵਿਸ਼ਵਾਸ਼ ਨਾਲ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੇ 5 ਸਾਲਾਂ ਦੇ ਕਾਰਜਕਾਲ ਦੌਰਾਨ ਜਨਤਾ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਸਫ਼ਲਤਾਪੂਰਵਕ ਪੂਰਾ ਕਰੇਗੀ। ਇਸ ਮੌਕੇ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ, ਹਰਮੇਸ਼ ਪਾਠਕ, ਓਮ ਪ੍ਰਕਾਸ਼ ਸਰਪੰਚ ਵਜੀਦੋਵਾਲ, ਅਵਤਾਰ ਸਿੰਘ ਸਰਪੰਚ ਪੰਡਵਾ, ਰਾਕੇਸ਼ ਕੁਮਾਰ ਕੇਸ਼ੀ, ਰਣਬੀਰ ਸਿੰਘ, ਬਲਜਿੰਦਰ ਸਿੰਘ, ਜੀਵਨ ਕੁਮਾਰੀ, ਜੀਤੀ ਹੀਰ, ਸੁੱਚਾ ਰਾਮ ਪੰਚ, ਸ਼ਿੰਦਰ ਪਾਲ ਪੰਚ, ਮੰਗਲ ਸਿੰਘ, ਗੁਰਮੀਤ ਰਾਮ, ਸੋਢੀ ਰਾਮ, ਸੋਨੂੰ ਹੀਰ, ਮਨਜੀਤ ਕੌਰ ਪੰਚ ਆਦਿ ਹਾਜ਼ਰ ਸਨ।

ਰਿਆਤ ਬਾਹਰਾ ਪੈਰਾ-ਮੈਡੀਕਲ ਸਾਇੰਸਜ਼ ਵੱਲੋਂ ਵਰਲਡ ਮੈਂਟਲ ਹੈਲਥ ਡੇ 'ਤੇ ਸੈਮੀਨਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਰਿਆਤ ਬਾਹਰਾ ਮੈਨਜਮੈਂਟ ਕਾਲਜ ਦੇ ਪੈਰਾਮੈਡੀਕਲ ਸਾਇੰਸਜ਼ ਵਿਭਾਗ ਵਲੋਂ ਵਰਲਡ ਮੈਂਟਲ ਹੈਲਥ ਡੇ ਦੌਰਾਨ ਵਿਦਿਆਰਥੀਆਂ ਲਈ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਹਰਿੰਦਰ ਗਿੱਲ ਦੀ ਅਗਵਾਈ ਵਿਚ ਵਿਭਾਗ ਦੇ ਮੁਖੀ ਡਾ .ਸੁਖਮੀਤ ਬੇਦੀ ਨੇ ਆਏ ਹੋਏ ਮਹਿਮਾਨ ਕਰਿਅਰ ਕੌਂਸਲਰ ਚੰਦਰ ਸ਼ੇਖਰ ,ਸਾਬਕਾ ਜ਼ਿਲ੍ਹਾ ਸਿਖਿਆ ਅਧਿਕਾਰੀ ਦਾ ਸਵਾਗਤ ਕੀਤਾ। ਇਸ ਮੌਕੇ ਚੰਦਰ ਸ਼ੇਖਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਪੈਰਾਮੈਡੀਕਲ ਸਾਇੰਸਜ਼ ਦੇ ਪੇਸੇਵਰਾਂ ਵਿੱਚ ਚੰਗੀ ਮਾਨਸਿਕ ਸਿਹਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਉਹ ਮਰੀਜਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠ ਸਕਣ। ਇਸ ਦੌਰਾਨ ਕੈਰਿਅਰ ਕੌਂਸਲਰ ਚੰਦਰ ਸ਼ੇਖਰ ਨੇ ਕਿਹਾ ਕਿ ਵਿਦਿਆਰਥੀ ਵਰਗ ਨੂੰ ਮਾਨਸਿਕ ਸਿਹਤ ਤੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਸਹੀ ਸਿਖਿਆ ਹਾਸਿਲ ਕਰ ਦੇਸ਼ ਦੀ ਤਰੱਕੀ ਵਿਚ ਯੋਗਦਾਨ ਦੇ ਸਕਣ। ਅੰਤ ਵਿਚ ਵਿਭਾਗ ਦੇ ਮੁਖੀ ਡਾ: ਸੁਖਮੀਤ ਨੇ ਧੰਨਵਾਦ ਕਰਦਿਆਂ ਕਰਿਅਰ ਕੌਂਸਲਰ ਚੰਦਰ ਸ਼ੇਖਰ ਨੂੰ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਤੋਂ ਇਲਾਵਾ ਅਸਿਸਟੈਂਟ ਪ੍ਰੋ: ਸ਼ਰਨਜੀਤ ਕੌਰ, ਅਸਿਸਟੈਂਟ ਪ੍ਰੋ: ਪੂਜਾ ਅਤੇ ਨਵਨੀਤ ਮੌਜੂਦ ਸਨ।

ਹਾਈਵੇ 'ਤੇ ਲੁੱਟਾਂ-ਖੋਹਾਂ ਕਰਨ ਵਾਲੇ ਪੁਲਸ ਵੱਲੋਂ ਕਾਬੂ

ਗੁਰਾਇਆ (ਬਿੰਦਰ ਸੁੰਮਨ)—ਸਥਾਨਕ ਪੁਲਸ ਨੇ ਵੱਲੋਂ ਹਾਈਵੇ ਰੋਡ ਉੱਪਰ ਰਾਤ ਸਮੇਂ ਆਉਣ ਜਾਣ ਵਾਲੇ ਟਰੱਕਾਂ,ਗੱਡੀਆਂ,ਮੋਟਰ ਸਾਈਕਲਾਂ ਵਾਲੇ ਰਾਹਗੀਰਾਂ ਨੂੰ ਘੇਰ ਕੇ ਦਾਤਰ ਦੀ ਨੋਕ ਤੇ ਲੁੱਟਾਂ ਖੋਹਾਂ ਕਰਨ ਵਾਲੇ 2 ਵਿਅਕਤੀਆਂ ਨੂੰ ਕੀਤਾ ਕਾਬੂ ਕਰਕੇ ਉਨ੍ਹਾਂ ਪਾਸੋਂ 950 ਨਸ਼ੀਲੀਆਂ ਗੋਲੀਆ, ਖੋਹੇ ਹੋਏ ਦੋ ਮੋਟਰ ਸਾਈਕਲ ਅਤੇ ਦਾਤਰ ਬਰਾਮਦ ਕੀਤੇ ਹਨ।

ਸਿਮਰਨਜੀਤ ਸਿੰਘ ਡੀ.ਐੱਸ.ਪੀ. ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੁਖਦੇਵ ਸਿੰਘ ਮੁੱਖ ਅਫ਼ਸਰ ਥਾਣਾ ਗੁਰਾਇਆ ਨੇ ਸਮੇਤ ਪੁਲਸ ਪਾਰਟੀ ਦੇ ਹਾਈਵੇ ਉੱਪਰ ਰਾਤ ਸਮੇਂ ਰਾਹਗੀਰਾਂ ਨੂੰ ਘੇਰ ਕੇ ਉਨ੍ਹਾਂ ਪਾਸੋਂ ਦਾਤਰ ਦੀ ਨੋਕ 'ਤੇ ਪੈਸੇ ਅਤੇ ਮੋਬਾਈਲ ਫ਼ੋਨ ਅਤੇ ਹੋਰ ਕੀਮਤੀ ਸਮਾਨ ਲੁੱਟ ਖੋਹ ਕਰਨ ਵਾਲੇ ਜਸਵੰਤ ਸਿੰਘ ਪੁੱਤਰ ਸੁਦਾਗਰ ਸਿੰਘ ਵਾਸੀ ਪਿੰਡ ਚੱਕ ਦੇਸ ਰਾਜ ਅਤੇ ਜਰਨੈਲ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਪਿੰਡ ਨੂਰਪੁਰ ਲੁਬਾਣਾ ਜ਼ਿਲ੍ਹਾ ਕਪੂਰਥਲਾ ਹਾਲ ਵਾਸੀ ਬੜਾ ਪਿੰਡ ਥਾਣਾ ਗੁਰਾਇਆ ਨੂੰ ਕਾਬੂ ਕੀਤਾ ਗਿਆ।

ਉਨ੍ਹਾਂ ਕੋਲੋਂ 950 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਇਹਨਾਂ ਪਾਸੋਂ ਦਾਤਰ ਅਤੇ ਖੋਹ ਕੀਤੇ ਗਏ ਦੋ ਮੋਟਰ ਸਾਈਕਲ ਵੀ ਬਰਾਮਦ ਕੀਤੇ ਗਏ ਜਿਸ 'ਤੇ ਮੁਕੱਦਮਾ ਨੰਬਰ 141 ਅ/ਧ 22(ਬੀ)-61-85 ਐਨ.ਡੀ.ਪੀ.ਐੱਸ ਐਕਟ ਅਤੇ ਮੁਕੱਦਮਾ ਨੰਬਰ 142 ਅ/ਧ 22(ਬੀ)-61-85 ਐਨ.ਡੀ.ਪੀ.ਐੱਸ ਐਕਟ ਦਰਜ ਕਰ ਲਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸੰਬੰਧੀ ਵੋਟਰ ਸੂਚੀਆਂ ਤਿਆਰ ਕਰਨ ਦਾ ਪ੍ਰੋਗਰਾਮ ਜਾਰੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਚੀਫ ਕਮਿਸ਼ਨਰ, ਗੁਰਦੁਆਰਾ ਚੋਣਾਂ, ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਗੁਰਦੁਆਰਾ ਬੋਰਡ ਚੋਣ ਹਲਕਿਆਂ ਵਿਚ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਸ਼ਡਿਊਲ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਕਿਰਿਆ ਤਹਿਤ ਸਭ ਤੋਂ ਪਹਿਲਾਂ 21 ਅਕਤੂਬਰ 2023 ਨੂੰ ਵੋਟਰ ਰਜਿਸਟ੍ਰੇਸ਼ਨ ਸ਼ੁਰੂ ਹੋਵੇਗੀ, ਜੋ ਕਿ 15 ਨਵੰਬਰ 2023 ਤੱਕ ਚੱਲੇਗੀ। ਉਨ੍ਹਾਂ ਦੱਸਿਆ ਕਿ 16 ਨਵੰਬਰ 2023 ਤੋਂ 4 ਦਸੰਬਰ 2023 ਤੱਕ ਵੋਟਰ ਸੂਚੀਆਂ ਦੀ ਤਿਆਰੀ ਅਤੇ ਪ੍ਰਿੰਟਿੰਗ ਹੋਵੇਗੀ। ਇਸ ਤੋਂ ਬਾਅਦ 5 ਦਸੰਬਰ 2023 ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ ਅਤੇ ਇਸੇ ਹੀ ਦਿਨ ਵੋਟਰ ਸੂਚੀਆਂ ਸਬੰਧੀ ਦਾਅਵੇ ਅਤੇ ਇਤਰਾਜ਼ ਲੈਣ ਸਬੰਧੀ ਚੋਣ ਹਲਕੇ ਅਨੁਸਾਰ ਨਿਯੁਕਤ ਅਧਿਕਾਰੀਆਂ ਦੀ ਸੂਚੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਦੀ ਆਖਰੀ ਮਿਤੀ 26 ਦਸੰਬਰ 2023 ਹੋਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 4 ਜਨਵਰੀ 2024 ਤੱਕ ਦਾਅਵਿਆਂ ਅਤੇ ਇਤਰਾਜ਼ਾਂ ਦਾ ਸਿੱਖ ਗੁਰਦੁਆਰਾ ਬੋਰਡ ਚੋਣਾਂ, 1959 ਦੇ ਰੂਲ ਨੰਬਰ 10(3) ਅਨੁਸਾਰ ਨਿਪਟਾਰਾ ਕੀਤਾ ਜਾਵੇਗਾ। ਇਸ ਤੋਂ ਬਾਅਦ 15 ਜਨਵਰੀ 2024 ਨੂੰ ਸਪਲੀਮੈਂਟਰੀ ਸੂਚੀਆਂ ਦੀ ਤਿਆਰੀ ਅਤੇ ਪ੍ਰਿੰਟਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 16 ਜਨਵਰੀ 2024 ਨੂੰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸਿੱਖ ਗੁਰਦੁਆਰਾ ਚੋਣਾਂ ਰੂਲਜ਼ 1959 ਜੋ ਸਮੇਂ-ਸਮੇਂ ਸਿਰ ਸੋਧੇ ਗਏ ਹਨ, ਦੇ ਰੂਲ 7 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਬੋਰਡ ਚੋਣ ਹਲਕੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਚੋਣ ਹਲਕੇ ਵਿਚੋਂ ਬਿਨੈਕਾਰਾਂ ਪਾਸੋਂ ਦਾਅਵੇ/ਇਤਰਾਜ਼ ਪ੍ਰਾਪਤ ਕਰਨ, ਫੈਸਲੇ ਕਰਨ, ਵੋਟਰ ਸੂਚੀ ਤਿਆਰ ਕਰਨ ਅਤੇ ਚੋਣਾਂ ਲਈ ਬਤੌਰ ਰਿਵਾਈਜ਼ਿੰਗ ਅਥਾਰਟੀਜ਼ ਅਤੇ ਇਨ੍ਹਾਂ ਨਾਲ ਬੋਰਡ ਚੋਣ ਹਲਕੇਵਾਰ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣ ਹਲਕੇ 111-ਮੁਕੇਰੀਆਂ ਲਈ ਉੱਪ ਮੰਡਲ ਮੈਜਿਸਟ੍ਰੇਟ ਮੁਕੇਰੀਆਂ ਨੂੰ ਰਿਵਾਈਜ਼ਿੰਗ ਅਥਾਰਟੀ ਅਫ਼ਸਰ ਨਿਯੁਕਤ ਕੀਤਾ ਹੈ ਅਤੇ ਉਨ੍ਹਾਂ ਨਾਲ ਤਹਿਸੀਲਦਾਰ ਮੁਕਾਰੀਆਂ ਅਤੇ ਨਾਇਬ ਤਹਿਸੀਲਦਾਰ ਹਾਜੀਪੁਰ ਨੂੰ ਲਗਾਇਆ ਗਿਆ ਹੈ। ਇਸੇ ਤਰ੍ਹਾਂ 112-ਦਸੂਹਾ ਹਲਕੇ ਲਈ ਉੱਪ ਮੰਡਲ ਮੈਜਿਸਟ੍ਰੇਟ ਦਸੂਹਾ ਨੂੰ ਰਿਵਾਈਜ਼ਿੰਗ ਅਥਾਰਟੀ ਅਫ਼ਸਰ ਨਿਯੁਕਤ ਕੀਤਾ ਹੈ ਅਤੇ ਉਨ੍ਹਾਂ ਨਾਲ ਤਹਿਸੀਲਦਾਰ ਦਸੂਹਾ ਅਤੇ ਨਾਇਬ ਤਹਿਸੀਲਦਾਰ ਟਾਂਡਾ ਨੂੰ ਲਗਾਇਆ ਗਿਆ ਹੈ। ਇਸ ਤੋਂ ਇਲਾਵਾ 113-ਸ਼ਾਮਚੁਰਾਸੀ ਹਲਕੇ ਲਈ ਸਹਾਇਕ ਕਮਿਸ਼ਨਰ (ਜਨਰਲ) ਹੁਸ਼ਿਆਰਪੁਰ ਨੂੰ ਰਿਵਾਈਜ਼ਿੰਗ ਅਥਾਰਟੀ ਅਫ਼ਸਰ ਨਿਯੁਕਤ ਕੀਤਾ ਹੈ ਅਤੇ ਉਨ੍ਹਾਂ ਨਾਲ ਨਾਇਬ ਤਹਿਸੀਲਦਾਰ ਭੂੰਗਾ ਅਤੇ ਨਾਇਬ ਤਹਿਸੀਲਦਾਰ ਸ਼ਾਮਚੁਰਾਸੀ ਨੂੰ ਲਗਾਇਆ ਗਿਆ ਹੈ। ਇਸੇ ਤਰ੍ਹਾਂ 114-ਹੁਸ਼ਿਆਰਪੁਰ ਹਲਕੇ ਲਈ ਉੱਪ ਮੰਡਲ ਮੈਜਿਸਟ੍ਰੇਟ ਹੁਸ਼ਿਆਰਪੁਰ ਨੂੰ ਰਿਵਾਈਜ਼ਿੰਗ ਅਥਾਰਟੀ ਅਫ਼ਸਰ ਨਿਯੁਕਤ ਕੀਤਾ ਹੈ ਅਤੇ ਉਨ੍ਹਾਂ ਨਾਲ ਤਹਿਸੀਲਦਾਰ ਹੁਸ਼ਿਆਰਪੁਰ ਅਤੇ ਨਾਇਬ ਤਹਿਸੀਲਦਾਰ ਮਾਹਿਲਪੁਰ ਨੂੰ ਲਗਾਇਆ ਗਿਆ ਹੈ ਅਤੇ ਉਨ੍ਹਾਂ ਨਾਲ ਤਹਿਸੀਲਦਾਰ ਗੜ੍ਹਸ਼ੰਕਰ ਅਤੇ ਨਾਇਬ ਤਹਿਸੀਲਦਾਰ ਗੜ੍ਹਸ਼ੰਕਰ ਨੂੰ ਲਗਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਸਮੂਹ ਰਿਵਾਈਜ਼ਿੰਗ ਅਥਾਰਟੀਜ਼ ਨੂੰ ਹਦਾਇਤ ਕੀਤੀ ਹੈ ਕਿ ਵੋਟਰ ਸੂਚੀ ਤਿਆਰ ਕਰਦੇ ਸਮੇਂ ਪ੍ਰਾਪਤ ਹੋਏ ਸ਼ਡਿਊਲ ਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਫਾਰਮ ਨੰ: 1 ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਸਿੱਧੂ ਜੋੜੇ ਵੱਲੋਂ 28ਵੀਂ ਵਾਰ ਇਕੱਠਿਆਂ ਖੂਨਦਾਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਆਪਣੀ ਵੱਖਰੀ ਪਹਿਚਾਣ ਬਣਾ ਚੁੱਕੇ ਪਿੰਡ ਬੁੱਲੋਵਾਲ ਨਿਵਾਸੀ ਸਟਾਰ ਕਪਲ ਬਲੱਡ ਡੋਨਰ ਬਹਾਦਰ ਸਿੰਘ ਸਿੱਧੂ ਅਤੇ ਜਤਿੰਦਰ ਕੌਰ ਸਿੱਧੂ ਨੇ ਭਾਈ ਘਨਈਆ ਜੀ ਬਲੱਡ ਬੈਂਕ ਹੁਸ਼ਿਆਰਪੁਰ ਵਿਖੇ ਪਹੁੰਚ ਕੇ 28ਵੀਂ ਵਾਰ ਇਕੱਠਿਆਂ ਖੂਨਦਾਨ ਕਰਕੇ ਇਕ ਮਿਸਾਲ ਪੇਸ਼ ਕੀਤੀ। ਇਹ ਜੋੜਾ ਹਰ ਚਾਰ ਮਹੀਨੇ ਬਾਅਦ ਲਗਾਤਾਰ ਖੂਨ ਦਾਨ ਕਰਦਾ ਹੈ। ਨਿੱਜੀ ਤੌਰ 'ਤੇ ਬਹਾਦਰ ਸਿੰਘ ਸਿੱਧੂ ਨੇ 63ਵੀਂ ਵਾਰ ਅਤੇ ਜਤਿੰਦਰ ਕੌਰ ਸਿੱਧੂ ਨੇ 28ਵੀਂ ਵਾਰ ਖੂਨਦਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਸਿੱਧੂ ਜੋੜੇ ਦੇ ਖੂਨਦਾਨ ਵਿੱਚ ਅਹਿਮ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਪਿਛਲੇ ਦਿਨੀ ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਵੱਲੋਂ ਉਨ੍ਹਾਂ ਨੂੰ ਰਾਜ ਪੱਧਰੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ।

ਰੁਜ਼ਗਾਰ ਪ੍ਰਾਪਤੀ, ਨਸ਼ਿਆ ਤੇ ਫਿਰਕਾਪ੍ਰਸਤੀ ਵਿਰੁੱਧ ਨੌਜਵਾਨ ਚੇਤਨਾ ਕਨਵੈਨਸ਼ਨਾਂ ਦਾ ਐਲਾਨ

ਜਲੰਧਰ (ਨ ਜ਼ ਸ)- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਪ੍ਰਧਾਨ ਮਨਜਿੰਦਰ ਢੇਸੀ ਦੀ ਪ੍ਰਧਾਨਗੀ ਹੇਠ ਸੂਬਾ ਦਫਤਰ ਜਲੰਧਰ ਵਿਖੇ ਹੋਈ। ਮੀਟਿੰਗ ਉਪਰੰਤ ਹੋਏ ਫੈਸਲਿਆਂ ਨੂੰ ਜਾਰੀ ਕਰਦਿਆ ਸਭਾ ਦੇ ਜਨਰਲ ਸਕੱਤਰ ਧਰਮਿੰਦਰ ਮੁਕੇਰੀਆਂ,ਸੂਬਾ ਜਾਇੰਟ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ ਅਤੇ ਪ੍ਰੈਸ ਸਕੱਤਰ ਅਜੈ ਫਿਲੌਰ ਨੇ ਕਿਹਾ ਕਿ ਸਭਾ ਵੱਲੋਂ ਨੌਜਵਾਨਾਂ ਲਈ ਪੱਕੇ ਰੁਜ਼ਗਾਰ ਦੀ ਪ੍ਰਾਪਤੀ ਲਈ ,ਨਸ਼ਿਆਂ ਤੇ ਫਿਰਕਾਪ੍ਰਸਤੀ ਖਿਲਾਫ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਪੂਰਾ ਮਹੀਨਾ 30 ਤੋਂ ਵੱਧ " ਨੌਜਵਾਨ ਚੇਤਨਾ ਕਨਵੈਨਸ਼ਨਾਂ" ਕੀਤੀਆਂ ਜਾਣਗੀਆਂ ਅਤੇ 16 ਨਵੰਬਰ ਨੂੰ ਆਖੀਰਲੀ ਅਤੇ ਵਿਸ਼ਾਲ ਕਨਵੈਨਸ਼ਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਵਾਲੇ ਦਿਨ ਪਿੰਡ ਸਰਾਭਾ ਵਿਖੇ ਕਰਕੇ ਅਗਲੇ ਸੰਘਰਸ਼ ਦਾ ਐਲਾਨ ਵੀ ਕੀਤਾ ਜਾਵੇਗਾ। 30-31 ਅਕਤੂਬਰ ਅਤੇ 1 ਨਵੰਬਰ ਨੂੰ ਮੇਲਾ ਗਦਰੀ ਬਾਬਿਆਂ ਤੇ ਸੂਬੇ ਭਰ 'ਚੋਂ ਵੱਡੀ ਗਿਣਤੀ ਵਿੱਚ ਵਲੰਟੀਅਰ ਸਾਥੀ ਸ਼ਾਮਲ ਹੋਣਗੇ। ਆਗੂਆਂ ਨੇ ਕਿਹਾ ਕਿ ਦੇਸ਼ ਦੇ ਹੁਕਮਰਾਨਾ ਫਿਰਕਾਪ੍ਰਸਤ ਤਾਕਤਾਂ ਨੂੰ ਪੂਰੀ ਤਰ੍ਹਾਂ ਸ਼ਹਿ ਦੇ ਰਹੀਆਂ ਹਨ ਅਤੇ ਦੇਸ਼ ਅੰਦਰ ਘੱਟ ਗਿਣਤੀਆਂ, ਦਲਿਤਾਂ , ਔਰਤਾਂ ਉਪਰ ਫਿਰਕੂ ਹਮਲੇ ਲਗਾਤਾਰ ਵੱਧ ਰਹੇ ਹਨ। ਉਥੇ ਦੂਜੇ ਪਾਸੇ ਸੂਬੇ ਅੰਦਰ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਨਸ਼ੇ ਬੰਦ ਕਰਨ ਦਾ ਲਾਰਾ ਲਾ ਕੇ ਸੱਤਾਂ ਵਿੱਚ ਆਈ ਆਪ ਸਰਕਾਰ ਵੀ ਆਪਣੇ ਵਾਅਦਿਆ ਤੋਂ ਮੁਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ " ਨਵੀਂ ਸਿੱਖਿਆ ਨੀਤੀ" ਜੋ ਲਾਗੂ ਕੀਤੀ ਜਾ ਰਹੀ ਹੈ ਉਹ ਪੂਰੀ ਤਰ੍ਹਾਂ ਵਿਦਿਆਰਥੀ ਵਿਰੋਧੀ ਹੈ, ਜਿਸ ਨਾਲ ਦੇਸ਼ ਦਾ ਸਿੱਖਿਆ ਢਾਚਾਂ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ। ਇੱਕ ਵੱਖਰੇ ਮਤੇ ਰਾਹੀ ਨਿਊਜ਼ਕਲਿੱਕ ਦੇ ਦਫ਼ਤਰਾਂ, ਪੱਤਰਕਾਰਾਂ ਅਤੇ ਅਦਾਰੇ ਨਾਲ ਜੁੜੇ ਨਾਮਵਰ ਬੁੱਧੀਜੀਵੀਆਂ ਦੇ ਘਰਾਂ ਅੰਦਰ ਮੋਦੀ ਸਰਕਾਰ ਦੇ ਹੁਕਮਾਂ ਤਹਿਤ ਦਿੱਲੀ ਪੁਲਸ ਵੱਲੋਂ ਮਾਰੇ ਗਏ ਗੈਰ ਕਾਨੂੰਨੀ ਛਾਪਿਆਂ, ਚੁਨਿੰਦਾ ਸ਼ਖ਼ਸੀਅਤਾਂ ਖਿਲਾਫ਼ ਯੂਏਪੀਏ ਤਹਿਤ ਮੁਕੱਦਮਾ ਦਰਜ ਕਰਨ ਅਤੇ ਮਜ਼ਦੂਰ ਦੀ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਇਸ ਮੌਕੇ ਮੀਤ ਪ੍ਰਧਾਨ ਸੁਲਖਣ ਤੁੜ, ਮੱਖਣ ਸੰਗਰਾਮੀ, ਗੁਰਦੀਪ ਗੋਗੀ, ਲਾਜਰ ਲਾਖਣਾ, ਬਿਕਰਮ ਮੰਡਿਆਲਾ, ਅਜੈਪਾਲ ਬੋਬੀ ਗੋਇੰਦਵਾਲ ਸਾਹਿਬ, ਰਵਿੰਦਰ ਲੋਹਗੜ੍ਹ , ਗਗਨ ਸਰਦੂਲਗੜ੍ਹ,ਜਤਿੰਦਰ ਫਰੀਦਕੋਟ ਆਦਿ ਆਗੂ ਹਾਜ਼ਰ ਸਨ।

ਉਰਦੂ ਆਮੋਜ਼ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-ਭਾਸ਼ਾ ਵਿਭਾਗ ਪੰਜਾਬ ਵਲੋਂ ਜੂਨ 2023 ਵਿਚ ਲਈ ਗਈ ਉਰਦੂ ਆਮੋਜ਼ ਦੀ ਪ੍ਰੀਖਿਆ ਵਿਚ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ ਹੈ। ਇਸ ਪ੍ਰੀਖਿਆ ਵਿਚ 9 ਵਿਦਿਆਰਥੀ ਬੈਠੇ ਸਨ ਅਤੇ ਸਾਰਿਆਂ ਨੇ ਹੀ ਇਹ ਪ੍ਰੀਖਿਆ ਪਾਸ ਕਰ ਲਈ ਹੈ। ਵਿਦਿਆਰਥੀਆਂ ਵਿਚ ਉਰਦੂ ਭਾਸ਼ਾ ਪ੍ਰਤੀ ਲਗਾਵ ਦਾ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਭਾਸ਼ਾ ਵਿਭਾਗ ਦੀ ਪ੍ਰੀਖਿਆ ਤੋਂ ਬਾਅਦ ਇਨ੍ਹਾਂ ਵਿਚੋਂ ਪੰਜ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਦਸਵੀਂ ਪੱਧਰ ਦਾ ਉਰਦੂ ਦਾ ਇਮਤਿਹਾਨ ਵੀ ਪਾਸ ਕਰ ਲਿਆ ਹੈ। ਅੱਜ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਪਾਸੋਂ ਪ੍ਰਾਪਤ ਸਰਟੀਫਿਕੇਟ ਇਨ੍ਹਾਂ ਵਿਦਿਆਰਥੀਆਂ ਨੂੰ ਸੌਂਪਣ ਪਹੁੰਚੇ ਸਹਾਇਕ ਕਮਿਸ਼ਨਰ (ਜ) ਵਿਓਮ ਭਾਰਦਵਾਜ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਿਸੇ ਵੀ ਨਵੀਂ ਜ਼ੁਬਾਨ ਨੂੰ ਸਿਖਦੇ ਰਹਿਣਾ ਸਾਡੇ ਮਾਨਸਿਕ ਵਿਕਾਸ ਲਈ ਸ਼ੁਭ ਸ਼ਗਨ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਇਸ ਵਿਕਾਸ ਨੂੰ ਆਪਣੇ ਅਗਲੇਰੇ ਭਵਿੱਖ ਵਿਚ ਵੀ ਜਾਰੀ ਰੱਖਣ। ਉਨ੍ਹਾਂ ਕਿਹਾ ਕਿ ਉਰਦੂ ਬੜੀ ਮਿੱਠੀ ਜ਼ੁਬਾਨ ਹੈ ਅਤੇ ਇਸ ਭਾਸ਼ਾ ਨਾਲ ਰਿਸ਼ਤਾ ਗੰਢਣ ਲਈ ਉਹ ਮੁਬਾਰਕਬਾਦ ਦੇ ਹੱਕਦਾਰ ਹਨ। ਇਸ ਮੌਕੇ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਸਹਾਇਕ ਕਮਿਸ਼ਨਰ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਭਾਸ਼ਾ ਵਿਭਾਗ ਦਫ਼ਤਰ ਹੁਸ਼ਿਆਰਪੁਰ ਵਲੋਂ ਸਾਲ ਵਿਚ ਦੋ ਵਾਰ ਜਨਵਰੀ ਅਤੇ ਜੁਲਾਈ ਵਿਚ ਉਰਦੂ ਆਮੋਜ਼ ਦੇ ਬੈਚ ਸ਼ੁਰੂ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਭਾਸ਼ਾ ਵਿਭਾਗ ਕੋਲ ਉਰਦੂ ਦੀ ਕਲਾਸ ਵਾਸਤੇ ਬਹੁਤ ਹੀ ਕਾਬਲ ਅਧਿਆਪਕ ਡਾ. ਬ੍ਰਿਜ ਭੂਸ਼ਨ ਹਨ, ਜਿਨ੍ਹਾਂ ਦੇ ਉਰਦੂ ਪੜ੍ਹਾਏ ਵਿਦਿਆਰਥੀ ਯੂਨੀਵਰਸਿਟੀ ਪੱਧਰ ਤੱਕ ਦੇ ਅਧਿਆਪਕ ਬਣੇ ਹਨ। ਇਸ ਕਰਕੇ ਹੁਸ਼ਿਆਰਪੁਰ ਵਾਸੀਆਂ ਨੂੰ ਉਰਦੂ ਆਮੋਜ਼ ਕੋਰਸ ਦਾ ਵੱਧ ਤੋਂ ਵੱਧ ਫਾਇਦਾ ਲੈਣਾ ਚਾਹੀਦਾ ਹੈ। ਇਸ ਸਮੇਂ ਜੁਗਲ ਕਿਸ਼ੋਰ, ਹਰਦਿਆਲ ਹੁਸ਼ਿਆਰਪੁਰੀ, ਕੁਲਦੀਪ ਸਿੰਘ ਕਾਲੀਆ, ਸਤਨਾਮ ਸਿੰਘ, ਸੇਵਾ ਸਿੰਘ, ਸੰਤੋਖ ਰਾਜ, ਨਿੰਦਰ ਸਿੰਘ, ਕੁਲਵਿੰਦਰ ਕੌਰ, ਸੰਤੋਸ਼ ਕੁਮਾਰੀ,ਲਲਿਤ ਕਲਸੀ ਵਿਦਿਆਰਥੀ ਅਤੇ ਸਟਾਫ ਹਾਜ਼ਰ ਸਨ।

ਬੈਂਸ ਵੱਲੋਂ ਅਨਾਜ ਮੰਡੀਆਂ 'ਚ ਝੋਨੇ ਦੇ ਖਰੀਦ ਪ੍ਰਬੰਧ ਸੁਚਾਰੂ ਰੱਖਣ ਦੀ ਹਦਾਇਤ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫਸਲ ਦਾ ਦਾਣਾ ਦਾਣਾ ਖਰੀਦਣ ਅਤੇ ਅਨਾਜ ਮੰਡੀਆਂ ਵਿਚ ਢੁੱਕਵੇਂ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀਆਂ ਸਾਰੀਆਂ 12 ਅਨਾਜ ਮੰਡੀਆਂ ਵਿੱਚ ਝੋਨੇ ਦੀ ਫਸਲ ਦੀ ਆਮਦ, ਖਰੀਦ, ਲਿਫਟਿੰਗ, ਅਦਾਇਗੀ ਅਤੇ ਕਿਸਾਨਾਂ ਦੀ ਸਹੂਲਤ ਲਈ ਮਾਰਕੀਟ ਕਮੇਟੀ ਵੱਲੋਂ ਕੀਤੇ ਪ੍ਰਬੰਧਾਂ ਨੂੰ ਸੁਚਾਰੂ ਰੱਖਣ ਦੀ ਹਦਾਇਤ ਕੀਤੀ ਗਈ ਹੈ। ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਰੂਪਨਗਰ ਖੁੱਦ ਅਨਾਜ ਮੰਡੀਆਂ ਦਾ ਦੌਰਾ ਕਰਕੇ ਸਮੁੱਚੇ ਪ੍ਰਬੰਧਾਂ ਦਾ ਜਾਇਜਾ ਲੈ ਰਹੇ ਹਨ ਅਤੇ ਅਧਿਕਾਰੀਆਂ ਨੂੰ ਜਰੂਰੀ ਨਿਰਦੇਸ਼ ਦੇ ਰਹੇ ਹਨ।

ਸ੍ਰੀ ਅਨੰਦਪੁਰ ਸਾਹਿਬ ਅਧੀਨ ਅਗੰਮਪੁਰ ਅਨਾਜ ਮੰਡੀ ਵਿੱਚ ਕੱਲ ਸ਼ਾਮ ਤੱਕ 3927 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 3907 ਮੀਟ੍ਰਿਕ ਟਨ ਝੋਨਾ ਵੱਖ-ਵੱਖ

ਖਰੀਦ ਏਜੰਸੀਆਂ ਵੱਲੋਂ ਖਰੀਦਿਆ ਜਾ ਚੁੱਕਾ ਹੈ ਅਤੇ 508 ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ। ਇਹ ਜਾਣਕਾਰੀ ਸਕੱਤਰ ਮਾਰਕੀਟ ਕਮੇਟੀ ਸੁਰਿੰਦਰਪਾਲ ਨੇ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਕਿਸਾਨ ਮੰਡੀਆਂ ਵਿੱਚ ਕੀਤੇ ਖਰੀਦ ਪ੍ਰਬੰਧਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀ ਵਿਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾ ਰਹੀ। ਉਨ੍ਹਾਂ ਕਿਸਾਨਾਂ ਨੂੰ ਹੋਰ ਅਗਾਂਹਵਧੂ ਕਿਸਾਨਾਂ ਤੋਂ ਸੇਧ ਲੈ ਕੇ ਫ਼ਸਲਾਂ ਦੀ ਰਹਿੰਦ-ਖੂਹਿੰਦ ਨੂੰ ਅੱਗ ਨਾ ਲਗਾ ਕੇ ਪਰਾਲੀ ਦੇ ਨਿਪਟਾਰੇ ਲਈ ਯੋਗ ਪ੍ਰਬੰਧ ਕਰਨ ਦੀ ਅਪੀਲ ਵੀ ਕੀਤੀ ਤਾਂ ਕਿ ਵਾਤਾਵਰਣ ਦੀ ਸ਼ੁੱਧਤਾ ਕਾਇਮ ਰਹੇ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਬਣੀ ਰਹੇ।

ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਲਈ ਕੁੱਲ 12 ਖਰੀਦ ਕੇਂਦਰਾਂ ਵਿੱਚ ਪੀਣ ਵਾਲੇ ਪਾਣੀ, ਛਾਂ, ਰੌਸ਼ਨੀ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ 'ਚ ਸੁੱਕੀ ਫਸਲ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਮੰਡੀ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ ਤੇ ਮੰਡੀਆਂ ਵਿੱਚ ਭੀੜ ਦੀ ਸਮੱਸਿਆ ਨਾ ਬਣੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ 'ਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਵੇਗੀ ਅਤੇ ਕਿਸਾਨਾਂ ਵੱਲੋਂ ਲਿਆਂਦੀ ਗਈ ਫ਼ਸਲ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ।

ਮਨਰੇਗਾ ਵਰਕਰਾਂ, ਖੇਤ ਮਜ਼ਦੂਰਾਂ ਤੇ ਦਿਹਾੜੀਦਾਰਾਂ ਸੰਬੰਧੀ ਬੀ ਡੀ ਪੀ ਓ-2 ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਇੱਥੇ ਸ਼ਹੀਦ ਧੰਨਾ ਸਿੰਘ ਪਾਰਕ ਵਿੱਚ ਮਨਰੇਗਾ ਵਰਕਰਾਂ, ਖੇਤ ਮਜ਼ਦੂਰਾਂ ਅਤੇ ਹੋਰ ਦਿਹਾੜੀਦਾਰਾਂ ਦਾ ਇਕੱਠ ਕੀਤਾ ਗਿਆ। ਇਸ ਇਕੱਠ ਵਿੱਚ ਔਰਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਗੁਰਮੇਸ਼ ਸਿੰਘ ਨੇ ਬੀ.ਡੀ.ਪੀ.ਓ. ਬਲਾਕ-2, ਹੁਸ਼ਿਆਰਪੁਰ ਰਾਹੀਂ ਗਵਰਨਰ ਪੰਜਾਬ ਦੇ ਨਾਂਅ 'ਤੇ ਦਿੱਤੇ ਜਾਣ ਵਾਲੇ ਮੰਗ ਪੱਤਰ ਦੀ ਵਿਆਖਿਆ ਕੀਤੀ। ਉਨਾਂ ਨੇ ਬੋਲਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਇਸ ਕਨੂੰਨ ਨੂੰ ਖਤਮ ਕਰਨ ਵੱਲ ਤੁਰੀ ਹੋਈ ਹੈ। ਪਹਿਲਾ ਹਮਲਾ ਮਨਰੇਗਾ ਬਜਟ ਵਿੱਚ 33ਫੀ ਸਦੀ ਕਟੌਤੀ ਕਰਕੇ ਕੀਤਾ ਗਿਆ ਹੈ ਅਤੇ ਇਸ ਤੋਂ ਬਾਅਦ ਐਪ ਰਾਹੀਂ ਹਾਜ਼ਰੀ ਲਗਾਉਣ ਦੀ ਵਿਵਸਥਾ ਕਰਕੇ ਮਜ਼ਦੂਰਾਂ ਨੂੰ ਕੀਤੇ ਹੋਏ ਕੰਮ ਦੀ ਦਿਹਾੜੀ ਤੋਂ ਵਾਂਝਾ ਕੀਤਾ ਗਿਆ ਹੈ ਕਿਉਂਕਿ ਬਹੁਤੀਆਂ ਥਾਵਾਂ ਤੇ ਇੰਟਰਨੈਟ ਦੇ ਨਾ ਹੋਣ ਕਰਕੇ ਐਪ ਚੱਲਦੀ ਨਹੀ ਹੈ ਜਿਸ ਕਾਰਨ ਉਨਾਂ ਦੀ ਹਾਜ਼ਰੀ ਰਜਿਸਟਰ ਨਹੀਂ ਹੁੰਦੀ। ਹੁਣ ਸਰਕਾਰ ਨੇ ਬਿਨਾਂ ਕਿਸੇ ਕਾਰਨ 5 ਕਰੋੜ ਜਾੱਬ ਕਾਰਡ ਧਾਰਕਾਂ ਦੇ ਕਾਰਡ ਰੱਦ ਕਰ ਦਿੱਤੇ ਹਨ। ਉਨਾਂ ਕਿਹਾ ਕਿ ਸਾਡੀ ਜੱਥੇਬੰਦੀ ਸਾਲ ਵਿੱਚ 200 ਦਿਨ ਕੰਮ ਅਤੇ 600 ਰੁਪਏ ਦਿਹਾੜੀ ਦੀ ਲਗਾਤਾਰ ਮੰਗ ਕਰ ਰਹੀ ਹੈ ਜੋ ਵੱਧੀ ਹੋਈ ਮਹਿੰਗਾਈ ਅਨੁਸਾਰ ਬਹੁਤ ਹੀ ਵਾਜਬ ਹੈ। ਮੰਗ ਪੱਤਰ ਵਿੱਚ ਬੇਘਰਿਆਂ ਲਈ 10 ਮਰਲੇ ਪਲਾਟ ਅਤੇ 5 ਲੱਖ ਰੁਪਏ ਮਕਾਨ ਉਸਾਰੀ ਦੀ ਗ੍ਰਾਂਟ ਦੀ ਮੰਗ ਕੀਤੀ ਗਈ ਹੈ। ਦਲਿਤ ਅਤੇ ਗਰੀਬ ਲੋਕਾਂ ਦੇ ਸਾਰੇ ਕਰਜ਼ੇ ਮੁਆਫ ਕਰਨ, ਸਾਰੇ ਸ਼ਹਿਰਾਂ ਅਤੇ ਪਿੰਡਾਂ ਦੀਆਂ ਗਰੀਬ ਬਸਤੀਆਂ ਵਿੱਚ ਸਸਤੇ ਭਾਅ ਦੇ ਡਿਪੂ ਖੋਲ ਕੇ 14 ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ ਹੈ। ਇਸੇ ਤਰ੍ਹਾਂ ਪੰਚਾਇਤੀ ਜ਼ਮੀਨਾਂ ਵਿੱਚ ਦਲਿਤ ਪਰਿਵਾਰਾਂ ਨੂੰ ਤੀਜਾ ਹਿੱਸਾ ਖੇਤੀ ਲਈ ਅਤੇ ਪ੍ਰਾਈਵੇਟ ਅਦਾਰਿਆਂ ਅੰਦਰ ਰਿਜ਼ਰਵੇਸ਼ਨ ਸਬੰਧੀ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ ਹੈ। ਸ਼ਹੀਦ ਧੰਨਾ ਸਿੰਘ ਪਾਰਕ ਤੋਂ ਮਾਰਚ ਕਰਕੇ ਆਪਣੇ ਝੰਡੇ, ਬੈਨਰਾ ਨਾਲ ਨਾਰ੍ਹੇ ਮਾਰਦੇ ਹੋਏ ਸਾਥੀ ਬੀ.ਡੀ.ਪੀ.ਓ. ਬਲਾਕ-2 ਦੇ ਦਫਤਰ ਵਿਖੇ ਪਹੁੰਚੇ। ਨਾਹਰਿਆਂ ਦੀ ਗੂੰਜ ਵਿੱਚ ਬੀ.ਡੀ.ਪੀ.ਓ. ਦੀ ਗੈਰ ਹਾਜ਼ਰੀ ਵਿੱਚ ਉਸ ਦੀ ਸਟੈਨੋ ਨੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਯਕੀਨ ਦਿਵਾਇਆ ਕਿ ਇਹ ਮੰਗ ਪੱਤਰ ਤੁਰੰਤ ਗਵਰਨਰ ਪੰਜਾਬ ਨੂੰ ਭੇਜ ਦਿੱਤਾ ਜਾਵੇਗਾ। ਇਸ ਮੌਕੇ ਭੱਠਾ ਮਜ਼ਦੂਰ ਆਗੂ ਸਾਥੀ ਧਨਪਤ, ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹੇ ਦੀ ਆਗੂ ਰਾਜ ਰਾਣੀ, ਜਨਵਾਦੀ ਇਸਤਰੀ ਸਭਾ ਦੀ ਆਗੂ ਸੁਰਿੰਦਰ ਕੌਰ, ਮਨਰੇਗਾ ਵਰਕਰਾਂ ਦੀ ਆਗੂ ਕਮਲੇਸ਼ ਕੌਰ ਭੀਲੋਵਾਲ ਅਤੇ ਸਾਥੀ ਬਲਵਿੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਅਖੀਰ ਵਿੱਚ ਪ੍ਰਧਾਨ ਸਾਥੀ ਮਹਿੰਦਰ ਸਿੰਘ ਭੀਲੋਵਾਲ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਅਗਲੇ ਐਕਸ਼ਨਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।

ਹਜ਼ਾਰਾਂ ਪੈਨਸ਼ਨਰਜ਼ 14 ਨੂੰ ਚੰਡੀਗੜ੍ਹ ਵੱਲ ਕਰਨਗੇ ਕੂਚ

ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਪੈਨਸ਼ਨਰ ਐਸੋਸੀਏਸ਼ਨ ਅਨੰਦਪੁਰ ਸਾਹਿਬ ਦੀ ਅਹਿਮ ਮੀਟਿੰਗ ਪ੍ਰਿੰਸੀਪਲ ਨਿਰੰਜਣ ਸਿੰਘ ਰਾਣਾ ਦੀ ਪ੍ਰਧਾਨਗੀ ਹੇਠ ਪੈਨਸ਼ਨਰ ਭਵਨ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ। ਮੀਟਿੰਗ ਸਬੰਧੀ ਦੱਸਦਿਆਂ ਪ੍ਰੈੱਸ ਸਕੱਤਰ ਮਾ. ਸੁਰਜੀਤ ਸਿੰਘ ਮੀਡਮਾ ਨੇ ਦੱਸਿਆ ਕਿ ਪੰਜਾਬ ਦੇ ਪੈਨਸ਼ਨਰਾਂ ਤੇ ਮੁਲਾਜਮਾਂ ਨੇ ਬੜੇ ਚਾਅ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਤਾਂ ਜੋ ਉਹਨਾਂ ਦੀਆਂ ਮੰਗਾਂ ਜੋ ਪਿਛਲੀਆਂ ਸਰਕਾਰਾਂ ਨੇ ਹੱਲ ਨਹੀਂ ਕੀਤੀਆਂ ਉਹ ਇਹ ਪਾਰਟੀ ਵਾਇਦੇ ਅਨੁਸਾਰ ਹੱਲ ਕਰੇਗੀ ਪਰ ਇਹ ਸਰਕਾਰ ਤਾਂ ਸਿਰਫ ਅਖਵਾਰਾਂ,ਟੈਲੀਵੀਜਨ ਤੇ ਮਸ਼ਹੂਰੀ ਹੀ ਕਰਦੀ ਹੈ ਮੰਗ ਕੋਈ ਹੱਲ ਨਹੀਂ ਕਰਦੀ,ਇਸਨੂੰ ਪੈਨਸਨਰਾ ਦੀਆਂ ਮਹਿੰਗਾਈ ਭੱਤੇ ਦੀਆਂ ਚਾਰ ਕਿਸਤਾਂ ਜਾਰੀ ਹੀ ਨਹੀ ਕੀਤੀਆਂ 1-1-2016 ਤੋਂ ਜੁਲਾਈ 2021 ਤੱਕ ਰਿਟਾਇਰ ਹੋਏ ਮੁਲਾਜਮਾਂ ਦੀਆਂ ਕਮਾਈ ਛੁੱਟੀਆਂ ਦੇ ਬਕਾਏ ਜਾਰੀ ਨਹੀ ਕੀਤੇ। ਪੈਨਸ਼ਨਰਾਂ ਦਾ 1-1-16 ਤੋਂ ਜੁਲਾਈ 2021 ਤੱਕ ਦਾ

ਬਕਾਇਆ ਜਾਰੀ ਨਹੀਂ ਕੀਤਾ ਜਾ ਰਿਹਾ,ਪੈਨਸ਼ਨਰਾਂ ਦਾ ਮੈਡੀਕਲ ਭੱਤਾ ਨਹੀਂ ਵਧਾਇਆ ਜਾ ਰਿਹਾ ,2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ 'ਤੇ ਪੇ ਕਮੀਸ਼ਨ ਦੀ ਸਿਫਾਰਸ਼ ਦੇ ਬਾਵਜੂਦ 2.59 ਦਾ ਫਾਰਮੂਲਾ ਲਾਗੂ ਨਹੀਂ ਕੀਤਾ ਜਾ ਰਿਹਾ, ਸਰਕਾਰ ਨੂੰ ਵਾਰ ਵਾਰ ਯਾਦ ਕਰਾਉਣ ਦੇ ਬਾਵਜੂਦ ਕੋਈ ਮੰਗ ਹੱਲ ਨਹੀਂ ਕੀਤੀ, ਹੁਣ ਸਰਕਾਰ ਨੂੰ ਮੁੜ ਯਾਦ ਕਰਾਉਣ ਲਈ ਹਜਾਰਾਂ ਪੈਨਸ਼ਨਰ 14 ਅਕਤੂਬਰ ਨੂੰ ਚੰਡੀਗੜ੍ਹ ਵੱਲ ਪੂਰੇ ਪੰਜਾਬ ਵਿੱਚੋਂ ਕੂਚ ਕਰਨਗੇ। ਇਸ ਮੌਕੇ ਦਰਸ਼ਨ ਸਿੰਘ ਬੜਵਾ, ਕ੍ਰਿਪਾਲ ਸਿੰਘ ਭਟੋ, ਹੈਡਮਾਸਟਰ ਅਮਰਜੀਤ ਸਿੰਘ, ਮਾਸਟਰ ਵੀਰ ਸਿੰਘ, ਮਾ. ਰਵਿਦਰ ਸਿੰਘ,ਮਾ. ਗੁਰਦੇਵ ਸਿੰਘ ਡਬਰੀ,ਹਰਸਰਨਜੀਤ ਸਿੰਘ ਮਜਾਰਾ,ਜਸਵਿਦਰ ਸਿੰਘ ਮਜਾਰਾ ਚੰਦਰ ਮੋਹਣ,ਮਾ. ਹੁਸ਼ਿਆਰ ਸਿੰਘ,ਮਾ. ਰਣਵੀਰ ਸਿੰਘ,ਅਜੈਬ ਸਿੰਘ, ਹਰਜਾਪ ਸਿੰਘ, ਕੁਲਵੰਤ ਸਿੰਘ ਸਵਰਨ ਸਿੰਘ ਹਾਜਰ ਸਨ।

ਦਾਣਾ ਮੰਡੀ ਵਿਖੇ ਆੜ੍ਹਤੀਆਂ ਵੱਲੋਂ ਹੜਤਾਲ

ਫਿਲੌਰ (ਨਿਰਮਲ) ਭਾਰਤੀ ਖੁਰਾਕ ਨਿਗਮ ਦੀਆਂ ਵਧੀਕੀਆਂ ਦੇ ਵਿਰੋਧ 'ਚ ਅਤੇ ਹੋਰ ਮੰਗਾਂ ਲਈ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਵਲੋਂ 11 ਅਕਤੂਬਰ ਤੋਂ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ ਦੇ ਬਾਈਕਾਟ ਦੇ ਸੱਦੇ 'ਤੇ ਆੜਤੀਆ ਐਸੋਸੀਏਸ਼ਨ ਫਿਲੌਰ ਵਲੋਂ ਝੋਨੇ ਦੀ ਖਰੀਦ ਬੰਦ ਕਰ ਦਿੱਤੀ ਗਈ ਹੈ। ਪ੍ਰਧਾਨ ਗੁਲਸ਼ਨ ਕੁਮਾਰ ਆਹੂਜਾ ਨੇ ਦੱਸਿਆ ਕਿ ਕੇਂਦਰ ਸਰਕਾਰ ਦੀ ਅਪੀਲ ਤੇ ਪੰਜਾਬ ਸਰਕਾਰ ਨੇ ਖਾਸ ਕਰ ਕੇ ਛੋਟੀਆਂ ਮੰਡੀਆਂ 'ਚ ਬਾਇਓਮੈਟ੍ਰਿਕ ਮਸ਼ੀਨਾਂ ਰਾਹੀਂ ਫਸਲ ਲੈ ਕੇ ਆਉਣ ਵਾਲੇ ਕਿਸਾਨ ਦੇ ਅੰਗੂਠੇ ਦਾ ਨਿਸ਼ਾਨ ਲੈਣ ਤੋਂ ਬਾਅਦ ਹੀ ਫਸਲ ਖਰੀਦਣ ਦੀ ਰਿਵਾਇਤ ਪਾਈ ਜਾ ਰਹੀ ਹੈ। ਜਿਸ ਨਾਲ ਆੜਤੀ, ਕਿਸਾਨ ਵਰਗ ਹਰ ਕੋਈ ਚਿੰਤਤ ਹੈ ਕਿਉਂਕਿ ਕਿਸਾਨਾਂ ਦੀ ਫਸਲਾਂ ਨੂੰ ਮਜਦੂਰ ਜਾਂ ਹੋਰ ਵਿਅਕਤੀ ਲੈ ਕੇ ਆਉਂਦੇ ਹਨ। ਇਸ ਮੌਕੇ ਸਰਕਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਜਲਦ ਮੰਨੀਆ ਜਾਣ ਜਿਸ ਨਾਲ ਮੰਡੀਆਂ ਚ ਝੋਨੇ ਦੀ ਫਸਲ ਲੈ ਕੇ ਆਉਣ ਵਾਲੇ ਕਿਸਾਨ ਖੱਜਲ ਖੁਆਰ ਨਾ ਹੋਣ। ਇਸ ਮੌਕੇ ਪ੍ਰਦੀਪ ਬਸੰਦਰਾਏ, ਜੈਪਾਲ,ਅਸੀਸ ਜਿੰਦਲ, ਮਨੋਜ ਸ਼ਰਮਾ, ਵਿਸ਼ਾਲ ਗੁਪਤਾ, ਵਿੱਕੀ ਅਗਰਵਾਲ,ਸੁਨੀਲ, ਸੁਰਿੰਦਰਪਾਲ ਸਿੰਘ ਢੇਸੀ ਅਤੇ ਵੱਡੀ ਗਿਣਤੀ 'ਚ ਕਿਸਾਨ ਮਜਦੂਰ ਹਾਜਰ ਸਨ।

ਤਿਉਹਾਰਾਂ ਮੌਕੇ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਿਤ

ਨਵਾਂਸ਼ਹਿਰ, (ਮਨੋਜ ਲਾਡੀ)-ਡਾਇਰੈਕਟਰ, ਉਦਯੋਗ ਤੇ ਵਣਜ ਵਿਭਾਗ ਪੰਜਾਬ ਵੱਲੋਂ 'ਐਕਸਪਲੋਜ਼ਿਵ ਰੂਲਜ਼-2008' ਜਾਰੀ ਮਿਤੀ 14 ਸਤੰਬਰ, 2022 ਦੀਆਂ ਹਦਾਇਤਾਂ ਦੀ ਰੌਸ਼ਨੀ 'ਚ ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਦੁਸਹਿਰਾ, ਦੀਵਾਲੀ, ਕ੍ਰਿਸਮਿਸ, ਨਵਾਂ ਸਾਲ ਤੇ ਗੁਰਪੁਰਬ ਮੌਕੇ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਿਤ ਕੀਤਾ ਹੈ। ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਦੁਸਹਿਰੇ ਵਾਲੇ ਦਿਨ ਦੁਸਹਿਰਾ ਗਰਾਊਂਡ/ਨਿਰਧਾਰਿਤ ਥਾਂ 'ਤੇ ਸ਼ਾਮ 6 ਤੋਂ 7 ਵਜੇ ਤੱਕ ਹੀ ਪਟਾਕੇ ਚਲਾਏ ਜਾ ਸਕਣਗੇ। ਦੀਵਾਲੀ 'ਤੇ ਰਾਤ 8 ਵਜੇ ਤੋਂ 10 ਵਜੇ ਤੱਕ ਹੀ ਪਟਾਕੇ ਚਲਾਉਣ ਦੀ ਆਗਿਆ ਹੋਵੇਗੀ। ਕ੍ਰਿਸਮਿਸ ਮੌਕੇ ਅਤੇ ਨਵੇਂ ਸਾਲ ਮੌਕੇ ਰਾਤ 11:55 ਵਜੇ ਤੋਂ 12:30 ਵਜੇ ਤੱਕ ਹੀ ਪਟਾਕੇ ਚਲਾਏ ਜਾ ਸਕਣਗੇ। ਗੁਰਪੁਰਬ ਮੌਕੇ ਸਵੇਰ ਦੇ ਸਮੇਂ 4 ਤੋਂ 5 ਵਜੇ ਅਤੇ ਸ਼ਾਮ ਦੇ ਸਮੇਂ ਰਾਤ 9 ਵਜੇ ਤੋਂ 10 ਵਜੇ ਤੱਕ ਹੀ ਪਟਾਕੇ ਚਲਾਉਣ ਦੀ ਇਜ਼ਾਜ਼ਤ ਹੋਵੇਗੀ। ਉਕਤ ਨਿਰਧਾਰਿਤ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਜ਼ਿਲ੍ਹੇ 'ਚ ਪਟਾਕੇ ਚਲਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਦੁਸਹਿਰਾ ਕਮੇਟੀ ਸਬੰਧਤ ਐਸ ਡੀ ਐਮ ਤੋਂ ਅਗਾਊਂ ਪ੍ਰਵਾਨਗੀ ਲੈ ਕੇ ਹੀ ਦੁਸਹਿਰਾ ਮੇਲਾ ਲਾਵੇ ਅਤੇ ਦੁਸਹਿਰਾ ਗਰਾਊਂਡ/ਸਥਾਨ 'ਤੇ ਲੋਕਾਂ ਦਾ ਇਕੱਠ, ਪਟਾਕੇ ਚਲਾਉਣ ਵਾਲੀ ਥਾਂ ਤੋਂ 30 ਮੀਟਰ ਦੇ ਘੇਰੇ ਤੋਂ ਦੂਰ ਹੋਣਾ ਲਾਜ਼ਮੀ ਹੈ। ਖਾਮੋਸ਼ ਥਾਂਵਾਂ ਜਿਵੇਂ ਕਿ ਹਸਪਤਾਲਾਂ, ਸਿੱਖਿਆ ਸੰਸਥਾਂਵਾਂ, ਅਦਾਲਤਾਂ ਅਤੇ ਧਾਰਮਿਕ ਸਥਾਨਾਂ ਆਦਿ 'ਤੇ 100 ਮੀਟਰ ਦੇ ਘੇਰੇ 'ਚ ਪਟਾਕੇ ਚਲਾਉਣ ਦੀ ਇਜ਼ਾਜ਼ਤ ਨਹੀਂ ਹੋਵੇਗੀ।

ਲੀਗਲ ਲਿਟਰੇਸੀ ਕਲੱਬ ਵਲੋਂ ਮਨਾਇਆ ਗਿਆ 'ਵਿਸ਼ਵ ਮਾਨਸਿਕ ਸਿਹਤ ਦਿਵਸ'

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)–ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਦੀ ਅਗਵਾਈ ਵਿਚ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾਜਿਤਾ ਜੋਸ਼ੀ ਵਲੋਂ ਜੇ.ਐਸ. ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਲੀਗਲ ਲਿਟਰੇਸੀ ਕਲੱਬ ਹੁਸ਼ਿਆਰਪੁਰ ਵਿਚ ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਇਆ ਗਿਆ। ਇਸ ਮੌਕੇ ਸੀ.ਜੇ.ਐਮ ਅਪਰਾਜਿਤਾ ਜੋਸ਼ੀ ਨੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, 2021 ਬਾਰੇ ਜਾਗਰੂਕ ਕੀਤਾ ਅਤੇ ਨਾਲ ਹੀ ਦਿਵਿਆਂਗਜਨ ਦੇ ਅਧਿਕਾਰ ਐਕਟ-2016, ਮੈਂਟਲ ਹੈਲਪ ਕੇਅਰ ਐਕਟ-2017 ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਥੀਮ 'ਮੈਂਟਲ ਹੈਲਥ ਇਜ਼ ਏ ਯੂਨੀਵਰਸਲ ਹਿਊਮਨ ਰਾਈਟਸ' ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਉਪ ਮੰਡਲ ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ ਲਿਟਰੇਸੀ ਕਲੱਬਾਂ ਵਿਚ ਵਾਦ-ਵਿਵਾਦ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ ਅਤੇ ਬੱਚਿਆਂ ਨੂੰ ਭਵਿੱਖ ਵਿਚ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵਲੋਂ ਆਸ਼ਾ ਕਿਰਨ ਸਕੂਲ ਦੇ ਬੱਚਿਆਂ ਨੂੰ ਦੀਵਾਲੀ ਦੇ ਤਿਉਹਾਰ 'ਤੇ ਨਿਊ ਜ਼ਿਲ੍ਹਾ ਤੇ ਸੈਸ਼ਨ ਕੋਰਟ ਹੁਸ਼ਿਆਰਪੁਰ ਵਿਚ ਉਨ੍ਹਾਂ ਵਲੋਂ ਬਣਾਏ ਗਏ ਦੀਵੇ, ਮੋਮਬੱਤੀਆਂ ਅਤੇ ਘਰ ਦੀ ਸਜਾਵਟ ਲਈ ਬਣਾਏ ਗਏ ਸਾਮਾਨ ਬਾਰੇ ਪ੍ਰਦਰਸ਼ਨੀ ਲਗਾਉਣ ਲਈ ਕਿਹਾ ਗਿਆ, ਤਾਂ ਜੋ ਉਨ੍ਹਾਂ ਨੇ ਮਨੋਬਲ ਨੂੰ ਵਧਾਇਆ ਜਾ ਸਕੇ। ਇਸ ਦੇ ਨਾਲ ਹੀ ਵਨ ਸਟਾਪ ਸੈਂਟਰ ਵਲੋਂ ਐਡਵੋਕੇਟ ਆਰਤੀ ਸ਼ਰਮਾ ਨੇ ਬੱਚਿਆਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪਰਮਜੀਤ ਸਚਦੇਵਾ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦੇ ਪੈਰਾ ਲੀਗਲ ਵਲੰਟੀਅਰ ਮੋਹਨ ਸਿੰਘ ਵੀ ਹਾਜ਼ਰ ਸਨ।

ਬੱਡਲਾ ਬਹੁਮੰਤਵੀ ਐਗਰੀਕਲਚਰ ਸਰਵਿਸ ਸਭਾ ਮੈਂਬਰਾਂ ਦੀ ਹੋਈ ਚੋਣ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਦੀ ਬੱਡਲਾ ਬਹੁਮੰਤਵੀ ਐਗਰੀਕਲਚਰ ਸਰਵਿਸ ਸਭਾ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਜਗਤਾਰ ਸਿੰਘ ਭਿੰਡਰ ਅਤੇ ਨੰਬਰਦਾਰ ਜਸਵੰਤ ਸਿੰਘ ਬੱਡਲਾ ਦੀ ਅਗਵਾਈ ਹੇਠ ਬੱਡਲਾ, ਹਾਰਟਾ,ਖੇੜਾ ਆਦਿ ਪਿੰਡਾਂ ਦੇ ਸਹਿਯੋਗ ਨਾਲ ਚੋਣ ਕੀਤੀ ਗਈ। ਅਜੀਤਪਾਲ ਸਿੰਘ ਹਾਰਟਾ ਪ੍ਰਧਾਨ, ਮੁਨੀਸ਼ ਕੁਮਾਰ ਬੱਡਲਾ ਮੀਤ ਪ੍ਰਧਾਨ, ਵਰਿੰਦਰ ਸਿੰਘ ਭਿੰਡਰ ਮੈਂਬਰ, ਬਲਵੰਤ ਸਿੰਘ ਹਾਰਟਾ ਮੈਂਬਰ, ਨਰੇਸ਼ ਕੁਮਾਰੀ ਹਾਰਟਾ ਮੈਂਬਰ, ਧਰਮਿੰਦਰ ਸੈਣੀ ਖੇੜਾ ਮੈਂਬਰ ਨਿਯੁਕਤ ਕੀਤੇ। ਇਸ ਮੌਕੇ ਜਥੇਦਾਰ ਰਾਜਾ ਸਿੰਘ ਬੱਡਲਾ, ਹਰੀ ਸਿੰਘ ਸਰਪੰਚ, ਜਸਵਿੰਦਰ ਸਿੰਘ ਪਠਾਨੀਆਂ ਪੰਚ, ਗੋਰਵ ਅਰੋੜਾ ਪੰਚ, ਹਰਚਰਨ ਸਿੰਘ, ਜਤਿੰਦਰ ਸਿੰਘ ਗੋਲਡੀ, ਦਲਜੀਤ ਸਿੰਘ, ਨਵਦੀਪ ਸਿੰਘ, ਸੁਖਵਿੰਦਰ ਸਿੰਘ, ਲਾਲ ਸਿੰਘ, ਜੱਟ ਬੱਡਲਾ, ਗੁਰਨਾਮ ਸਿੰਘ, ਗਿਆਨ ਸਿੰਘ, ਅਮਰਜੀਤ ਸਿੰਘ ਜੱਟ, ਸੁਖਵਿੰਦਰ ਸਿੰਘ ਘੁੰਮਣ, ਕੈਪਟਨ ਜਤਿੰਦਰ ਸਿੰਘ, ਜਗਦੀਪ ਸਿੰਘ ਸਰਪੰਚ ਖੇੜਾ, ਮਜੈਲ ਸਿੰਘ ਸਾਬਕਾ ਸਰਪੰਚ ਹਾਰਟਾ, ਜੀਤੀ ਹਾਰਟਾ, ਬਲਵਿੰਦਰ ਸਿੰਘ ਵਿਰਕ, ਸੋਨੂੰ , ਬਲਹਾਰ ਸਿੰਘ ਲਾਡੀ, ਯਾਦਵਿੰਦਰ ਸਿੰਘ, ਦੇਸ ਰਾਜ, ਕੁਲਜੀਤ ਸਿੰਘ ਸੈਣੀ ਜੱਟ, ਦਲਵਿੰਦਰ ਸਿੰਘ ਸੋਢੀ, ਬਲਜੀਤ ਸਿੰਘ ਸੈਣੀ, ਅਵਤਾਰ ਸਿੰਘ ਖੇੜਾ, ਗੁਲਸਨ ਪੰਚ ਆਦਿ ਹਾਜਰ ਸਨ। ਚੋਣ ਹੋਣ ਤੋਂ ਬਾਅਦ ਸਮੂਹ ਨਵਨਿਯੁਕਤ ਮੈਂਬਰਾਂ ਨੇ ਗੁਰਦੁਆਰਾ ਬੋਹੜ ਸਾਹਿਬ ਮੱਥਾ ਟੇਕਿਆ ਅਤੇ ਵਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਨਵਨਿਯੁਕਤ ਨੂੰ ਪਿੰਡ ਵਾਸੀਆਂ ਵੱਲੋਂ ਫੁੱਲਾ ਦੇ ਹਾਰ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਸਮੂਹ ਨਵਨਿਯੁਕਤ ਮੈਂਬਰਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ।

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ 14 ਨੂੰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਕਿਸਾਨਾਂ ਨੂੰ ਹਾੜੀ ਦੀਆਂ ਫ਼ਸਲਾਂ ਸਬੰਧੀ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਤੱਕ ਨਵੀਆਂ ਖੋਜਾਂ ਦੇ ਪਸਾਰ ਲਈ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ 14 ਅਕਤੂਬਰ 2023 ਨੂੰ ਖੇਤੀ ਭਵਨ, ਹੁਸ਼ਿਆਰਪੁਰ ਵਿਖੇ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਸ ਸਿਖਲਾਈ ਕੈਂਪ ਵਿਚ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਦਕਿ ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਕੀਤਾ ਜਾਵੇਗਾ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਇਸ ਕਿਸਾਨ ਸਿਖਲਾਈ ਕੈਂਪ ਵਿਚ ਖੇਤੀ ਸਬੰਧੀ ਪ੍ਰਦਰਸ਼ਨੀਆਂ ਲੱਗਣਗੀਆਂ ਅਤੇ ਜ਼ਿਲ੍ਹੇ ਦੇ ਪ੍ਰਗਤੀਸ਼ੀਲ ਸਵੈ-ਸਹਾਇਤਾ ਗਰੁੱਪਾਂ ਵੱਲੋਂ ਆਪਣੇ ਖੇਤੀ ਉਤਪਾਦਾਂ ਦੀ ਪੇਸ਼ਕਾਰੀ ਦੇਣ ਤੋਂ ਇਲਾਵਾ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਮਾਹਿਰ ਟੀਮ ਵੱਲੋਂ ਫ਼ਸਲਾਂ ਸਬੰਧੀ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਇਸ ਮੇਲੇ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ।

ਤਲਵਣ ਵਿਖੇ ਬਾਲੜੀ ਦਿਵਸ ਮਨਾਇਆ

ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ) -ਇਥੋਂ ਦੇ ਪਿੰਡ ਤਲਵਣ ਵਿਖੇ ਮਿਨੀ ਪੀ ਐੱਚ ਸੀ ਵਲੋਂ ਬਾਲੜੀ ਦਿਵਸ ਮਨਾਇਆ ਗਿਆ। ਇਸ ਦਿਨ ਨੂੰ ਮਨਾਉਣ ਮੁੱਖ ਮਕਸਦ ਲੜਕੀਆਂ ਪ੍ਰਤੀ ਸਮਾਜ ਵਿਚ ਫੈਲੇ ਵਿਤਕਰੇ ਨੂੰ ਖਤਮ ਕਰਨਾ ਅਤੇ ਲੋਕਾਂ ਨੂੰ ਉਹਨਾਂ ਦੀ ਸਿੱਖਿਆ ਪ੍ਰਤੀ ਜਾਗਰੂਕ ਕਰਨਾ ਹੈ। ਲੋਕਾਂ ਨੂੰ ਲੜਕੀ ਦੇ ਜਨਮ ਤੋਂ ਪਹਿਲਾਂ ਕਤਲ ਲਿੰਗ ਅਸਮਾਨਤਾ ਤੋਂ ਲੇ ਕੇ ਜਿਨਸੀ ਸੋਸਣ , ਲੜਕੀਆਂ ਦੇ ਅਧਿਕਾਰਾਂ, ਸਿੱਖਿਆ, ਸਿਹਤ ਅਤੇ ਪੋਸ਼ਣ ਦੇ ਮਹੱਤਵ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਸੀ ਐੱਚ ਓ ਕਾਂਤਾ ਦੇਵੀ, ਏ ਐਨ ਐਮ ਗਗਨ ਵਰਮਾ, ਐੱਲ ਐਚ ਵੀ, ਪਰਮਜੀਤ ਕੌਰ ਤੇ ਆਸ਼ਾ ਵਰਕਰਾਂ ਜਗਦੀਸ਼ ਕੌਰ, ਮਨਜੀਤ, ਪਰਮਜੀਤ ਕੌਰ ਅਤੇ ਸੁਰਿੰਦਰ ਹਾਜਰ ਸਨ।

ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਕਿੱਤਿਆਂ ਸੰਬੰਧੀ ਦਿੱਤੀ ਜਾਣਕਾਰੀ

ਜਲੰਧਰ (ਸ਼ੈਲੀ ਐਲਬਰਟ) ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਕੈਰੀਅਰ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦੇਣ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਕਰਵਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਤਹਿਤ ਬਿਊਰੋ ਵਿਖੇ ਕੈਰੀਅਰ ਗਾਈਡੈਂਸ ਸੈਮੀਨਾਰ ਕਰਵਾਇਆ ਗਿਆ। ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਅਤੇ ਮਾਡਲ ਕੈਰੀਅਰ ਸੈਂਟਰ ਜਲੰਧਰ ਵੱਲੋਂ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸੈਮੀਨਾਰ ਵਿੱਚ ਸਥਾਨਕ ਐਸ.ਡੀ. ਫੁੱਲਰਵਾਨ ਸਕੂਲ ਅਤੇ ਦੇਵੀ ਸਹਾਇ ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਸੈਮੀਨਾਰ ਦੌਰਾਨ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਗੁਰਮੇਲ ਸਿੰਘ ਨੇ ਵਿਦਿਆਰਥੀਆਂ ਨੂੰ ਡੀ.ਬੀ.ਈ.ਈ. ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਕਰੀਅਰ ਗਾਈਡੈਂਸ, ਪਲੇਸਮੈਂਟ ਕੈਂਪਾਂ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੇ ਕਰੀਅਰ ਸਬੰਧੀ ਹੁਣ ਤੋਂ ਹੀ ਆਪਣੀ ਯੋਜਨਾ ਬਣਾਉਣ ਲਈ ਕਿਹਾ। ਰੋਜਗਾਰ ਉੱਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਰਣਜੀਤ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਉਨ੍ਹਾਂ ਲਈ ਮੌਜੂਦ ਰੋਜਗਾਰ ਤੇ ਸਵੈ-ਰੋਜਗਾਰ ਦੇ ਵੱਖ-ਵੱਖ ਮੌਕਿਆਂ ਬਾਰੇ ਜਾਣਕਾਰੀ ਦਿੱਤੀ। ਐਲ.ਪੀ.ਯੂ., ਫਗਵਾੜਾ ਦੇ ਡਿਪਾਰਟਮੈਂਟ ਆਫ ਕੈਰੀਅਰ ਗਾਈਡੈਂਸ ਦੇ ਵਰੁਣ ਨਈਅਰ ਨੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਸਾਰੇ ਵਿਕਲਪਾਂ ਤੋਂ ਜਾਣੂ ਕਰਵਾਇਆ। ਇਸ ਤੋਂ ਇਲਾਵਾ ਡਿਪਟੀ ਸੀ.ਈ.ਓ., ਡੀ.ਬੀ.ਈ.ਈ. ਨਵਦੀਪ ਸਿੰਘ ਨੇ ਸਵੈ-ਰੋਜ਼ਗਾਰ, ਸਟਾਰਟਅੱਪਜ਼, ਕੈਰੀਅਰ ਕਾਊਂਸਲਰ ਹਰਮਨਦੀਪ ਸਿੰਘ ਨੇ ਵੱਖ-ਵੱਖ ਤਕਨੀਕੀ ਕੋਰਸਾਂ ਅਤੇ ਮਾਡਲ ਕਰੀਅਰ ਸੈਂਟਰ ਵੱਲੋਂ ਸ਼ਾਹ ਫੈਜ਼ਲ ਨੇ ਨੈਸ਼ਨਲ ਕਰੀਅਰ ਸੈਂਟਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਂਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸੈਮੀਨਾਰ ਦੌਰਾਨ ਮਾਹਰਾਂ ਵੱਲੋਂ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।

ਕੌਂਸਲਰ ਪਰਵੀਨ ਹੰਸ ਦੇ ਸਸਕਾਰ ਮੌਕੇ ਵੱਡੀ ਗਿਣਤੀ 'ਚ ਪੁੱਜੇ ਆਗੂ

ਫਿਲੌਰ, (ਨਿਰਮਲ)- ਇਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਸ ਅਕੈਡਮੀ ਦੇ ਪਿਛਲੇ ਪਾਸੇ ਸ਼ਮਸ਼ਾਨਘਾਟ ਵਿਖੇ ਨਗਰ ਕੌਂਸਲਰ ਫਿਲੌਰ ਦੀ ਕੌਂਸਲਰ ਬੀਬੀ ਪਰਵੀਨ ਹੰਸ ਦਾ ਨਮ ਅੱਖਾਂ ਨਾਲ ਸਸਕਾਰ ਕੀਤਾ ਗਿਆ, ਉਹ 54 ਵਰ੍ਹਿਆਂ ਦੇ ਸਨ। ਬੀਤੀ ਕੱਲ੍ਹ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਉਨ੍ਹਾਂ ਦਾ ਦਿਹਾਂਤ ਹੋ ਗਿਆ, ਉਹ ਆਪਣੇ ਪਿਛੇ ਪਤੀ ਤੋਂ ਇਲਾਵਾ ਇਕਲੌਤੀ ਬੇਟੀ ਐਡਵੋਕੇਟ ਪ੍ਰੀਆ ਹੰਸ (ਐਲ.ਐਲ.ਐਮ.) ਨੂੰ ਛੱਡ ਕੇ ਇਸ ਫਾਨੀ ਸੰਸਾਰ ਤੋਂ ਸਦਾ ਲਈ ਵਿਦਾ ਹੋ ਗਏ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਪਤੀ ਰਾਜ ਕੁਮਾਰ ਹੰਸ ਵੀ ਨਗਰ ਕੌਂਸਲ ਫਿਲੌਰ ਦੇ ਕੌਂਸਲਰ ਰਹਿ ਚੁੱਕੇ ਹਨ। ਬੀਬੀ ਪਰਵੀਨ ਹੰਸ ਦੀ ਪਵਿੱਤਰ ਦੇਹ 'ਤੇ ਹਲਕਾ ਫਿਲੌਰ ਦੇ ਕਾਂਗਰਸੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਅਤੇ ਉਨ੍ਹਾਂ ਦੀ ਮਾਤਾ ਬੀਬੀ ਕਰਮਜੀਤ ਕੌਰ ਚੌਧਰੀ ਨੇ ਸਤਿਕਾਰ ਵਜੋਂ ਪਾਰਟੀ ਦਾ ਝੰਡਾ ਪਾ ਕੇ ਸ਼ਰਧਾਂਜਲੀ ਭੇਟ ਕੀਤੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਵਣ ਸਿੰਘ ਫਿਲੌਰ, ਰਾਜਪਾਲ ਸਿੰਘ ਅਟਵਾਲ, ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਮਹਿੰਦਰ ਰਾਮ ਚੁੰਬਰ, ਸਾਬਕਾ ਪ੍ਰਧਾਨ ਤਾਰਾ ਚੰਦ ਮਦਾਨ, ਸਾਬਕਾ ਪ੍ਰਧਾਨ ਨਰਿੰਦਰ ਗੋਇਲ ਤੋਂ ਇਲਾਵਾ ਰਾਜੇਸ਼ ਰੌਕਸੀ, ਰਾਕੇਸ਼ ਕਾਲੀਆ, ਡਾ.ਵੈਭਵ ਸ਼ਰਮਾ, ਰਾਏ ਵਰਿੰਦਰ, ਸੁਰਿੰਦਰ ਕੈਂਥ (ਸਾਰੇ ਕੌਂਸਲਰ), ਪਰਮਜੀਤ ਭਾਰਤੀ, ਰਾਜ ਕੁਮਾਰ ਗਰੋਵਰ, ਬਾਲਕ ਰਾਮ, ਮਦਨ ਲਾਲ ਖੋਸਲਾ, ਪਰਮਾਨੰਦ ਪੰਮਾ, (ਸਾਰੇ ਸਾਬਕਾ ਕੌਂਸਲਰ) ਬਲਾਕ ਸੰਮਤੀ ਫਿਲੌਰ ਦੇ ਚੇਅਰਮੈਨ ਦਵਿੰਦਰ ਲਸਾੜਾ, ਉਘੇ ਆੜ੍ਹਤੀਏ ਸੁਦੇਸ਼ ਗੁਪਤਾ, ਡਾ.ਕੁਲਦੀਪ ਰਾਏ, ਠੇਕੇਦਾਰ ਹੰਸ ਰਾਜ, ਲਾਲਾ ਕ੍ਰਿਸ਼ਨ ਲਾਲ, ਐਡਵੋਕੇਟ ਮਦਨ ਸਿੰਘ ਚੌਹਾਨ, ਸੰਜੇ ਖੋਸਲਾ ਆਦਿ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

14 ਦੀ ਚੰਡੀਗੜ੍ਹ ਰੈਲੀ 'ਚ ਸ਼ਮੂਲੀਅਤ ਦਾ ਫੈਸਲਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਮਿਡ-ਡੇ-ਮੀਲ ਵਰਕਰਜ ਯੂਨੀਅਨ ਤਹਿਸੀਲ ਬੰਗਾ ਦੀ ਮੀਟਿੰਗ ਕਮਲਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ। ਵਰਕਰਾਂ ਦੇ ਇਸ ਇਕੱਠ ਨੂੰ ਕਿਰਨ ਦੇਵੀ, ਕੁਲਵਿੰਦਰ ਕੌਰ, ਸੁਨੀਤਾ ਰਾਣੀ ਅਤੇ ਨਿਸਾ ਰਾਣੀ ਨੇ ਸੰਬੋਧਨ ਕੀਤਾ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਪੰਜਾਬ-ਯੂ. ਟੀ. ਮੁਲਾਜਮ ਅਤੇ ਪੈਨਸਨਰਜ ਸਾਂਝੇ ਫਰੰਟ ਨਾਲ ਮੀਟਿੰਗ ਨਾ ਕਰਨ ਦੀ ਜੋਰਦਾਰ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਮਿਡ-ਡੇ-ਮੀਲ ਵਰਕਰਾਂ, ਅਧਿਆਪਕਾਂ, ਮੁਲਾਜਮਾਂ ਅਤੇ ਪੈਨਸਨਰਾਂ ਦੀਆਂ ਮੰਗਾਂ ਸਬੰਧੀ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਰੈਲੀ ਵਿੱਚ ਮਿਡ-ਡੇ-ਮੀਲ ਵਰਕਰਾਂ ਵੱਲੋਂ ਵੱਡੀ ਪੱਧਰ ਤੇ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ ਸ ਸ ਫ ਦੇ ਸੂਬਾ ਕਮੇਟੀ ਮੈਂਬਰ ਮੋਹਣ ਸਿੰਘ ਪੂੰਨੀਆ ਅਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਦੀਸ਼ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿਡ-ਡੇ-ਮੀਲ ਵਰਕਰਾਂ ਦੇ ਨਿਗੁਣੇ ਮਾਣ ਭੱਤੇ ਵਿੱਚ ਦੁਗਣਾ ਵਾਧਾ ਕਰਨ ਦੇ ਵਾਅਦੇ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੂਰਾ ਨਹੀਂ ਕੀਤਾ ਅਤੇ ਵਰਕਰਾਂ ਦੀਆਂ ਅਨੇਕਾਂ ਹੋਰ ਮੰਗਾਂ ਤੇ ਮੀਟਿੰਗਾਂ ਵਿੱਚ ਬਣੀਆਂ ਸਹਿਮਤੀਆਂ ਨੂੰ ਵੀ ਲਾਗੂ ਨਹੀਂ ਕੀਤਾ ਗਿਆ। ਜਿਸ ਨਾਲ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਕੀਤੇ ਵਾਅਦੇ ਨੂੰ ਪੂਰਾ ਕਰੇ ਅਤੇ ਮੁਲਾਜਮਾਂ ਅਤੇ ਪੈਨਸਨਰਾਂ ਦੀਆਂ ਮੰਗਾਂ ਪੂਰੀਆਂ ਕਰਕੇ ਪੰਜਾਬ ਵਿੱਚ ਸ਼ਾਂਤਮਈ ਵਿੱਦਿਅਕ ਮਾਹੌਲ ਦੀ ਸਿਰਜਣਾ ਵਿੱਚ ਬਣਦਾ ਰੋਲ ਨਿਭਾਵੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਦਲਜੀਤ ਕੌਰ, ਕਮਲੇਸ਼ ਕੌਰ, ਪਿੰਕੀ ਰਾਣੀ, ਮੀਨਾ ਰਾਣੀ, ਪਰਮਜੀਤ ਕੌਰ, ਜਸਵਿੰਦਰ ਕੌਰ, ਬਲਜਿੰਦਰ ਕੌਰ, ਸਤਵਿੰਦਰ ਕੌਰ, ਸਰਬਜੀਤ ਕੌਰ, ਮਹਿੰਦਰ ਕੌਰ, ਨਛੱਤਰ ਕੌਰ, ਮੰਜੂ, ਰੱਜੋ ਰਾਣੀ, ਜਸਪਾਲ ਕੌਰ, ਗੀਤਾ ਰਾਣੀ, ਨੀਸ਼ਾ ਰਾਣੀ, ਕਮਲਜੀਤ ਕੌਰ, ਚਰਨਜੀਤ ਕੌਰ, ਸੁਖਵਿੰਦਰ ਕੌਰ, ਬਿਮਲਾ ਦੇਵੀ ਸ਼ਰਮਾ, ਮੀਨਾ ਰੇਖਾ ਸਵਿਤਾ ਆਦਿ ਹਾਜਰ ਸਨ।

ਭਗਵਤੀ ਜਾਗਰਣ 14 ਨੂੰ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- 27ਵਾਂ ਵਿਸ਼ਾਲ ਮਾਂ ਭਗਵਤੀ ਜਾਗਰਣ ਡੇਰਾ ਬਾਬਾ ਸਰਵਣ ਗਿਰ ਸ਼ਿਵ ਮੰਦਿਰ ਵਾਰਡ ਨੰਬਰ 7 ਚਨਾਲੋਂ ਵਿਖੇ ਸਾਂਝਾ ਕਲੱਬ ਸ਼ਿਵ ਮੰਦਿਰ ਚਨਾਲੋਂ ਵੱਲੋ ਕਰਵਾਇਆ ਜਾ ਰਿਹਾ ਹੈ। ਜੋਤ ਮਾਂ ਨੈਣਾ ਦੇਵੀ ਤੋਂ ਲਿਆਂਦੀ ਜਾਵੇਗੀ। ਜਯੋਤੀ ਪ੍ਰਚੰਡ ਬਾਬਾ ਧਰੁਵ ਗਿਰੀ ਜੀ ਕਰਨਗੇ। ਮਾਂ ਦਾ ਗੁਣ ਗਾਣ ਪੰਜਾਬੀ ਸਿੰਗਰ ਫਿਰੋਜ ਖਾਨ ਤੇ ਦੀਪਕ ਮਾਨ ਰੋਪੜ ਵੱਲੋ ਕੀਤਾ ਜਾਵੇਗਾ। ਮਾਤਾ ਜੀ ਦਾ ਲੰਗਰ ਰਾਤ 7 ਵਜੇ ਸੁਰੂ ਕੀਤਾ ਜਾਵੇਗਾ। 15 ਅਕਤੂਬਰ 5 ਵਜੇ ਸਵੇਰੇ ਆਰਤੀ ਕੀਤੀ ਜਾਵੇਗੀ। ਇਸ ਜਾਗਰਣ ਵਿੱਚ ਸਹਿਰ ਵਾਸੀਆ ਤੇ ਓ ਕੇ ਮਸੀਨ,ਧਰੁਵ ਸਵੀਟਸ,ਧੀਮਾਨ ਵੈਲਡਿੰਗ ਵਰਕਸ,ਵਾਟਿਕਾ ਫੈਸਨ,ਧਾਰੀਵਾਲ ਬਿਲਡਿੰਗ ਮਟੀਰੀਅਲ, ਸਨੂਪੀ ਫੈਸਨਜ, ਵਿੱਕੀ ਜਨਰਲ ਸਟੋਰ,ਠਾਕੁਰ ਮਿਸਠਾਂਨ ਭੰਡਾਰ,ਸਾਹਿਲ ਡੀ ਜੇ,ਰਾਣਾ ਟਾਈਲਜ, ਫਿਊਚਰ ਡਿਵੈਲਪਰਸ, ਸਾਈਂ ਰਾਮ ਕ੍ਰੇਨਜ,ਮੈਟਲ ਐਂਡ ਆਰਟਸ, ਐਮ ਐਮ ਪਲਾਈਵੁੱਡ,ਪ੍ਰਿੰਸ ਮੋਬਾਈਲਜ,ਗੁਪਤਾ ਪ੍ਰਾਪਰਟੀਜ,ਬਤਰਾ ਲਹਿੰਗਾ ਹਾਊਸ, ਸਰਮਾ ਗਾਰਮੈਂਟਸ ਖਮਾਣੋਂ, ਕ੍ਰੌਨ ਸੀਟੀ,ਗੌਤਮ ਬੇਕਰਜ, ਬ੍ਰਦਰ ਕਾਰ ਜੋਨ,ਹਰੀ ਟੈਲੀਕਾਮ,ਅਮਨ ਕੇਟਰਿੰਗ,ਸਰਮਾ ਬ੍ਰਦਰਜ,ਸਰਮਾ ਗਾਰਮੈਂਟਸ ਤੇ ਸਨਾਤਨ ਧਰਮ ਯੁਵਾ ਮੰਡਲ ਕੁਰਾਲੀ ਵੱਲੋਂ ਵਿਸ਼ੇਸ਼ ਸਹਿਯੋਗ ਰਹੇਗਾ।

ਦਾਣਾ ਮੰਡੀ 'ਚ ਭਾਰ ਤੋਲ ਮਸਲਾ ਹੱਲ ਕਰਵਾਇਆ



ਕਾਲਾ ਸੰਘਿਆਂ, (ਮਨਜੀਤ ਮਾਨ)- ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਕਾਲਾ ਸੰਘਿਆਂ ਯੂਨਿਟ ਵੱਲੋਂ ਕਾਲਾ ਸੰਘਿਆਂ ਦੀ ਦਾਣਾ ਮੰਡੀ ਵਿਖੇ ਤੋਲ ਸਬੰਧੀ ਮਸਲਾ ਹੱਲ ਕੀਤਾ ਗਿਆ। ਇਕਾਈ ਪ੍ਰਧਾਨ ਪਲਵਿੰਦਰ ਸਿੰਘ ਨੇ ਦੱਸਿਆ ਕਿ ਖਾਲੀ ਬੋਰੀਆਂ ਤੋਲ 540 ਗ੍ਰਾਮ ਹੈ ਜਦੋਂ ਕਿ ਕੰਡਾ 700 ਗ੍ਰਾਮ 'ਤੇ ਬੰਨ੍ਹਿਆ ਜਾਂਦਾ ਹੈ। ਜੱਥੇਬੰਦੀ ਵੱਲੋਂ ਕਿਸਾਨਾਂ ਦੇ ਸਹਿਯੋਗ ਨਾਲ ਇਸ ਮਸਲੇ ਨੂੰ ਹੱਲ ਕਰਦੇ ਹੋਏ ਕੰਡਾ 600 ਗ੍ਰਾਮ 'ਤੇ ਬੰਨ੍ਹਿਆ ਜਾਵੇਗਾ। ਇਹ ਫੈਸਲਾ ਕਿਸਾਨਾਂ, ਆੜ੍ਹਤੀਆਂ ਅਤੇ ਅਧਿਕਾਰੀਆਂ ਵੱਲੋਂ ਪ੍ਰਵਾਨ ਕੀਤਾ ਗਿਆ। ਇਸ ਮੀਟਿੰਗ ਦੌਰਾਨ ਪ੍ਰਗਟ ਸਿੰਘ, ਬਲਜਿੰਦਰ ਸਿੰਘ ਸੰਘਾ, ਰਛਪਾਲ ਸਿੰਘ ਫਜਲਾਬਾਦ, ਟਹਿਲ ਸਿੰਘ, ਹਰਜਿੰਦਰ ਸਿੰਘ, ਅੰਮ੍ਰਿਤ ਸਿੰਘ, ਕਰਨੈਲ ਸਿੰਘ, ਗਵਿੰਦਰ ਸਿੰਘ ਪਾਹੜਾ, ਕਸ਼ਮੀਰ ਸਿੰਘ, ਰਘਵੀਰ ਸਿੰਘ ਸੂਬਾ ਮੀਤ ਪ੍ਰਧਾਨ ਤੇ ਫ਼ੁੰਮਣ ਸਿੰਘ ਆਦਿ ਹਾਜਰ ਸਨ।

ਡਾਕ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਡਾਕ ਵਿਭਾਗ ਵੱਲੋਂ 9 ਤੋਂ 13 ਅਕਤੂਬਰ ਤੱਕ 'ਰਾਸ਼ਟਰੀ ਡਾਕ ਹਫ਼ਤਾ' ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਰੋਜ਼ਾਨਾ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਡਾਕ ਵਿਭਾਗ, ਹੁਸ਼ਿਆਰਪੁਰ ਡਵੀਜ਼ਨ ਚਰਨਜੀਤ ਸਿੰਘ ਨੇ ਦੱਸਿਆ ਕਿ ਇਹ ਹਫ਼ਤਾ 9 ਅਕਤੂਬਰ ਨੂੰ ਵਿਸ਼ਵ ਡਾਕ ਦਿਵਸ ਨਾਲ ਸ਼ੁਰੂ ਕੀਤਾ ਗਿਆ, ਕਿਉਂਕਿ 9 ਅਕਤੂਬਰ, 1874 ਨੂੰ ਯੂਨੀਵਰਸਲ ਡਾਕ ਯੂਨੀਅਨ ਦੀ ਸਥਾਪਨਾ ਹੋਈ ਸੀ। ਉਨ੍ਹਾਂ ਦੱਸਿਆ ਕਿ 10 ਅਕਤੂਬਰ ਨੂੰ ਵਿੱਤੀ ਸਸ਼ਕਤੀਕਰਨ ਦਿਵਸ ਅਤੇ 11 ਅਕਤੂਬਰ ਨੂੰ ਫਿਲਾਟਲੀ ਦਿਵਸ ਵਜੋਂ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ 12 ਅਕਤੂਬਰ ਨੂੰ ਮੇਲ ਅਤੇ ਪਾਰਸਲ ਦਿਵਸ ਅਤੇ 13 ਅਕਤੂਬਰ ਨੂੰ ਅੰਤੋਦਿਆ ਦਿਵਸ ਵਜੋਂ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਆਧੁਨਿਕ ਯੁੱਗ ਵਿਚ ਡਾਕ ਸੇਵਾਵਾਂ ਸਿਰਫ ਡਾਕ ਸੇਵਾਵਾਂ ਤੱਕ ਹੀ ਸੀਮਿਤ ਨਹੀਂ ਹਨ, ਸਗੋਂ ਭਾਰਤੀ ਡਾਕ, ਨਾਗਰਿਕਾਂ ਦੇ ਜੀਵਨ ਦੇ ਹਰੇਕ ਪਹਿਲੂ ਨੂੰ ਛੂਹ ਰਹੀ ਹੈ। ਉਨ੍ਹਾਂ ਕਿਹਾ ਕਿ ਡਾਕਘਰ ਲੋਕਾਂ ਦੀਆਂ ਹਰੇਕ ਕਿਸਮ ਦੀਆਂ ਲੋੜਾਂ ਲਈ ਇਕ ਸਿੰਗਲ ਸਟਾਪ ਹੱਲ ਵਜੋਂ ਅਤੇ ਸਰਕਾਰ ਦੀਆਂ ਡੀ. ਬੀ. ਟੀ ਅਤੇ ਸਮਾਜਿਕ ਸੁਰੱਖਿਆ ਸਕੀਮਾਂ ਲਈ ਇਕ ਵੰਡ ਚੈਨਲ ਵਜੋਂ ਮਾਣ ਨਾਲ ਉੱਭਰਿਆ ਹੈ।

ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਤੇ 'ਸਮਾਜਿਕ ਸਮਾਨਤਾ ਸੰਗਠਨ' ਦੀ ਸਾਂਝੀ ਮੀਟਿੰਗ 'ਚ 'ਸੰਵਿਧਾਨ ਬਚਾਉਣ' ਦਾ ਸੰਕਲਪ

ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ,ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ) ਭਾਰਤ ਅਤੇ ਟੀਮ "ਸਮਾਜਿਕ ਸਮਾਨਤਾ ਸੰਗਠਨ (ਰਜਿ) ਪੰਜਾਬ" ਦੀ ਅਹਿਮ ਮੀਟਿੰਗ ਸੰਤ ਸਰਵਣ ਦਾਸ ਜੀ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ (ਰਜਿ.)ਪੰਜਾਬ ਵਿਖੇ ਹੋਈ, ਜਿਸ ਵਿਚ ਚੌਧਰੀ ਖੁਸ਼ੀ ਰਾਮ ਆਈ ਏ ਐਸ (ਰਿਟਾ) ਪ੍ਰਧਾਨ ਸਮਾਜਿਕ ਸਮਾਨਤਾ ਸੰਗਠਨ, ਡਾ .ਜਗਤਾਰ ਸਿੰਘ (ਰਿਟਾ.) ਆਈ ਆਰ ਐਸ ਕਰਨਲ ਪ੍ਰਿਥਵੀ ਰਾਜ ਕੁਮਾਰ ਆਈ ਪੀ ਓ ਐਸ (ਰਿਟਾ.),ਇੰਜ ਆਰ ਐਲ ਸੰਧੂ ਮੁੱਖ ਇੰਜਨੀਅਰ (ਰਿਟਾ.) ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਉਨਾਂ ਦੱਸਿਆ ਕਿ ਪੰਜਾਬ ਅਤੇ ਚੰਡੀਗੜ੍ਹ ਦੇ 24 ਸੰਗਠਨਾਂ ਦੇ ਸਾਂਝੇ ਮੰਚ ਬਹੁਜਨ ਸਮਾਜ ਏਕਤਾ ਤਾਲਮੇਲ ਮੰਚ ਵਲੋਂ ਐਸ ਸੀ, ਬੀ ਸੀ/ਓ ਬੀ ਸੀ ਅਤੇ ਘੱਟ ਗਿਣਤੀ ਵਰਗ ਨਾਲ ਸਬੰਧਤ ਸਾਂਝੇ ਮੁੱਦਿਆਂ 'ਤੇ ਇਕਜੁੱਟ ਹੋ ਕੇ ਸਮਾਜਿਕ ਜੜ੍ਹਾਂ ਮਜਬੂਤ ਕਰਨ ਲਈ ਅਤੇ "ਸੰਵਿਧਾਨ ਬਚਾਓ, ਲੋਕ ਤੰਤਰ ਬਚਾਓ, ਦੇਸ਼ ਬਚਾਓ" ਦੇ ਉਦੇਸ਼ ਨਾਲ ਸੰਵਿਧਾਨ ਵਿਰੋਧੀ ਤਾਕਤਾਂ ਦੇ ਖਿਲਾਫ ਜਦੋ ਜਹਿਦ ਕਰਨ ਲਈ ਅਤੇ ਹੋਰ ਸਮਾਜ ਨੂੰ ਪ੍ਰਭਾਵਿਤ ਕਰ ਰਹੇ ਸਾਂਝੇ ਮੁੱਦਿਆਂ 'ਤੇ ਵਿਸਥਾਰ ਵਿਚ ਵਿਚਾਰ ਵਟਾਂਦਰਾ ਕਰਨ ਲਈ ਸਮਾਜ ਦੇ ਸੰਤਾਂ ਮਹਾਂਪੁਰਸ਼ਾਂ ਨਾਲ ਸਾਂਝੀ ਮੀਟਿੰਗ ਕੀਤੀ ਗਈ ਹੈ। ਇਸ ਮੀਟਿੰਗ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ) ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ)ਭਾਰਤ ਦੇ ਮਹਾਂਪੁਰਸ਼ਾਂ ਵਲੋਂ ਬਹੁਜਨ ਸਮਾਜ ਦੇ ਧਾਰਮਿਕ, ਸਮਾਜਿਕ ਮੁੱਦਿਆਂ ਤੇ ਬੜੀ ਗੰਭੀਰਤਾ ਨਾਲ ਨੋਟਿਸ ਲੈਂਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹਾਜਰ ਸਮੂਹ ਬੁਲਾਰਿਆਂ ਨੇ ਇਕ ਅਵਾਜ ਵਿਚ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਸੰਵਿਧਾਨ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਦੇ ਸਮਾਜਿਕ ਅਧਿਕਾਰਾਂ ਦੀ ਰਾਖੀ ਕਰ ਸਕਦਾ ਹੈ ਇਸ ਲਈ ਸੰਵਿਧਾਨ ਨਾਲ ਕਿਸੇ ਵੀ ਤਰਾਂ ਦੀ ਛੇੜਛਾੜ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਬੁਲਾਰਿਆਂ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ, ਡਾ ਬੀ ਆਰ ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੇ ਸੰਘਰਸ਼ ਨੂੰ ਅੱਗੇ ਵਧਾਉਣ ਲਈ ਅਹਿਮ ਵਿਚਾਰ ਪੇਸ਼ ਕੀਤੇ। ਇਸ ਮੌਕੇ ਸੰਤ ਇੰਦਰ ਦਾਸ ਜਨਰਲ ਸਕੱਤਰ, ਸੰਤ ਸਰਵਣ ਦਾਸ ਸੀਨੀ ਮੀਤ ਪ੍ਰਧਾਨ, ਸੰਤ ਪ੍ਰਮਜੀਤ ਨਗਰ ਕੈਸ਼ੀਅਰ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਸਹਾਇਕ ਕੈਸ਼ੀਅਰ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ,ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ, ਸੰਤ ਧਰਮਪਾਲ ਸ਼ੇਰਗੜ ਸਟੇਜ ਸਕੱਤਰ, ਸੰਤ ਬਲਵੰਤ ਸਿੰਘ ਸੀਨੀ ਮੀਤ ਪ੍ਰਧਾਨ,ਸੰਤੋਸ਼ ਕੁਮਾਰੀ ਆਰਕੀਟੈਕਟ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ,ਸੰਤ ਗੁਰਮੀਤ ਦਾਸ ਪਿਪਲਾਂਵਾਲਾ ਆਦਿ ਹਾਜਰ ਸਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਡੇਂਗੂ ਜਾਗਰੂਕਤਾ ਸਬੰਧੀ ਸੈਮੀਨਾਰ

ਕਪੂਰਥਲਾ, ,(ਹਨੀ)-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਡੇਂਗੂ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਇਸ ਸਬੰਧੀ ਪ੍ਰਿੰਸੀਪਲ ਮੋਂਗਾ ਨੇ ਦੱਸਿਆ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ ਪੰਜਾਬ ਵੱਲੋਂ ਚਲਾਈ ਜਾ ਰਹੀ ਡੇਂਗੂ ਅਤੇ ਚਿਕਨਗੁਨੀਆਂ ਜਾਗਰੂਕਤਾ ਲਹਿਰ ਤਹਿਤ ਸਿਹਤ ਡਿਪਾਰਟਮੈਂਟ ਕਪੂਰਥਲਾ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਇਹ ਸੈਮੀਨਾਰ ਕਰਵਾਇਆ ਗਿਆ। ਇਸ ਦੌਰਾਨ ਪਹੁੰਚੀ ਡਾਕਟਰਾਂ ਦੀ ਟੀਮ ਨੇ ਵਿਦਿਆਰਥੀਆਂ ਨੂੰ ਡੇਂਗੂ ਅਤੇ ਚਿਕਨ ਗੁਨੀਏ ਦੇ ਖਾਤਮੇ ਪ੍ਰਤੀ ਜਾਣਕਾਰੀ ਦਿੱਤੀ। ਪਹੁੰਚੀ ਟੀਮ ਨੇ ਦੱਸਿਆ ਕਿ ਡੇਂਗੂ ਦੇ ਖਾਤਮੇ ਲਈ ਹਰ ਸੁਕਰਵਾਰ ਡਰਾਈ ਡੇ ਮਨਾਇਆ ਜਾ ਰਿਹਾ ਹੈ। ਕਿਉਂਕਿ ਡੇਂਗੂ ਦਾ ਮੱਛਰ ਹਫਤੇ ਵਿੱਚ ਅੰਡੇ ਤੋਂ ਮੱਛਰ ਬਣਦਾ ਹੈ, ਇਸ ਲਈ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟਰੇਆਂ ਅਤੇ ਹੋਰ ਪਾਣੀ ਦੇ ਭਾਂਡਿਆਂ ਨੂੰ ਹਫਤੇ ਦੇ ਹਰੇਕ ਸ਼ੁੱਕਰਵਾਰ ਨੂੰ ਸਾਫ ਕਰਕੇ ਸੁੱਕਾ ਰੱਖਿਆ ਜਾਵੇ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਵੀ ਵਿਦਿਆਰਥੀਆਂ ਨੂੰ ਡੇਂਗੂ ਮੱਛਰ ਤੋਂ ਸੁਚੇਤ ਰਹਿਣ ਦਾ ਸੁਨੇਹਾ ਦਿੱਤਾ।

ਐੱਨ ਪੀ ਐੱਸ ਮੁਲਾਜ਼ਮਾਂ ਦੀ ਜੀ ਪੀ ਐੱਫ ਕਟੌਤੀ ਤੁਰੰਤ ਸ਼ੁਰੂ ਕਰਨ ਦੀ ਮੰਗ

ਕੋਟਕਪੂਰਾ, (ਰਛਪਾਲ ਭੁੱਲਰ)- ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਅਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂਅ ਇੱਕ ਈਮੇਲ ਅਤੇ ਰਜਿਸਟਰਡ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਐਨ.ਪੀ.ਐਸ. ਮੁਲਾਜ਼ਮਾਂ ਦੀ ਤੁਰੰਤ ਜੀ.ਪੀ.ਐੱਫ. ਕਟੌਤੀ ਸੁਰੂ ਕੀਤੀ ਜਾਵੇ। ਪ.ਸ.ਸ.ਫ. ਦੇ ਸੂਬਾਈ ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਪੱਤਰ ਵਿੱਚ ਅੱਗੇ ਲਿਖਿਆ ਗਿਆ ਹੈ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਲਗਭਗ ਇੱਕ ਸਾਲ ਪਹਿਲਾਂ 21 ਅਕਤੂਬਰ 2022 ਨੂੰ ਪੰਜਾਬ ਦੇ ਸਮੂਹ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਇਸ ਲੜੀ ਨੂੰ ਅੱਗੇ ਤੋਰਦੇ ਹੋਏ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ 18 ਨਵੰਬਰ 2022 ਨੂੰ ਇੱਕ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੂੰ ਲਗਭਗ ਇੱਕ ਸਾਲ ਦਾ ਸਮਾਂ ਬੀਤਣ ਵਾਲਾ ਹੈ, ਪੰਜਾਬ ਮੰਤਰੀ ਮੰਡਲ ਦਾ ਫ਼ੈਸਲਾ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਅਮਲੀ ਰੂਪ ਵਿੱਚ ਲਾਗੂ ਨਹੀਂ ਕੀਤਾ ਗਿਆ।

ਉਨ੍ਹਾਂ ਅੱਗੇ ਲਿਖਿਆ ਹੈ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ ਅਤੇ ਹੋਰ ਸੂਬਾਈ ਲੀਡਰਸ਼ਿਪ ਦੀਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਸਬ ਕਮੇਟੀ ਦੇ ਮੈਂਬਰ ਅਮਨ ਅਰੋੜਾ ਤੇ ਕੁਲਦੀਪ ਸਿੰਘ ਧਾਲੀਵਾਲ ਨਾਲ 25 ਜੁਲਾਈ, 22 ਅਗਸਤ ਤੇ 31 ਅਗਸਤ ਨੂੰ ਮੀਟਿੰਗਾਂ ਵੀ ਹੋ ਚੁੱਕੀਆਂ ਹਨ, ਪਰ ਕੈਬਨਿਟ ਸਬ ਕਮੇਟੀ ਦੇ ਮੈਂਬਰਾਂ ਵੱਲੋਂ ਮੀਟਿੰਗਾਂ ਦੌਰਾਨ ਕੀਤਾ ਗਿਆ ਇੱਕ ਵੀ ਵਾਅਦਾ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ। ਹੁਣ ਤੱਕ ਵੀ ਜਨਵਰੀ 2004 ਤੋਂ ਬਾਅਦ ਭਰਤੀ ਹਰ ਮੁਲਾਜ਼ਮ ਦੀ ਇੰਪਲਾਈਜ ਸ਼ੇਅਰ ਅਤੇ ਸਟੇਟ ਸ਼ੇਅਰ ਦੇ ਨਾਂਅ 'ਤੇ ਪਹਿਲਾਂ ਦੀ ਤਰ੍ਹਾਂ ਹੀ ਕਟੌਤੀਆਂ ਹੋ ਰਹੀਆਂ ਹਨ। ਐਨ.ਪੀ.ਐਸ. ਅਧੀਨ ਹੁਣ ਤੱਕ ਸਬੰਧਤ ਮੁਲਾਜ਼ਮਾਂ ਦੀਆਂ ਕੀਤੀਆਂ ਗਈਆਂ ਕਟੌਤੀਆਂ ਦੀਆਂ ਰਕਮਾਂ ਵਾਪਸ ਮੁੜਨਾ ਤਾਂ ਬਹੁਤ ਦੂਰ ਦੀ ਗੱਲ ਬਣੀ ਹੋਈ ਹੈ।

ਆਗੂਆਂ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਪੰਜਾਬ ਸਰਕਾਰ ਅਜੇ ਤੱਕ ਸਬੰਧਤ ਮੁਲਾਜ਼ਮਾਂ ਦੇ ਜੀ.ਪੀ.ਐਫ਼. ਖਾਤੇ ਵੀ ਨਹੀਂ ਖੋਲ੍ਹ ਸਕੀ ਤੇ ਪਹਿਲਾਂ ਦੀ ਤਰ੍ਹਾਂ ਹੀ ਐਨ.ਪੀ.ਐਸ. ਅਧੀਨ ਕਟੌਤੀ ਕੀਤੀ ਜਾ ਰਹੀ ਹੈ, ਜਦਕਿ ਭਾਰਤ ਦੇਸ ਦੇ ਹੋਰ ਵੱਖ-ਵੱਖ ਰਾਜ ਜਿਵੇਂ ਰਾਜਸਥਾਨ, ਝਾਰਖੰਡ, ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼ ਆਦਿ ਸਰਕਾਰਾਂ ਨੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਸਬੰਧੀ ਫ਼ੈਸਲੇ ਲੈ ਕੇ ਸਵੈ ਸਪੱਸ਼ਟ ਨੋਟੀਫਿਕੇਸ਼ਨ ਜਾਰੀ ਕਰਕੇ ਜੀ.ਪੀ.ਐੱਫ. ਫੰਡ ਕਟੌਤੀ ਸ਼ੁਰੂ ਕਰ ਚੁੱਕੀਆਂ ਹਨ, ਜਦਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਜਾਰੀ ਕੀਤਾ ਅਧੂਰਾ ਨੋਟੀਫਿਕੇਸ਼ਨ ਦੀ ਲਗਾਤਾਰਤਾ ਵਿੱਚ ਅਜੇ ਤੱਕ ਸਵੈ ਸਪੱਸ਼ਟ ਨੋਟੀਫਿਕੇਸ਼ਨ ਜਾਰੀ ਨਾ ਹੋਣ ਕਰਕੇ ਕਿਸੇ ਇੱਕ ਵੀ ਮੁਲਾਜ਼ਮ ਦੀ ਜੀ.ਪੀ.ਐੱਫ. ਕਟੌਤੀ ਅਜੇ ਤੱਕ ਸ਼ੁਰੂ ਨਹੀਂ ਹੋ ਸਕੀ। ਆਗੂਆਂ ਨੂੰ ਮੰਗ ਕੀਤੀ ਹੈ ਕਿ ਪੰਜਾਬ ਮੰਤਰੀ ਮੰਡਲ ਵੱਲੋਂ 21ਅਕਤੂਬਰ 2022 ਨੂੰ ਪੰਜਾਬ ਦੇ ਮੁਲਾਜ਼ਮਾਂ ਲਈ ਪੁਰਾਣੀ ਪੈਨਸਨ ਸਕੀਮ ਨੂੰ ਬਹਾਲ ਕਰਨ ਦੀ ਦਿੱਤੀ ਗਈ ਪ੍ਰਵਾਨਗੀ ਨੂੰ ਅਸਲ ਰੂਪ ਵਿੱਚ ਲਾਗੂ ਕਰਦੇ ਹੋਏ ਤੁਰੰਤ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਤੁਰੰਤ ਵਿਸਥਾਰ ਸਹਿਤ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ ਅਤੇ ਸੰਬੰਧਿਤ ਮੁਲਾਜ਼ਮਾਂ ਦੀ ਜੀ.ਪੀ.ਐੱਫ. ਫੰਡ ਕਟੌਤੀ ਤੁਰੰਤ ਸ਼ੁਰੂ ਕੀਤੀ ਜਾਵੇ ਤਾਂ ਜੁ ਸਬੰਧਤ ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਪਾਈ ਜਾ ਰਹੀ ਨਿਰਾਸ਼ਤਾ ਦੂਰ ਹੋ ਸਕੇ।

ਸਿਹਤ ਸੰਬੰਧੀ ਜਾਗਰੂਕਤਾ ਰੈਲੀ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) - ਅਸੀਂ ਆਪਣੇ ਮੁਢਲੇ ਹੱਕਾਂ ਤੋਂ ਵਾਕਿਫ ਹੁੰਦਿਆਂ ਹੋਇਆਂ ਵੀ ਮਾਨਸਿਕ ਸਿਹਤ ਪ੍ਰਤੀ ਪੂਰੀ ਤਰ੍ਹਾਂ ਨਾਲ ਸੁਚੇਤ ਨਹੀਂ ਹਾਂ, ਜਿਸ ਕਰਕੇ ਮਾਨਸਿਕ ਰੋਗੀਆਂ ਦੀ ਗਿਣਤੀ ਵਿੱਚ ਹੈਰਾਨੀਜਨਕ ਵਾਧਾ ਹੋ ਰਿਹਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸਿਵਲ ਸਰਜਨ ਫਤਿਹਗੜ੍ਹ ਸਾਹਿਬ, ਡਾ. ਦਵਿੰਦਰਜੀਤ ਕੌਰ ਨੇ "ਵਿਸ਼ਵ ਮਾਨਸਿਕ ਸਿਹਤ ਦਿਵਸ" ਦੇ ਮੌਕੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਕੋਰੋਨਾ ਕਾਲ ਤੋਂ ਹਾਲਾਤ ਹੋਰ ਵੀ ਚਿੰਤਾਜਨਕ ਬਣ ਗਏ ਹਨ ਅਤੇ ਮਾਨਸਿਕ ਸਿਹਤ ਵਿੱਚ ਆ ਰਹੇ ਨਿਘਾਰ ਕਾਰਨ ਨੌਜਵਾਨਾਂ ਦਾ ਨਸ਼ਿਆਂ ਵੱਲ ਦਿਨੋ ਦਿਨ ਰੁਝਾਨ ਵਧਦਾ ਜਾ ਰਿਹਾ ਹੈ ਤੇ ਖੁਦਕੁਸ਼ੀਆਂ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਮਾਨਸਿਕ ਸਿਹਤ ਪ੍ਰਤੀ ਸਹੀ ਜਾਣਕਾਰੀ ਨਾ ਹੋਣਾ ਤੇ ਸਮੇਂ ਸਿਰ ਇਹਨਾਂ ਅਲਾਮਤਾਂ ਨੂੰ ਪਛਾਣ ਕੇ ਇਸ ਦਾ ਇਲਾਜ ਨਾ ਹੋਣਾ ਹੀ ਇਸ ਦੇ ਘਾਤਕ ਨਤੀਜਿਆਂ ਦਾ ਕਾਰਨ ਹੈ। ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਬਲਕਾਰ ਸਿੰਘ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਿਹਨਤ ਕਰਨ ਦੇ ਬਾਵਜੂਦ ਜਦੋਂ ਵਿਅਕਤੀ ਨੂੰ ਕਾਮਯਾਬੀ ਨਹੀਂ ਮਿਲਦੀ ਤਾਂ ਨਿਰਾਸ਼ਤਾ ਆ ਘੇਰਦੀ ਹੈ ਤੇ ਹੌਸਲਾ ਨਾ ਮਿਲਣ ਕਾਰਨ ਉਹ ਵਿਅਕਤੀ ਮਾਨਸਿਕ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ। ਮਾਨਸਿਕ ਰੋਗਾਂ ਦੇ ਮਾਹਰ ਡਾਕਟਰ ਸਨਪ੍ਰੀਤ ਕੌਰ ਨੇ ਮਾਨਸਿਕ ਰੋਗ ਦੇ ਕਾਰਨ, ਚਿੰਨ੍ਹ ਤੇ ਨਿਸ਼ਾਨੀਆਂ ਅਤੇ ਇਸ ਦੇ ਇਲਾਜ ਸੰਬੰਧੀ ਸਰਕਾਰ ਵੱਲੋਂ ਜਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਐਡਵੋਕੇਟ ਜੇ.ਐੱਸ ਸਿੱਧੂ ਵੱਲੋਂ ਸੈਮੀਨਾਰ ਵਿੱਚ ਮਾਨਸਿਕ ਰੋਗ ਤੋਂ ਪੀੜਤ ਵਿਅਕਤੀ ਲਈ ਸਰਕਾਰ ਵੱਲੋਂ ਉਪਲੱਬਧ ਕਾਨੂੰਨੀ ਸੇਵਾਵਾਂ ਸੰਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ, ਜਦਕਿ ਸੀ.ਐੱਮ. ਦੀ ਪ੍ਰਯੋਗਸ਼ਾਲਾ ਵੱਲੋਂ ਪਹੁੰਚੇ ਗੁਰਸਬਦ ਸਿੰਘ ਨੇ ਮਾਨਸਿਕ ਰੋਗਾਂ ਤੋਂ ਬਚਣ ਲਈ ਯੋਗਾ ਦੇ ਲਾਭ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਮਾਨਸਿਕ ਰੋਗਾਂ ਦੇ ਮਾਹਰ ਡਾਕਟਰ ਅਸ਼ੋਕ ਕੁਮਾਰ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਕਸੀਤਿਜ ਸੀਮਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਜਸਵਿੰਦਰ ਕੌਰ, ਬੀਸੀਸੀ ਅਮਰਜੀਤ ਤੋਂ ਇਲਾਵਾ ਨਰਸਿੰਗ ਕਾਲਜ ਮੋਹਾਲੀ ਦੇ ਸਿਖਿਆਰਥੀ ਹਾਜ਼ਰ ਸਨ।

ਮੁਲਤਾਨੀਆ ਪੁਲ ਨੂੰ ਢਾਹ ਕੇ ਦੁਬਾਰਾ ਉਸਾਰੀ ਦੇ ਮੱਦੇਨਜ਼ਰ ਆਵਾਜਾਈ ਲਈ ਨਵਾਂ ਰੂਟ ਪਲਾਨ ਜਾਰੀ

ਬਠਿੰਡਾ, ਸੰਗਤ ਮੰਡੀ, (ਰਾਜਦੀਪ ਜੋਸ਼ੀ) ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਥਾਨਕ ਮੁਲਤਾਨੀਆ ਪੁਲ ਨੂੰ ਢਾਅ ਕੇ ਇਸ ਦੀ ਦੁਬਾਰਾ ਉਸਾਰੀ ਕੀਤੀ ਜਾਵੇਗੀ। ਇਸ ਪੁੱਲ ਨੂੰ ਢਾਹੁਣ ਦਾ ਕੰਮ ਜਲਦ ਹੀ ਸ਼ੁਰੂ ਕੀਤਾ ਜਾਵੇਗਾ, ਜਿਸ ਦੇ ਮੱਦੇਨਜ਼ਰ ਪੁਲ ਨੂੰ ਆਵਾਜਾਈ ਲਈ ਮੁਕੰਮਲ ਤੌਰ 'ਤੇ ਬੰਦ ਕਰਦੇ ਹੋਏ ਇਸ ਪੁਲ ਦਾ ਡਾਈਵਰਸ਼ਨ ਰੂਟ ਪਲਾਨ ਤਿਆਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਮੁਲਤਾਨੀਆ ਪੁੱਲ ਨੂੰ ਅਗਲੇ ਹੁਕਮਾਂ ਤੱਕ ਬੰਦ ਕੀਤਾ ਜਾਂਦਾ ਹੈ। ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ ਕੁਲਬੀਰ ਸਿੰਘ ਸੰਧੂ ਨੇ ਦੱਸਿਆ ਕਿ ਮਿੱਤਲ ਟਾਵਰ ਵਾਲੇ ਪਾਸੇ ਤੋਂ ਆਉਣ ਵਾਲੇ ਦੋ ਪਹੀਆ ਵਹੀਕਲਾਂ ਵਾਲੇ ਯਾਤਰੀਆਂ ਲਈ ਠੰਡੀ ਸੜਕ ਹੁੰਦੇ ਹੋਏ ਰੇਲਵੇ ਅੰਡਰ ਬ੍ਰਿਜ਼ ਲੰਘ ਕੇ ਗੋਲ ਡਿੱਗੀ ਹੁੰਦੇ ਹੋਏ ਹਨੂੰਮਾਨ ਚੌਂਕ ਤੋਂ ਅੱਗੇ ਜਾਇਆ-ਆਇਆ ਜਾ ਸਕਦਾ ਹੈ ਜਾਂ ਸੰਗੂਆਣਾ ਬਸਤੀ ਤੋਂ ਹੁੰਦੇ ਹੋਏ ਪਟਿਆਲਾ ਫ਼ਾਟਕ ਲੰਘ ਕੇ ਨਵੇਂ ਬਣ ਰਹੇ ਪੁਲ ਦੇ ਨਾਲ-ਨਾਲ ਹੁੰਦੇ ਹੋਏ ਰਾਮ ਬਾਗ ਤੋਂ ਦਾਣਾ ਮੰਡੀ ਹੁੰਦੇ ਹੋਏ ਸ਼ਹਿਰ ਚ ਆਇਆ-ਜਾਇਆ ਜਾ ਸਕਦਾ ਹੈ।

ਉਨ੍ਹਾਂ ਹੋਰ ਦੱਸਿਆ ਕਿ ਦੋ ਪਹੀਆ ਵਾਹਨਾਂ ਲਈ ਸ਼ਹਿਰ ਚੋਂ ਜਾਣ ਵਾਲੇ ਯਾਤਰੀਆਂ ਲਈ ਪਰਸਰਾਮ ਨਗਰ ਤੋਂ ਹੁੰਦੇ ਹੋਏ ਸਰਹੰਦ ਕੈਨਾਲ ਦੇ ਨਾਲ-ਨਾਲ ਜਨਤਾ ਨਗਰ ਤੇ ਐਨਐਚ 7 ਜਾਂ ਰਿੰਗ ਰੋਡ ਤੇ ਜਾਇਆ-ਆਇਆ ਜਾ ਸਕਦਾ ਹੈ। ਇਸੇ ਤਰ੍ਹਾਂ ਉਨ੍ਹਾਂ ਚਾਹ ਪਹੀਆ ਵਾਹਨਾਂ ਦੇ ਰੂਟ ਪਲਾਨ ਬਾਰੇ ਦੱਸਿਆ ਕਿ ਕਿਸਾਨ ਚੌਂਕ ਤੋਂ ਹੁੰਦੇ ਮਲੋਟ ਰੋਡ ਜਾਂ ਡਬਵਾਲੀ ਰੋਡ ਤੋਂ ਬਠਿੰਡਾ ਸ਼ਹਿਰ ਚ ਆਇਆ-ਜਾਇਆ ਜਾ ਸਕਦਾ ਹੈ। ਉਨ੍ਹਾਂ ਚਾਹ ਪਹੀਆ ਵਾਹਨਾਂ ਬਾਰੇ ਹੋਰ ਦੱਸਿਆ ਕਿ ਸ਼ਹਿਰ ਵਿੱਚੋਂ ਆਊਟਰ ਰਿੰਗ ਰੋਡ ਜਾਂ ਫ਼ਿਰ ਡੱਬਵਾਲੀ ਰੋਡ ਤੋਂ ਹੁੰਦੇ ਹੋਏ ਕਿਸਾਨ ਚੌਂਕ ਤੋਂ ਜਾਇਆ-ਆਇਆ ਜਾ ਸਕਦਾ ਹੈ।

ਕਾਤਰਾਂ

ਚੁਪਕੀਤੀ ਦੇ ਪੰਚਾਇਤ ਮੈਂਬਰ ਸਾਥੀਆਂ ਸਮੇਤ 'ਆਪ' 'ਚ ਸ਼ਾਮਲ

ਮੋਗਾ (ਅਮਰਜੀਤ ਬੱਬਰੀ) ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਮੋਗਾ ਵਿਧਾਨਸਭਾ ਹਲਕੇ ਦੇ ਪਿੰਡ ਚੁਪਕੀਤੀ ਵਿਖੇ ਪੰਚਾਇਤ ਮੈਂਬਰ ਗੁਰਮੀਤ ਕੌਰ ਆਪਣੇ ਸਾਥੀਆਂ ਚਰਨਜੀਤ ਕੌਰ, ਗੁਰਜੀਤ ਕੌਰ, ਛਿੰਦਰ ਕੌਰ, ਪਰਮਜੀਤ ਕੌਰ, ਜਗਜੀਤ ਸਿੰਘ, ਸਤਪਾਲ ਸਿੰਘ, ਰਾਜੂ ਸਿੰਘ, ਮਨੀ ਸਿੰਘ ਸਹਿਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ, ਜਿਨ੍ਹਾਂ ਨੂੰ ਹਲਕਾ ਮੋਗਾ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਨਗਰ ਨਿਗਮ ਮੋਗਾ ਦੇ ਮੇਅਰ ਬਲਜੀਤ ਸਿੰਘ ਚਾਨੀ ਨੇ ਪਾਰਟੀ 'ਚ ਸ਼ਾਮਲ ਕਰਦਿਆਂ ਉਹਨਾਂ ਨੂੰ ਆਮ ਆਦਮੀ ਪਾਰਟੀ ਦਾ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਇਸ਼ ਮੌਕੇ ਹਲਕਾ ਵਿਧਾਇਕ ਡਾ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਪ੍ਰਭਾਵਤ ਹੋ ਕੇ ਅੱਜ ਹਰ ਵਰਗ ਪਾਰਟੀ ਨਾਲ ਜੁੜ ਰਿਹਾ ਹੈ।ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ

ਕਲਗੀਧਰ ਟਰੱਸਟ ਬੜੂ ਸਾਹਿਬ 'ਆਫਤ ਰਾਹਤ ਪਹਿਲਕਦਮੀ ਸਰਬੋਤਮ ਪੁਰਸਕਾਰ' ਨਾਲ ਸਨਮਾਨਤ

ਚੀਮਾ ਮੰਡੀ (ਰਵਿੰਦਰ ਚੀਮਾ)- ਕਲਗੀਧਰ ਟਰੱਸਟ ਬੜੂ ਸਾਹਿਬ ਨੂੰ 'ਸਰਬੋਤਮ ਆਫਤ ਰਾਹਤ ਪਹਿਲਕਦਮੀ 2023 ਪੁਰਸਕਾਰ' ਨਾਲ ਸਨਮਾਨਿਤ ਕੀਤਾ। ਉਕਤ ਪੁਰਸਕਾਰ ਬੜੂ ਸਾਹਿਬ ਟਰੱਸਟ ਦੇ ਮੁੱਖ ਸੇਵਾਦਾਰ ਡਾ. ਦਵਿੰਦਰ ਸਿੰਘ, ਡਾ. ਨੀਲਮ ਕੌਰ ਅਤੇ ਭਾਈ ਜਗਜੀਤ ਸਿੰਘ ਸੇਵਾਦਾਰ ਗੁਰਦਵਾਰਾ ਜਨਮ ਅਸਥਾਨ ਚੀਮਾ ਅਤੇ ਅਕਾਲ ਰਿਲੀਫ ਟੀਮ ਦੇ ਸਾਰੇ ਮੈਂਬਰਾਂ ਦੇ ਸ਼ਾਨਦਾਰ ਯਤਨਾਂ ਨੂੰ ਦਿੱਤਾ ਗਿਆ, ਜਿਨ੍ਹਾਂ ਨੇ ਕੁਦਰਤੀ ਤਬਾਹੀ ਦੇ ਪੀੜ੍ਹਤਾਂ ਲਈ ਰਾਹਤ ਪ੍ਰਦਾਨ ਕਰਨ ਲਈ ਦਿਨ-ਰਾਤ ਅਣਥੱਕ ਮਿਹਨਤ ਕੀਤੀ। ਜਿਕਰਯੋਗ ਹੈ ਕਿ ਭਾਰਤ ਦੇ ਵੱਖ-ਵੱਖ ਰਾਜਾਂ ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਹਰਿਆਣਾ 'ਚ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਲਈ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਗਈ। ਸੱਚਖੰਡ ਵਾਸੀ ਸੰਤ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜਾਂ 'ਚ ਯੋਗਦਾਨ ਪਾਉਣ ਲਈ ਭਾਰਤੀ ਸੀ ਐਸ ਆਰ ਪੁਰਸਕਾਰ ਗਰੁੱਪ ਵੱਲੋਂ ਨਵੀ ਦਿੱਲੀ ਵਿਖੇ ਕਰਵਾਏ ਪੁਰਸਕਾਰ ਸਮਾਰੋਹ ਦੌਰਾਨ ਕਲਗੀਧਰ ਟਰੱਸਟ ਦੇ ਸੇਵਾਦਾਰਾਂ ਨੂੰ ਭਾਰਤੀ ਸੀ ਐਸ ਆਰ ਟੀਮ ਸੰਸਥਾਪਕ ਗੌਰਵ ਭੱਲਾ ਅਤੇ ਲਕਸ਼ਮੀ ਅਗਰਵਾਲ ਨੇ ਇਹ ਪੁਰਸਕਾਰ ਭੇਟ ਕੀਤਾ। ਡਾ: ਦਵਿੰਦਰ ਸਿੰਘ, ਡਾ: ਨੀਲਮ ਕੌਰ ਅਤੇ ਭਾਈ ਜਗਜੀਤ ਸਿੰਘ (ਕਾਕਾ ਵੀਰ) ਨੇ ਇਸ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਵਿਸ਼ਵ 'ਚ ਸਾਕਾਰਾਤਮਕ ਪ੍ਰਭਾਵ ਪਾਉਣ ਦੇ ਆਪਣੇ ਮਿਸ਼ਨ ਲਈ ਹਮੇਸ਼ਾ ਵਚਨਵੱਧ ਰਹਾਂਗੇ।

ਦੁਗਾਲ ਦੇ ਸਕੂਲ ਅਧਿਆਪਕ ਸਨਮਾਨਤ

ਪਾਤੜਾਂ, (ਪੱਤਰ ਪ੍ਰੇਰਕ)-ਸਰਕਾਰੀ ਐਲੀਮੈਂਟਰੀ ਸਕੂਲ ਦੁਗਾਲ ਵਿਖੇ ਅੰਤਰਰਾਸ਼ਟਰੀ ਅਧਿਆਪਕ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਬਲਾਕ ਸਿੱਖਿਆ ਅਫਸਰ ਵੰਨ ਐਟ ਪਾਤੜਾਂ ਪ੍ਰੇਮ ਕੁਮਾਰ, ਸੈਂਟਰ ਹੈਡ ਟੀਚਰ ਦਫ਼ਤਰੀਵਾਲਾ ਕੁਲਵਿੰਦਰ ਸਿੰਘ ਅਤੇ ਸੈਂਟਰ ਹੈਡ ਟੀਚਰ ਸ਼ੁਤਰਾਣਾ ਜਗਤਾਰ ਸਿੰਘ ਵੱਲੋਂ ਸ਼ਿਰਕਤ ਕੀਤੀ ਗਈ। ਇਸ ਦੌਰਾਨ ਸਕੂਲ ਦੇ ਸਮੂਹ ਅਧਿਆਪਕਾਂ ਨੂੰ ਉਨ੍ਹਾਂ ਵੱਲੋਂ ਵਿੱਦਿਆ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ

ਜਗਰਾਉਂ (ਅਮਿਤ ਖੰਨਾ) ਰਾਮਗੜ੍ਹੀਆ ਵੈੱਲਫੇਅਰ ਕੌਂਸਲ ਰਜਿ 171 ਵੱਲੋਂ ਭਾਈ ਲਾਲੋ ਜੀ ਦਾ 571ਵਾਂ ਜਨਮ ਦਿਹਾੜਾ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਮਨਾਇਆ ਗਿਆ, ਜਿਸ ਵਿੱਚ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਰਾਗੀ ਬੱਗਾ ਸਿੰਘ ਤੇ ਹੈੱਡ ਗ੍ਰੰਥੀ ਬਲਦੇਵ ਸਿੰਘ ਵੱਲੋਂ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਸ ਤੋਂ ਬਾਅਦ ਗੁਰੂ ਦਾ ਲੰਗਰ ਛਕਾਇਆ ਗਿਆ। ਇਸ ਮੌਕੇ ਬਾਬਾ ਮੋਹਨ ਸਿੰਘ, ਸਰਪ੍ਰਸਤ ਕੁਲਵੰਤ ਸਿੰਘ ਪਨੇਸਰ, ਸੈਕਟਰੀ ਹਰਜਿੰਦਰ ਸਿੰਘ ਗੁੱਲੂ, ਖ਼ਜ਼ਾਨਚੀ ਸੁਰਜੀਤ ਸਿੰਘ, ਐਸ ਡੀਓ ਸੈਕਟਰੀ ਤਰਲੋਚਨ ਸਿੰਘ ਪਨੇਸਰ, ਸਲਾਹਕਾਰ ਹਰਜਿੰਦਰ ਸਿੰਘ ਧੰਜਲ, ਜਗਦੇਵ ਸਿੰਘ ਮਠਾੜੂ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਪ੍ਰਧਾਨ ਠੇਕੇਦਾਰ ਰਜਿੰਦਰ ਸਿੰਘ ਰਿੰਕੂ, ਠੇਕੇਦਾਰ ਜਗਦੇਵ ਸਿੰਘ ਮਠਾੜੂ, ਗੁਰਮੇਲ ਸਿੰਘ ਸੱਗੂ, ਗੁਰਿੰਦਰਜੀਤ ਸਿੰਘ ਸੈਂਬੀ, ਡਾ ਗੁਰਪ੍ਰੀਤ ਸਿੰਘ ਸੱਗੂ, ਮਨਮੋਹਨ ਸਿੰਘ ਕਲਸੀ, ਇੰਦਰਪ੍ਰੀਤ ਸਿੰਘ ਰੀਹਲ, ਹਰਭਜਨ ਸਿੰਘ ਰੀਹਲ, ਬਲਵੀਰ ਸਿੰਘ ਸਿਵੀਆ ,ਭਵਨਜੀਤ ਸਿੰਘ ਉੱਭੀ, ਹਾਕਮ ਸਿੰਘ ਸੀਹਰਾ ਕੁਲਦੀਪ ਸਿੰਘ ਸੀਹਰਾ ਆਦਿ ਹਾਜ਼ਰ ਸਨ।

ਕਿਰਤੀ ਕਾਲਜ ਨਿਆਲ ਦੇ ਜੇਤੂ ਵਿਦਿਆਰਥੀ ਸਨਮਾਨਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਚ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤਾ ਉਪਰਾਲਾ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਵਿਦਿਆਰਥੀਆਂ ਨੇ ਭਾਗ ਲਿਆ । ਇਨ੍ਹਾਂ ਖੇਡਾਂ ਦੇ ਮੁਕਾਬਲੇ ਜ਼ਿਲ੍ਹਾ ਪੱਧਰ 'ਤੇ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਗਏ ਜਿਸ ਵਿਚ ਕਾਲਜ ਦੀ ਕਬੱਡੀ ਦੀ ਟੀਮ ਨੇ ਤੀਜਾ ਸਥਾਨ ਅਤੇ ਬੇਸਬਾਲ ਦੀ ਟੀਮ ਨੇ ਦੂਜਾ ਸਥਾਨ ਹਾਸਿਲ ਕੀਤਾ। ਇਸ ਤੋਂ ਇਲਾਵਾ ਕਾਲਜ ਦੇ ਵਿਦਿਆਰਥੀਆਂ ਨੇ ਐਥਲੈਟਿਕ ਵਿੱਚ ਭਾਗ ਲਿਆ। ਜਿਸ ਵਿਚ 800 ਮੀਟਰ ਰੇਸ ਵਿੱਚ ਪਹਿਲਾ ਅਤੇ ਲੰਬੀ ਛਾਲ ਵਿਚ ਦੂਜਾ ਸਥਾਨ ਹਾਸਿਲ ਕੀਤਾ। ਇਸ ਤੋਂ ਇਲਾਵਾ ਵੱਖ-ਵੱਖ ਖੇਡ ਵੰਨਗੀਆਂ ਜਿਵੇਂ ਚੈੱਸ ਵਿਚ ਦੂਜਾ ਸਥਾਨ, ਜੂਡੋ ਵਿੱਚ ਪਹਿਲਾ ਅਤੇ ਕੁੜੀਆਂ ਦੀ ਸਰਕਲ ਕਬੱਡੀ ਟੀਮ ਵਿਚ ਕਾਲਜ ਦੀ ਵਿਦਿਆਰਥਣ ਸੁਨੀਲ ਕੌਰ ਨੇ ਵਿਅਕਤੀਗਤ ਤੌਰ 'ਤੇ ਭਾਗ ਲਿਆ ਤੇ ਜਿਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸ ਦੌਰਾਨ ਕਾਲਜ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਨੇ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਿਰਤੀ ਕਾਲਜ ਦੇ ਵਿਦਿਆਰਥੀਆਂ ਨੇ 32 ਮੈਡਲ ਵੱਖ ਵੱਖ ਖੇਡ ਈਵੈਂਟਾਂ ਵਿੱਚ ਹਾਸਲ ਕੀਤੇ ਹਨ ਅਤੇ ਇਹ ਖਿਡਾਰੀ ਇਸੇ ਤਰ੍ਹਾਂ ਤਿਆਰੀ ਕਰਦੇ ਰਹਿਣਗੇ ਅਤੇ ਸਟੇਟ ਪੱਧਰੀ ਖੇਡਾਂ ਜੋ ਲੁਧਿਆਣਾ ਵਿਖੇ ਹੋ ਰਹੀਆਂ ਹਨ ਵਿੱਚ ਵੀ ਇਸੇ ਤਰ੍ਹਾਂ ਮੱਲਾਂ ਮਾਰਨਗੇ। ਇਸ ਦੌਰਾਨ ਸਪੋਰਟਸ ਵਿਭਾਗ ਦੇ ਮੁਖੀ ਡਾ. ਅਨੁਰਾਗ ਨੇ ਇਨ੍ਹਾਂ ਖਿਡਾਰੀਆਂ ਨੂੰ ਵਧਾਈ ਦਿੰਦੇ ਕਿਹਾ ਕਿ ਖਿਡਾਰੀਆਂ ਨੂੰ ਇਸ ਤਰ੍ਹਾਂ ਉਤਸ਼ਾਹਿਤ ਕਰਦੇ ਰਹਿਣਗੇ ਤਾਂ ਜੋ ਉਹ ਵਿਦਿਆਰਥੀਆਂ ਸਟੇਟ ਲੈਵਲ ਦੀਆਂ ਖੇਡਾਂ ਵਿੱਚੋਂ ਵੀ ਮੈਡਲ ਜਿੱਤ ਕੇ ਕਾਲਜ ਤੇ ਇਲਾਕੇ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਕਾਲਜ ਦੇ ਭੂਗੋਲ ਵਿਭਾਗ ਦੇ ਪ੍ਰੋਫੈਸਰ ਹਰਮੀਤ ਸਿੰਘ ਨੇ 31 ਤੋਂ 40 ਸਾਲ ਦੀ ਉਮਰ ਵਰਗ ਵਿੱਚ 800 ਮੀਟਰ ਰੇਸ ਵਿਚ ਪਹਿਲਾ ਸਥਾਨ ਹਾਸਲ ਕੀਤਾ। ਇਸ ਦੌਰਾਨ ਪ੍ਰੋਫੈਸਰ ਅੰਮ੍ਰਿਤਪਾਲ, ਡਾ. ਗੁਰਜੀਤ ਸਿੰਘ, ਪ੍ਰੋਫੈਸਰ ਸੰਜੀਵ ਕੁਮਾਰ ਅਤੇ ਪ੍ਰੋਫੈਸਰ ਮਨਿੰਦਰ ਸਿੰਘ ਵੀ ਹਾਜ਼ਰ ਸਨ।

ਜ਼ਿਲ੍ਹਾ ਪੱਧਰੀ ਖੇਡਾਂ 'ਚ ਅੰਡਰ-17 ਕ੍ਰਿਕਟ ਲੜਕੀਆਂ ਦੇ ਮੁਕਾਬਲੇ ਕਰਾਏ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਅੰਡਰ-17 ਕ੍ਰਿਕਟ ਲੜਕੀਆਂ ਦੇ ਮੁਕਾਬਲੇ, ਜੋ ਪੋਲੀਟੈਕਨਿਕ ਕਾਲਜ ਫਿਰੋਜ਼ਪੁਰ ਵਿਖੇ ਕਰਾਏ ਗਏ।ਇਹ ਮੁਕਾਬਲੇ ਕਨਵੀਨਰ ਦਲਬੀਰ ਸਿੰਘ (ਲੈਕਚਾਰ ਸਰੀਰਿਕ ਸਿੱਖਿਆ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਗੇ ਕੇ ਪਿੱਪਲ ਦੀ ਅਗਵਾਈ ਹੇਠ ਕਰਾਏ ਗਏ।ਇਨ੍ਹਾਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਾ ਹਾਜ਼ੀ (ਫ਼ਿਰੋਜ਼ਪੁਰ-3) ਦੇ ਬੱਚਿਆ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣਾ ਤੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਨ੍ਹਾਂ ਬੱਚਿਆਂ ਦੀ ਅਗਵਾਈ ਜਗਦੀਪ ਸਿੰਘ ਲੈਕਚਰਾਰ ਸਰੀਰਿਕ ਸਿੱਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਾ ਹਾਜੀ ਤੇ ਮੋਨਿਕਾ ਰਾਣੀ ਡੀਪੀਈ ਸਰਕਾਰੀ ਸੈਕੰਡਰੀ ਸਕੂਲ ਲੱਖਾ ਹਾਜ਼ੀ ਕਰ ਰਹੇ ਹਨ।ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਾ ਹਾਜੀ ਸਕੂਲ ਦਾ ਫਾਈਨਲ ਮੈਚ ਡੀਸੀਐੱਮ ਸਕੂਲ ਦੇ ਬੱਚਿਆਂ ਨਾਲ ਹੋਇਆ।

ਦੋਵਾਂ ਟੀਮਾਂ ਨੇ ਆਪਣੀ ਵਧੀਆ ਖੇਡ ਦਿਖਾਈ।ਲੱਖਾ ਹਾਜੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਦਾ ਫ਼ੈਸਲਾ ਲਿਆ, ਜਿਸ ਵਿੱਚ ਸਾਹਮਣੇ ਵਾਲੀ ਟੀਮ ਨੂੰ 10 ਓਵਰ ਵਿੱਚ 75 ਸਕੋਰ ਦਾ ਟਾਰਗੇਟ ਦਿੱਤਾ, ਪਰ ਸ਼ਾਨਦਾਰ ਬਾਲਿੰਗ ਕਰਦੇ ਹੋਏ ਲੱਖਾ ਹਾਜੀ ਟੀਮ ਨੇ 10 ਓਵਰ ਵਿੱਚ ਸਿਰਫ 48 ਸਕੋਰ ਹੀ ਬਨਣ ਦਿੱਤੇ ਅਤੇ 26 ਸਕੋਰ ਨਾਲ ਮੈਚ ਜਿੱਤ ਕੇ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਕ੍ਰਿਕਟ ਮੈਚ ਦੀ ਜਿੱਤ ਤੇ ਖਿਡਾਰੀ ਵਿਦਿਆਰਥੀਆਂ ਦੀ ਟੀਮ ਨੂੰ ਅਤੇ ਅਗਵਾਈ ਕਰਦੇ ਅਧਿਆਪਕਾਂ ਨੂੰ ਸਕੂਲ ਦੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਵਧਾਈ ਦਿੱਤੀ।

ਡਾਕ ਦਿਵਸ ਮੌਕੇ ਵਿਦਿਆਰਥੀਆਂ ਨੂੰ ਲਿਜਾਇਆ ਗਿਆ ਡਾਕਘਰ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ) ਡਾਕ ਹਫਤੇ ਦੌਰਾਨ ਅੱਜ ਰਾਸ਼ਟਰੀ ਡਾਕ ਦਿਵਸ ਮੌਕੇ ਜੇ ਕੇ ਐੱਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਡਾਕਘਰ ਲਿਜਾਇਆ ਗਿਆ। ਹਰ ਸਾਲ ਡਾਕ ਦਿਵਸ ਮਨਾਉਣ ਲਈ ਥੀਮ ਰੱਖੀ ਜਾਂਦੀ ਹੈ। ਇਸ ਸਾਲ ਦਾ ਥੀਮ ਹੈ ਟੂਗੇਦਰ ਫਾਰ ਫੇਥ ਇੱਕ ਸੁਰੱਖਿਅਤ ਤੇ ਜੁੜੇ ਭਵਿੱਖ ਲਈ ਸਹਿਯੋਗ। ਭਾਰਤ ਵਿੱਚ ਹਰ ਸਾਲ 9 ਅਕਤੂਬਰ ਤੋਂ 15 ਅਕਤੂਬਰ ਤੱਕ ਰਾਸ਼ਟਰੀ ਡਾਕ ਹਫਤਾ ਮਨਾਇਆ ਜਾਂਦਾ ਹੈ। ਭਾਰਤ ਵਿੱਚ ਡਾਕ ਸੇਵਾ ਨੇ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਅਤੇ ਨਾਲ ਹੀ ਇਸ ਸੇਵਾ ਨੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਵੀ ਯੋਗਦਾਨ ਪਾਇਆ। ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ ਦੱਸਣ ਲਈ ਸਕੂਲ ਅਧਿਆਪਕ ਸੁਭਮ ਬਹਿਲ ਵਿਦਿਆਰਥੀਆਂ ਨੂੰ ਡਾਕਖਾਨੇ ਲੈ ਕੇ ਗਏ। ਉੱਥੇ ਸ੍ਰੀਮਤੀ ਸੁਮਨ ਬਾਲਾ ਅਤੇ ਸ੍ਰੀ ਮਨਮੋਹਨ ਸਿੰਘ ਕਪੂਰ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਮੂੰਹ ਮਿੱਠਾ ਕਰਵਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੋਸਟਲ ਵੀਕ ਦੀ ਮਹੱਤਤਾ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਨਵੇਂ ਖਾਤਿਆਂ, ਸਕੀਮਾਂ ਤੋਂ ਜਾਣੂ ਕਰਵਾਇਆ ਆਨਲਾਇਨ ਲੈਣ-ਦੇਣ ਅਤੇ ਸਮੇਂ ਦੇ ਨਾਲ ਡਾਕ ਦੇ ਕੰਮਾਂ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਦੱਸਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਅਜਿਹੀ ਅਹਿਮ ਜਾਣਕਾਰੀ ਦੇਣ ਲਈ ਡਾਕ ਵਿਭਾਗ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

ਨੀਲਾਮੀ ਸੂਚੀ ਨੰ.	FZRPARCEL-53
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	25.10.2023 ਨੂੰ 10.30 ਵਜੇ
ਕੰਮ ਦਾ ਨਾਮ :ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 19614-F1, 19804-F1, 14606-F1, 12478-F1, 22552-F1, 12752-F1, 14504-R1, 14036-R1, 15212-R1, 22480-F1, 14036-F1, 14650-R1, 14036-F2, 22486-F1, 14616-F1, 14504-F1, 22706-F1, 12266-F1, 12492-F1, 12588-F1, 12414-VP & 12472-VP.	
ਨੀਲਾਮੀ ਸੂਚੀ ਨੰ.	FZRPARCEL-54
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	26.10.2023 ਨੂੰ 10.30 ਵਜੇ
ਕੰਮ ਦਾ ਨਾਮ :ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 19326-F1, 12030-F1, 19226-F1, 12426-F1, 19226-R1, 14505-R1, 12460-F1, 12242-F1, 12014-F1, 14508-R1, 14601-R1, 14601-F2, 14614-R1, 14505-F2, 22432-F1, 14674-R1. 22430-F1, 14508-F2, 14610-F1, 12412-F1, 14633-F1, 14633-F2, 14634-R1, 14624-F1, 14012-R1, 14674-F1, 14633-R1, 14634-F2, 14508-F1, 14624-F2, 14624-R1 & 12238-F1.	
ਨੀਲਾਮੀ ਸੂਚੀ ਨੰ.	FZRPARCEL-55
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	27.10.2023 ਨੂੰ 10.30 ਵਜੇ
ਕੰਮ ਦਾ ਨਾਮ :ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 19108-F1, 15098-F1, 15532-F1, 22942-F1, 11450-F1, 14012-F1, 22462-F1, 12238-F2, 14614-F1, 14505-F1, 14630-F1, 12476-F1, 14654-R1, 14654-F1, 19224-R1, 12238-R1, 14654-F2, 14634-F1, 14632-F1, 14632-R1, 14034-F1, 12446-F1, 19224-F1, 14682-F1, 12414-F1, 12498-F1, 14601-F1, 14630-R1 & 12032-F1.	
ਨੀਲਾਮੀ ਸੂਚੀ ਨੰ.	FZRPARCEL-56
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	28.10.2023 ਨੂੰ 11.00 ਵਜੇ
ਕੰਮ ਦਾ ਨਾਮ :ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 12470-F1, 20986-F1, 14612-F1, 12550-F1, 22402-F1, 12474-F1, 12920-F1, 12904-F1 & 15212-F1.	

ਵਿਸਤ੍ਰਿਤ ਜਾਣਕਾਰੀ ਅਤੇ ਰਜਿਸਟਰੇਸ਼ਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

3149/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਪਰਾਲੀ ਨੂੰ ਅੱਗ ਲਾਉਣੋਂ ਰੋਕਣ ਲਈ ਸਮਾਣਾ ਮੰਡੀ 'ਚ ਕਿਸਾਨ ਸਹਾਇਤਾ ਕੇਂਦਰ ਸਥਾਪਤ

ਸਮਾਣਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਪਟਿਆਲਾ ਜ਼ਿਲ੍ਹੇ ਦੇ ਖੇਤਾਂ ਵਿੱਚ ਪਰਾਲੀ ਸਾੜਨੋ ਰੋਕਣ ਲਈ ਸਮਾਣਾ ਮੰਡੀ ਵਿੱਚ ਕਿਸਾਨ ਸਹਾਇਤਾ ਕੇਂਦਰ ਸਥਾਪਤ ਕੀਤਾ ਗਿਆ ਹੈ। ਇੱਥੇ ਐਸ.ਡੀ.ਐਮ. ਚਰਨਜੀਤ ਸਿੰਘ ਨੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਖੇਤਾਂ ਵਿੱਚ ਪਰਾਲੀ ਤੇ ਹੋਰ ਫੂਸ ਨੂੰ ਅੱਗ ਨਾ ਲਗਾਕੇ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਮਸ਼ੀਨਾਂ ਨਾਲ ਸੰਭਾਲਣ ਜਾਂ ਫਿਰ ਇਸ ਨੂੰ ਖੇਤਾਂ ਵਿੱਚ ਹੀ ਮਿਲਾਉਣ। ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਬੇਲਰਾਂ ਤੇ ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਤੇ ਐਕਸ ਸੀਟੂ ਤੇ ਇਨਸੀਟੂ ਤਕਨੀਕਾਂ ਨਾਲ ਪਰਾਲੀ ਨੂੰ ਠਿਕਾਣੇ ਲਗਾਉਣ ਦੇ ਉਚੇਚੇ ਪ੍ਰਬੰਧ ਕੀਤੇ ਗਏ ਹਨ। ਇਸ ਲਈ ਕੋਈ ਵੀ ਕਿਸਾਨ ਅਗਲੀ ਫ਼ਸਲ ਬੀਜਣ ਲਈ ਕਾਹਲੀ ਵਿੱਚ ਖੇਤਾਂ 'ਚ ਪਰਾਲੀ ਨੂੰ ਅੱਗ ਨਾ ਲਗਾਵੇ। ਉਨ੍ਹਾਂ ਕਿਹਾ ਕਿ ਜਿਹੜਾ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਗਾਏਗਾ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ।

ਐਸ.ਡੀ.ਐਮ. ਚਰਨਜੀਤ ਸਿੰਘ ਨੇ ਕਿਸਾਨ ਮਿੱਤਰ ਵਟਸਐਪ ਚੈਟਬੋਟ ਬਾਰੇ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਵਟਸਐਪਚੈਟਬੋਟ ਦਾ ਨੰਬਰ7380016070ਸੇਵ ਕਰਕੇ ਇਸ ਵਿੱਚ ਅੰਗਰੇਜ਼ੀ 'ਚ ਐਸ.ਐਸ.ਏ ਜਾਂ ਕੋਈ ਵੀ ਹੋਰ ਸ਼ਬਦ ਟਾਈਪ ਕਰਕੇ ਆਪਣੇ ਨੇੜੇ ਉਪਲਬੱਧ ਮਸ਼ੀਨਰੀ ਨਾਲ ਦੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

ਗਊ ਭਲਾਈ ਕੈਂਪ ਲਗਾਇਆ

ਜਗਰਾਉ (ਅਮਿਤ ਖੰਨਾ) ਸ੍ਰੀ ਸਨਾਤਨ ਧਰਮ ਗੋਬਿੰਦ ਗੋਧਾਮ ਗਊਸ਼ਾਲਾ ਜਗਰਾਓਂ ਵਿਖੇ ਗਊ ਭਲਾਈ ਕੈਂਪ ਪਸ਼ੂ ਪਾਲਣ ਵਿਭਾਗ ਲੁਧਿਆਣਾ ਦੇ ਡਿਪਟੀ ਡਾਇਰੈਕਟਰ ਡਾ: ਪਰਮਦੀਪ ਸਿੰਘ ਵਾਲੀਆ ਦੀ ਦੇਖ ਰੇਖ ਹੇਠ ਲਗਾਇਆ ਗਿਆ। ਕੈਂਪ ਦਾ ਉਦਘਾਟਨ ਅਸ਼ੋਕ ਕੁਮਾਰ ਸਿੰਗਲਾ ਚੇਅਰਮੈਨ ਗਊ ਸੇਵਾ ਕਮਿਸ਼ਨ ਪੰਜਾਬ ਨੇ ਆਪਣੇ ਕਰ ਕਮਲਾਂ ਨਾਲ ਕੀਤਾ. ਕੈਂਪ ਦੌਰਾਨ ਗਊਸ਼ਾਲਾ 'ਚ ਮੌਜੂਦ ਗਊਆਂ ਦਾ ਮੌਕੇ 'ਤੇ ਚੈੱਕਅੱਪ ਅਤੇ ਇਲਾਜ ਕੀਤਾ ਗਿਆ। ਗਊ ਸੇਵਾ ਕਮਿਸ਼ਨ ਵੱਲੋਂ ਗਊਸ਼ਾਲਾ ਨੂੰ ਦਵਾਈਆਂ ਦਾਨ ਕੀਤੀਆਂ ਗਈਆਂ। ਇਸ ਮੌਕੇ ਗਊਸ਼ਾਲਾ ਦੇ ਸਰਪ੍ਰਸਤ ਜਗਦੀਸ਼ ਓਹਰੀ, ਪ੍ਰਧਾਨ ਬਿਪਨ ਅਗਰਵਾਲ ਅਤੇ ਮੈਂਬਰਾਂ ਨੇ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਨੂੰ ਮੰਗ ਪੱਤਰ ਦਿੰਦਿਆਂ ਮੰਗ ਕੀਤੀ ਕਿ ਗਊਸ਼ਾਲਾ 'ਚ ਸ਼ੈੱਡ ਅਤੇ ਫ਼ਰਸ਼ ਦੀ ਜ਼ਰੂਰਤ ਨੂੰ ਦੇਖਦੇ ਹੋਏ ਇਸ ਨੂੰ ਪੂਰਾ ਕਰਵਾਇਆ ਜਾਵੇ। ਇਸ ਮੌਕੇ ਐੱਸ ਡੀ ਐੱਮ ਮਨਜੀਤ ਕੌਰ, ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਲ ਰਾਣਾ, ਐੱਮ ਸੀ ਅਮਨ ਕਪੂਰ ਬੌਬੀ, ਐੱਮ ਸੀ ਮੇਸ਼ੀ ਸਹੋਤਾ, ਐੱਮ ਸੀ ਜੱਸੀ ਹਾਜ਼ਰ ਸਨ।

ਮਾਨ ਵੱਲੋਂ ਬਿਨਾਂ ਕਿਸੇ ਭੇਦਭਾਵ ਤੋਂ ਕੀਤੇ ਜਾ ਰਹੇ ਵਿਕਾਸ ਕਾਰਜ : ਰਾਮਪੁਰਾ

ਸੰਗਰੂਰ (ਪ੍ਰਵੀਨ ਸਿੰਘ) - ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਦੇ ਹੁਕਮਾਂ ਮੁਤਾਬਿਕ ਪਿੰਡ ਹਰੇੜੀ ਵਿਖੇ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਪਿੰਡ ਵਾਸੀਆਂ ਦੀ ਸਹੂਲਤ ਲਈ ਠੰਡੇ ਪਾਣੀ ਦਾ ਵਾਟਰ ਕੂਲਰ ਅਤੇ ਆਰ ਓ ਸਿਸਟਮ ਲਗਵਾਇਆ ਗਿਆ, ਜਿਸਦਾ ਉਦਘਾਟਨ ਬਲਾਕ ਸੰਮਤੀ ਦੇ ਚੇਅਰਮੈਨ ਮਿਸਰਾ ਸਿੰਘ, ਪਾਰਟੀ ਦੇ ਜਥੇਬੰਦਕ ਸਕੱਤਰ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਸੀਨੀਅਰ ਆਗੂ ਭੁਪਿੰਦਰ ਸਿੰਘ ਗਰੇਵਾਲ ਅਤੇ ਸਰਪੰਚ ਹਰਦੀਪ ਕੌਰ ਸਮੇਤ ਹਾਜ਼ਰ ਪਿੰਡ ਦੀ ਪੰਚਾਇਤ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

ਇਸ ਤੋਂ ਪਹਿਲਾਂ ਪਾਰਟੀ ਆਗੂਆਂ ਨੇ ਪਿੰਡ ਵਾਸੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਜਲਦੀ ਤੋਂ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

ਉਦਘਾਟਨ ਮੌਕੇ ਹਾਜ਼ਰ ਪਿੰਡ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਦੌਰਾਨ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ ਨੇ ਐਮ.ਪੀ. ਸੰਗਰੂਰ ਸਿਮਰਨਜੀਤ ਸਿੰਘ ਮਾਨ ਵੱਲੋਂ ਆਪਣੇ ਕਰੀਬ ਡੇਢ ਸਾਲ ਦੇ ਮੈਂਬਰ ਪਾਰਲੀਮੈਂਟ ਕਾਰਜਕਾਲ ਦੌਰਾਨ ਹਲਕੇ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਮ.ਪੀ. ਸੰਗਰੂਰ ਵੱਲੋਂ ਪੂਰੇ ਲੋਕ ਸਭਾ ਹਲਕੇ ਵਿੱਚ ਬਿਨ੍ਹਾਂ ਕਿਸੇ ਪੱਖਪਾਤ ਤੋਂ ਪਾਰਟੀਬਾਜੀ ਤੋਂ ਉੱਪਰ ਉਠ ਕੇ ਗ੍ਰਾਂਟਾ ਵੰਡੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਹਲਕੇ ਦੀ ਬਿਹਤਰੀ ਲਈ ਕਈ ਅਹਿਮ ਪ੍ਰੋਜੈਕਟ ਵੀ ਕੇਂਦਰ ਸਰਕਾਰ ਤੋਂ ਪਾਸ ਕਰਵਾਏ ਹਨ, ਜਿਨ੍ਹਾਂ ਵਿੱਚੋਂ ਇਲਾਕੇ ਦੀਆਂ ਅਨੇਕਾਂ ਹੀ ਸੜਕਾਂ ਦਾ ਨਵੀਨੀਕਰਨ ਅਤੇ ਪੂਰੇ ਲੋਕ ਸਭਾ ਹਲਕੇ ਦਾ ਕਰੋੜਾਂ ਰੁਪਏ ਦੀ ਲਾਗਤ ਨਾਲ ਮੁਕੰਮਲ ਬਿਜਲੀ ਨਵੀਨੀਕਰਨ ਦਾ ਪ੍ਰੋਜੈਕਟ ਅਹਿਮ ਹਨ। ਸੀਨੀਅਰ ਆਗੂ ਭੁਪਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਬਹੁਤ ਸਾਰੇ ਲੋਕ ਸਰਕਾਰੀ ਲੋਕ ਭਲਾਈ ਸਕੀਮਾਂ ਦੀ ਜਾਣਕਾਰੀ ਨਾ ਹੋਣ ਕਰਕੇ ਲਾਭ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ, ਜਿਨ੍ਹਾਂ ਵਾਸਤੇ ਸ੍ਰੋਮਣੀ ਅਕਾਲੀ ਦਲ (ਅ) ਵੱਲੋਂ ਪਿੰਡ-ਪਿੰਡ ਜਾ ਕੇ ਕੈਂਪ ਲਗਾਏ ਜਾ ਰਹੇ ਹਨ।

ਬੁੱਲੇਵਾਲ ਦਾ ਦੰਗਲ ਮੇਲਾ ਖੰਨਾ ਤੇ ਫਲਾਹੀ ਦੇ ਨਾਂਅ ਰਿਹਾ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) - ਨੇੜਲੇ ਪਿੰਡ ਬੁੱਲੇਵਾਲ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਛਿੰਝ ਕਮੇਟੀ ਵਲੋਂ 8ਵਾਂ ਸਾਲਾਨਾ ਦੰਗਲ ਮੇਲਾ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਦਰਸ਼ਕਾਂ ਨੇ ਭਾਗ ਲੈ ਕੇ 150 ਤੋਂ ਵੱਧ ਕੁਸ਼ਤੀਆਂ ਦਾ ਆਨੰਦ ਮਾਣਿਆ। ਦੰਗਲ ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਦਲਜੀਤ ਸਿੰਘ ਬੁੱਲੇਵਾਲ, ਪ੍ਰਧਾਨ ਜਸਵੰਤ ਸਿੰਘ ਤੇ ਹਰਵਿੰਦਰ ਸਿੰਘ ਨੇ ਦੱਸਿਆ ਕਿ ਝੰਡੀ ਦੀ ਕੁਸ਼ਤੀ ਵਿਚ ਰੁਬਲ ਖੰਨਾ ਨੇ ਰਵਨੀਤ ਦਿੱਲੀ ਨੂੰ ਹਰਾ ਕੇ ਅਤੇ ਦੂਸਰੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਨੇ ਇਰਾਨੀ ਨੂੰ ਚਿੱਤ ਕਰਕੇ ਜਿੱਤੀਆਂ। ਜੇਤੂ ਪਹਿਲਵਾਨਾਂ ਨੂੰ ਮੁੱਖ ਮਹਿਮਾਨ ਜਥੇਦਾਰ ਬਾਬਾ ਸਰਵਣ ਸਿੰਘ ਰਸਾਲਦਾਰ, ਸਿੰਘ, ਵਿੱਕੀ ਬੁੱਲੇਵਾਲ, ਦਿਆਲ ਸਿੰਘ, ਹਰਿੰਦਰ ਸਿੰਘ, ਪਰਮਿੰਦਰ ਸਿੰਘ, ਗੁਰਮੁਖ ਸਿੰਘ, ਪ੍ਰੇਮ ਸਿੰਘ, ਜਸਪਾਲ ਸਿੰਘ, ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਹਰੀ ਸਿੰਘ ਆਦਿ ਨੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਦੰਗਲ ਮੇਲੇ ਦਾ ਅੱਖੀਂ ਡਿੱਠਾ ਹਾਲ ਸ਼ਿਵ ਬੈਂਸ ਨੇ ਸੁਣਾਇਆ। ਇਸ ਮੌਕੇ ਬਾਬਾ ਦੀਪਾ ਫਲਾਹੀ, ਚਰਨਜੀਤ ਲੱਖੋਵਾਲ, ਪੀ.ਏ. ਸੁਖਵਿੰਦਰ ਸਿੰਘ ਗਿੱਲ, ਵਿਨੀਤ ਕੁਮਾਰ ਝੜੌਦੀ, ਬਿੰਦਰ ਉਧੋਵਾਲ, ਹਰਪ੍ਰੀਤ ਸਿੰਘ ਸੋਨਾ, ਸਤਨਾਮ ਝੜੌਦੀ, ਅਸ਼ੋਕ ਕੁਮਾਰ ਸਤਿਆਣਾ, ਗਗਨਦੀਪ ਸਿੰਘ ਖੁਰਾਣਾ, ਦਲਜੀਤ ਸਿੰਘ ਬਾਲੀ, ਗੁਰਨਾਮ ਸਿੰਘ ਖਾਲਸਾ, ਗੁਰਪ੍ਰੀਤ ਮਿੱਟੂ, ਛਿੰਦਾ ਠੇਕੇਦਾਰ, ਮੋਹਣ ਸਿੰਘ ਲੱਖੋਵਾਲ, ਕੁਲਵਿੰਦਰ ਸਿੰਘ ਰਹੀਮਾਬਾਦ ਆਦਿ ਵੀ ਮੌਜੂਦ ਸਨ। ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਅਕਾਲੀ ਆਗੂ ਪਰਮਜੀਤ ਸਿੰਘ ਢਿੱਲੋਂ ਅਤੇ ਪ੍ਰਬੰਧਕ ਕਮੇਟੀ ਦੇ ਨੰਬਰਦਾਰ ਅਵਤਾਰ ਸਿੰਘ, ਦਰਸ਼ਨ ਸਿੰਘ, ਸਤਨਾਮ ਸਿੰਘ, ਸਰਬਜੀਤ ਸਿੰਘ, ਮਨਪ੍ਰੀਤ ਮੰਨਾ, ਕਿਸ਼ਨ ਸੈਣੀ, ਮਹਿੰਦਰ

ਦਹੀਆ ਨੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਾਈ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਕਿਸਾਨਾਂ ਦੀ ਫ਼ਸਲ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ ਤੇ ਝੋਨੇ ਦੀ ਖਰੀਦ ਵਿੱਚ ਕਿਸੇ ਕਿਸਮ ਦਾ ਭ੍ਰਿਸ਼ਟਾਚਾਰ ਸਹਿਣ ਨਹੀਂ ਕੀਤਾ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਐੱਮਐੱਲਏ ਐਡਵੋਕੇਟ ਰਜ਼ਨੀਸ਼ ਕੁਮਾਰ ਦਹੀਆ ਨੇ ਮਮਦੋਟ ਵਿਖੇ ਮੁੱਖ ਮੰਡੀ ਵਿੱਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਾਉਣ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਨੇ ਝੋਨੇ ਦੀ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਹਨ।ਕਿਸਾਨਾਂ ਤੇ ਆੜ੍ਹਤੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।ਬਾਰਦਾਨੇ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਅਨੁਮਾਨ ਮੁਤਾਬਕ ਜਿੰਨੀ ਫਸਲ ਮੰਡੀਆਂ ਵਿੱਚ ਪੁੱਜਣ ਦੀ ਉਮੀਦ ਹੈ, ਉਸ ਤੋਂ ਵੱਧ ਬਾਰਦਾਨੇ ਦਾ ਪ੍ਰਬੰਧ ਕੀਤਾ ਗਿਆ ਹੈ ।ਉਨ੍ਹਾਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ ਤੇ ਆੜ੍ਹਤੀਆਂ ਨੂੰ ਵੀ ਕਿਹਾ ਕਿ ਜੇਕਰ ਕਿਸੇ ਨੂੰ ਫੜ੍ਹ ਨਾਲ ਸਬੰਧਤ ਜਾਂ ਹੋਰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਮਾਰਕੀਟ ਕਮੇਟੀ ਸਕੱਤਰ ਨਾਲ ਸੰਪਰਕ ਕਰ ਸਕਦੇ ਹਨ ਤਾਂ ਜੁ ਸਮੱਸਿਆ ਦਾ ਸਹੀ ਹੱਲ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਲਿਫਟਿੰਗ ਦਾ ਕੰਮ ਵੀ ਤੇਜ਼ੀ ਨਾਲ ਮੁਕੰਮਲ ਕੀਤਾ ਜਾਵੇਗਾ।ਇਸ ਮੌਕੇ ਮਮਦੋਟ ਤੋਂ 'ਆਪ' ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਰੌਬੀ ਸੰਧੂ, ਬਿਕਰਮਜੀਤ ਸਿੰਘ ਮਮਦੋਟ ਮੰਡੀ ਸਕੱਤਰ, ਉਪਿੰਦਰ ਸਿੰਘ ਸਿੰਧੀ ਨਗਰ ਪੰਚਾਇਤ ਪ੍ਰਧਾਨ, ਬਾਬਾ ਬਲਜੀਤ ਐਮਸੀ, ਨਿਰਵੈਰ ਸਿੰਘ ਸਿੰਧੀ, ਬਲਵਿੰਦਰ ਸਿੰਘ ਰਾਉ ਕੇ, ਗੁਰਨਾਮ ਸਿੰਘ ਹਜ਼ਾਰਾ, ਬਲਵਿੰਦਰ ਸਿੰਘ ਲੱਡੂ, ਬਗੀਚਾ ਸਿੰਘ, ਡਾਕਟਰ ਦਲਜੀਤ, ਸੋਨੂੰ ਸੇਠੀ ਐੱਮਸੀ, ਬੋਹੜ ਸਿੰਘ, ਬਾਜ ਸਿੰਘ ਐੱਮਸੀ, ਸੰਜੀਵ ਧਵਨ, ਸ਼ਿੰਗਾਰਾ ਸਿੰਘ, ਗੁਰਪ੍ਰੀਤ ਗੋਪੀ ਤੇ ਹੋਰ ਵੀ ਹਾਜ਼ਰ ਸਨ।

ਤਿਉਹਾਰ ਵਿਸ਼ੇਸ਼ ਰੇਲਗੱਡੀਆਂ-2023 ਦੀ ਸੰਖਿਆ ਵਿਚ ਵਾਧਾ

ਆਉਂਦੇ ਤਿਉਹਾਰਾਂ ਦੇ ਮੱਦੇਨਜ਼ਰ, ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉਤਰ ਰੇਲਵੇ ਦੁਆਰਾ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਹੇਠਾਂ ਦਿਤੇ ਗਏ ਟਾਈਮ-ਟੇਬਲ ਦੇ ਅਨੁਸਾਰ ਸੰਚਾਲਿਤ ਕੀਤੀਆਂ ਜਾਣਗੀਆਂ:-

04518/04517 ਚੰਡੀਗੜ੍ਹ-ਗੋਰਖਪੁਰ-ਚੰਡੀਗੜ੍ਹ ਰੀਜ਼ਰਵ ਤਿਉਹਾਰ ਵਿਸ਼ੇਸ਼ ਐਕਸਪ੍ਰੈਸ — 10 ਫੇਰੇ

ਰੇਲਗੱਡੀ ਨੰ.04518 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04517 ਪਹੁੰਚ	ਰਵਾਨਗੀ
—	23:15	ਚੰਡੀਗੜ੍ਹ	14:10	—
18:20	—	ਗੋਰਖਪੁਰ	—	22:05

ਚਲਣ ਦੇ ਦਿਨ: 04518 ਚੰਡੀਗੜ੍ਹ ਤੋਂ ਹਰੇਕ ਵੀਰਵਾਰ ਨੂੰ ਮਿਤੀ 02.11.2023 ਤੋਂ 30.11.2023 ਤਕ ਅਤੇ 04517 ਗੋਰਖਪੁਰ ਤੋਂ ਹਰੇਕ ਸ਼ੁਕਰਵਾਰ ਨੂੰ ਮਿਤੀ 03.11.2023 ਤੋਂ 01.12. 2023 ਤਕ
ਠਹਿਰਾਓ : ਅੰਬਾਲਾ ਛਾਉਣੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਬਾਰਾਬੰਕੀ, ਗੋਂਡਾ ਅਤੇ ਬਸਤੀ ਸਟੇਸ਼ਨ।
ਸਥਾਨ: ਫਸਟ ਏਸੀ, ਸਹਿ 2 ਟੀਯਰ ਏਸੀ., 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਰਨਲ

04530/04529 ਬਠਿੰਡਾ-ਵਾਰਾਨਸੀ-ਬਠਿੰਡਾ ਰੀਜ਼ਰਵ ਤਿਉਹਾਰ ਵਿਸ਼ੇਸ਼ ਐਕਸਪ੍ਰੈਸ — 16 ਫੇਰੇ

ਰੇਲਗੱਡੀ ਨੰ.04530 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04529 ਪਹੁੰਚ	ਰਵਾਨਗੀ
—	20:55	ਬਠਿੰਡਾ	19:10	—
17:30	—	ਵਾਰਾਨਸੀ	—	20:40

ਚਲਣ ਦੇ ਦਿਨ: 04530 ਬਠਿੰਡਾ ਤੋਂ ਹਰੇਕ ਐਤਵਾਰ ਅਤੇ ਬੁਧਵਾਰ ਨੂੰ ਮਿਤੀ 05.11.2023 ਤੋਂ 29.11.2023 ਤਕ ਅਤੇ 04529 ਵਾਰਾਨਸੀ ਤੋਂ ਹਰੇਕ ਸੋਮਵਾਰ ਅਤੇ ਵੀਰਵਾਰ ਨੂੰ ਮਿਤੀ 06.11.2023 ਤੋਂ 30.11. 2023 ਤਕ
ਠਹਿਰਾਓ : ਰਾਮਪੁਰਾ ਫੂਲ, ਬਰਨਾਲਾ, ਧੂਰੀ, ਪਟਿਆਲਾ, ਰਾਜਪੁਰਾ, ਅੰਬਾਲਾ ਛਾਉਣੀ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ ਅਤੇ ਪ੍ਰਤਾਪਗੜ੍ਹ ਸਟੇਸ਼ਨ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਰਨਲ

04646/04645 ਜੰਮੂ ਤਵੀ-ਬਰੌਨੀ ਜੰ.-ਜੰਮੂ ਤਵੀ ਤਿਉਹਾਰ ਵਿਸ਼ੇਸ਼ ਐਕਸਪ੍ਰੈਸ — 14 ਫੇਰੇ

ਰੇਲਗੱਡੀ ਨੰ. 04646 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04645 ਪਹੁੰਚ	ਰਵਾਨਗੀ
—	05:45	ਜੰਮੂ ਤਵੀ	22:30	—
12:10	—	ਬਰੌਨੀ ਜੰ.	—	15:15

ਚਲਣ ਦੇ ਦਿਨ: 04646 ਜੰਮੂ ਤਵੀ ਤੋਂ ਹਰੇਕ ਵੀਰਵਾਰ ਨੂੰ ਮਿਤੀ 19.10.2023 ਤੋਂ 30.11.2023 ਤਕ ਅਤੇ 04645 ਬਰੌਨੀ ਜੰ. ਤੋਂ ਹਰੇਕ ਸ਼ੁਕਰਵਾਰ ਨੂੰ ਮਿਤੀ 20.10.2023 ਤੋਂ 01.12. 2023 ਤਕ
ਠਹਿਰਾਓ : ਪਠਾਨਕੋਟ ਛਾਉਣੀ, ਜਲੰਧਰ ਛਾਉਣੀ, ਲੁਧਿਆਣਾ ਜੰ., ਅੰਬਾਲਾ ਛਾਉਣੀ, ਸਹਾਰਨਪੁਰ ਲਕਸਰ ਜੰ., ਮੁਰਾਦਾਬਾਦ, ਬਰੇਲੀ, ਸੀਤਾਪੁਰ ਜੰ., ਗੋਂਡਾ ਜੰ., ਗੋਰਖਪੁਰ, ਛਪਰਾ, ਹਾਜੀਪੁਰ, ਜੰ. ਸ਼ਾਹਪੁਰ ਪਟੋਰੀ ਅਤੇ ਬਛਵਾਰਾ ਜੰ. ਸਟੇਸ਼ਨ
ਸਥਾਨ: 3 ਟੀਯਰ ਏਸੀ., ਅਤੇ ਏਸੀ, ਚੇਅਰਕਾਰ

04678/04677 ਫਿਰੋਜਪੁਰ ਛਾਉਣੀ ਜੰ.-ਪਟਨਾ ਜੰ.-ਫਿਰੋਜਪੁਰ ਛਾਉਣੀ ਜੰ. ਤਿਉਹਾਰ ਵਿਸ਼ੇਸ਼ ਐਕਸਪ੍ਰੈਸ — 12 ਫੇਰੇ

ਰੇਲਗੱਡੀ ਨੰ. 04678 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04677 ਪਹੁੰਚ	ਰਵਾਨਗੀ
—	13:25	ਫਿਰੋਜਪੁਰ ਛਾਉਣੀ ਜੰ.	22:40	—
17:00	—	ਪਟਨਾ ਜੰ.	—	18:45

ਚਲਣ ਦੇ ਦਿਨ: 04678 ਫਿਰੋਜ਼ਪੁਰ ਛਾਉਣੀ ਜੰ. ਤੋਂ ਹਰੇਕ ਬੁਧਵਾਰ ਨੂੰ ਮਿਤੀ 25.10.2023 ਤੋਂ 29.11.2023 ਤਕ ਅਤੇ 04677 ਪਟਨਾ ਜੰ. ਤੋਂ ਹਰੇਕ ਵੀਰਵਾਰ ਨੂੰ ਮਿਤੀ 26.10.2023 ਤੋਂ 30.11. 2023 ਤਕ
ਠਹਿਰਾਓ : ਕੋਟਕਪੁਰਾ ਜੰ., ਬਠਿੰਡਾ ਜੰ., ਰਾਮਪੁਰਾ ਫੂਲ, ਧੂਰੀ ਜੰ., ਪਟਿਆਲਾ, ਰਾਜਪੁਰਾ ਜੰ., ਅੰਬਾਲਾ ਛਾਉਣੀ, ਯਮੁਨਾਨਗਰ, ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਪ੍ਰਤਾਪਗੜ੍ਹ, ਵਾਰਾਨਸੀ, ਪੰ. ਦੀਨ ਦਿਆਲ ਉਪਾਧਿਆਏ, ਬਕਸਰ, ਆਰਾ ਅਤੇ ਦਾਨਾਪੁਰ ਸਟੇਸ਼ਨ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਰਨਲ

04012/04011 ਨਵੀਂ ਦਿੱਲੀ=ਦਰਭੰਗਾ-ਨਵੀਂ ਦਿੱਲੀ ਤਿਉਹਾਰ ਵਿਸ਼ੇਸ਼ ਐਕਸਪ੍ਰੈਸ — 14 ਫੇਰੇ

ਰੇਲਗੱਡੀ ਨੰ. 04012 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04011 ਪਹੁੰਚ	ਰਵਾਨਗੀ
—	19:20	ਨਵੀਂ ਦਿੱਲੀ	16:40	—
16:45	—	ਦਰਭੰਗਾ	—	18:00

ਚਲਣ ਦੇ ਦਿਨ: 04012 ਨਵੀਂ ਦਿੱਲੀ ਜੰ. ਤੋਂ ਹਰੇਕ ਮੰਗਲਵਾਰ ਅਤੇ ਸ਼ੁਕਰਵਾਰ ਨੂੰ ਮਿਤੀ 07.11.2023 ਤੋਂ 28.11.2023 ਤਕ ਅਤੇ 04011 ਦਰਭੰਗਾ ਤੋਂ ਹਰੇਕ ਬੁਧਵਾਰ ਅਤੇ ਸ਼ਨੀਵਾਰ ਨੂੰ ਮਿਤੀ 08.11.2023 ਤੋਂ 29.11. 2023 ਤਕ
ਠਹਿਰਾਓ : ਮੁਰਾਦਾਬਾਦ, ਬਰੇਲੀ, ਲਖਨਊ, ਗੋਰਖਪੁਰ ਜੰ., ਨਰਕਟਿਯਾਗੰਜ, ਰਕਸੌਲ ਅਤੇ ਸੀਤਾਮੜ੍ਹੀ ਸਟੇਸ਼ਨ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਰਨਲ

04060/04059 ਆਨੰਦ ਵਿਹਾਰ (ਟ.)-ਜਯਨਗਰ-ਆਨੰਦ ਵਿਹਾਰ (ਟ.) ਰੀਜ਼ਰਵ ਤਿਉਹਾਰ ਵਿਸ਼ੇਸ਼ ਐਕਸਪ੍ਰੈਸ — 14 ਫੇਰੇ

ਰੇਲਗੱਡੀ ਨੰ. 04060 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04059 ਪਹੁੰਚ	ਰਵਾਨਗੀ
—	10:30	ਆਨੰਦ ਵਿਹਾਰ (ਟ.)	19:55	—
15:15	—	ਜਯਨਗਰ	—	17:00

ਚਲਣ ਦੇ ਦਿਨ: 04060 ਆਨੰਦ ਵਿਹਾਰ (ਟ.) ਤੋਂ ਹਰੇਕ ਮੰਗਲਵਾਰ ਅਤੇ ਸ਼ੁਕਰਵਾਰ ਨੂੰ ਮਿਤੀ 07.11.2023 ਤੋਂ 28.11.2023 ਤਕ ਅਤੇ 04059 ਜਯਨਗਰ ਤੋਂ ਹਰੇਕ ਬੁਧਵਾਰ ਅਤੇ ਸ਼ਨੀਵਾਰ ਨੂੰ ਮਿਤੀ 08.11.2023 ਤੋਂ 29.11. 2023 ਤਕ
ਠਹਿਰਾਓ : ਮੁਰਾਦਾਬਾਦ, ਬਰੇਲੀ, ਲਖਨਊ, ਰਾਯਬਰੇਲੀ, ਅਮੇਠੀ, ਪ੍ਰਤਾਪਗੜ੍ਹ, ਵਾਰਾਨਸੀ, ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਦਾਨਾਪੁਰ, ਪਾਟਲਿਪੁਤਰ, ਹਾਜੀਪੁਰ ਜੰ., ਮੁਜਫਰਪੁਰ ਜੰ., ਸਮਸਤੀਪੁਰ ਜੰ., ਦਰਭੰਗਾ ਜੰ. ਅਤੇ ਮਧੁਬਨੀ ਸਟੇਸ਼ਨ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਰਨਲ

04488/04487 ਆਨੰਦ ਵਿਹਾਰ (ਟ.)-ਗੋਰਖਪੁਰ-ਆਨੰਦ ਵਿਹਾਰ (ਟ.) ਵਿਸ਼ੇਸ਼ ਐਕਸਪ੍ਰੈਸ — 08 ਫੇਰੇ

ਰੇਲਗੱਡੀ ਨੰ.04488 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04487 ਪਹੁੰਚ	ਰਵਾਨਗੀ
—	23:15	ਆਨੰਦ ਵਿਹਾਰ (ਟ.)	10:40	—
14:00	—	ਗੋਰਖਪੁਰ	—	17:25

ਚਲਣ ਦੇ ਦਿਨ: 04488 ਆਨੰਦ ਵਿਹਾਰ (ਟ.) ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 04.11.2023 ਤੋਂ 25.11.2023 ਤਕ ਅਤੇ 04487 ਗੋਰਖਪੁਰ ਤੋਂ ਹਰੇਕ ਐਤਵਾਰ ਨੂੰ ਮਿਤੀ 05.11.2023 ਤੋਂ 26.11. 2023 ਤਕ।
ਠਹਿਰਾਓ : ਗਾਜੀਆਬਾਦ, ਮੁਰਾਦਾਬਾਦ, ਚੰਦੌਸੀ ਜੰ., ਬਰੇਲੀ ਛਾਉਣੀ, ਸੀਤਾਪੁਰ ਜੰ., ਗੋਂਡਾ ਜੰ. ਅਤੇ ਬਸਤੀ ਸਟੇਸ਼ਨ।
ਸਥਾਨ: ਫਸਟ ਏਸੀ., ਸਹਿ 2 ਟੀਯਰ ਏਸੀ., 3 ਟੀਯਰ ਏਸੀ. ਅਤੇ ਸਲੀਪਰ

04010/04009 ਆਨੰਦ ਵਿਹਾਰ (ਟ.)-ਜੋਗਬਨੀ-ਆਨੰਦ ਵਿਹਾਰ (ਟ.) ਵਿਸ਼ੇਸ਼ ਐਕਸਪ੍ਰੈਸ — 08 ਫੇਰੇ

ਰੇਲਗੱਡੀ ਨੰ. 04010 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 04009 ਪਹੁੰਚ	ਰਵਾਨਗੀ
—	23:45	ਆਨੰਦ ਵਿਹਾਰ (ਟ.)	16:05	—
05:20	—	ਜੋਗਬਨੀ	—	09:00

ਚਲਣ ਦੇ ਦਿਨ: 04010 ਆਨੰਦ ਵਿਹਾਰ (ਟ.) ਤੋਂ ਹਰੇਕ ਮੰਗਲਵਾਰ ਨੂੰ ਮਿਤੀ 07.11.2023 ਤੋਂ 28.11.2023 ਤਕ ਅਤੇ 04009 ਜੋਗਬਨੀ ਤੋਂ ਹਰੇਕ ਵੀਰਵਾਰ ਨੂੰ ਮਿਤੀ 09.11.2023 ਤੋਂ 30.11. 2023 ਤਕ।
ਠਹਿਰਾਓ : ਗਾਜੀਆਬਾਦ, ਮੁਰਾਦਾਬਾਦ, ਚੰਦੌਸੀ ਜੰ., ਬਰੇਲੀ ਕੈਂਟ, ਸੀਤਾਪੁਰ, ਗੋਂਡਾ ਜੰ., ਬਸਤੀ, ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂ ਸਰਾਏ, ਖਗੜਿਯਾ ਜੰ., ਨਵਗਛਿਯਾ, ਕਟਿਹਾਰ ਜੰ., ਪੂਰਨੀਆਂ, ਅਰਰਿਯਾ ਕੋਰਟ ਅਤੇ ਅਰਰਿਯਾ ਸਟੇਸ਼ਨ।
ਸਥਾਨ: 3 ਟੀਯਰ ਏਸੀ. ਸਲੀਪਰ ਅਤੇ ਜਰਨਲ।

01664/01663 ਆਨੰਦ ਵਿਹਾਰ (ਟ.)-ਸਹਰਸਾ ਜੰ.-ਆਨੰਦ ਵਿਹਾਰ (ਟ.) ਤਿਉਹਾਰ ਵਿਸ਼ੇਸ਼ ਐਕਸਪ੍ਰੈਸ — 14 ਫੇਰੇ

ਰੇਲਗੱਡੀ ਨੰ.01664 ਪਹੁੰਚ	ਰਵਾਨਗੀ	ਸਟੇਸ਼ਨ	ਰੇਲਗੱਡੀ ਨੰ. 01663 ਪਹੁੰਚ	ਰਵਾਨਗੀ
—	11:10	ਆਨੰਦ ਵਿਹਾਰ (ਟ.)	13:55	—
11:20	—	ਸਹਰਸਾ ਜੰ.	—	14:30

ਚਲਣ ਦੇ ਦਿਨ: 01664 ਆਨੰਦ ਵਿਹਾਰ (ਟ.) ਤੋਂ ਹਰੇਕ ਸੋਮਵਾਰ ਨੂੰ ਮਿਤੀ 16.10.2023 ਤੋਂ 27.11.2023 ਤਕ ਅਤੇ 01663 ਸਹਰਸਾ ਜੰ. ਤੋਂ ਹਰੇਕ ਮੰਗਲਵਾਰ ਨੂੰ ਮਿਤੀ 17.10.2023 ਤੋਂ 28.11. 2023 ਤਕ।
ਠਹਿਰਾਓ : ਹਾਪੁੜ, ਮੁਰਾਦਾਬਾਦ, ਬਰੇਲੀ, ਹਰਦੋਈ, ਲਖਨਊ, ਗੋਰਖਪੁਰ ਜੰ., ਦੇਵਰਿਯਾ ਸਦਰ, ਸੀਵਾਨ ਜੰ., ਛਪਰਾ, ਹਾਜੀਪੁਰ ਜੰ., ਮੁਜਫਰਪੁਰ ਜੰ. ਸਮਸਤੀਪੁਰ ਜੰ., ਦਲਸਿੰਘ ਸਰਾਏ, ਬਰੌਨੀ ਜੰ., ਬੇਗੂ ਸਰਾਏ, ਖਗੜਿਯਾ ਜੰ. ਅਤੇ ਐਸ ਬਖਤਿਯਾਰਪੁਰ ਸਟੇਸ਼ਨ।
ਸਥਾਨ: 3 ਟੀਯਰ ਏਸੀ. ਸਲੀਪਰ ਅਤੇ ਜਰਨਲ।

ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਆਉਣ ਵਾਲੇ ਠਹਿਰਾਵਾਂ ਦੀ ਸਮੇਂ-ਸਾਰਣੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਡਾਇਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139

ਰੇਲਮਦਦ ਵੈਬਸਾਈਟ ਦੇਖੋ : www.railmadad.indianrailways.gov.in

ਰੇਲਮਦਦ ਐਪ ਡਾਊਨਲੋਡ ਕਰੋ

'ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ — ਤੁਹਾਡੀ ਸੁਵਿਧਾ - ਸਾਡਾ ਲਕਸ਼ — ਸਾਨੂੰ www.nr.indianrailways.gov.in 'ਤੇ ਮਿਲੋ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

3151/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

12-Oct-PAGE-11-Majha-23.qxd 10/11/2023 10:37 PM Page 1

ਏਸ਼ੀਅਨ ਕੱਪ ਜੇਤੂ ਹਾਕੀ ਟੀਮ ਦਾ ਅੰਮ੍ਰਿਤਸਰ ਏਅਰਪੋਰਟ ਪੁੱਜਣ 'ਤੇ ਭਰਵਾਂ ਸਵਾਗਤ

* ਸੋਨ ਤਮਗਾ ਜੇਤੂ ਖਿਡਾਰੀਆਂ ਨੂੰ ਮਿਲਣਗੇ 1-1 ਕਰੋੜ ਰੁਪਏ

ਜੰਡਿਆਲਾ ਗੁਰੂ, ਅੰਮ੍ਰਿਤਸਰ (ਹਰਿੰਦਰ ਪਾਲ ਸਿੰਘ/ਜਸਬੀਰ ਸਿੰਘ ਪੱਟੀ/ ਨਰਿੰਦਰਜੀਤ ਸਿੰਘ) : ਅੱਜ ਏਸ਼ੀਅਨ ਕੱਪ ਜੇਤੂ ਹਾਕੀ ਟੀਮ ਦੇ ਮੈਂਬਰ ਜਿਨ੍ਹਾਂ ਵਿੱਚ ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਜਰਮਨਪ੍ਰੀਤ ਸਿੰਘ, ਮਨਦੀਪ ਸਿੰਘ, ਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਸੁਰਜੀਤ ਸਿੰਘ ਦੇ ਅੰਮ੍ਰਿਤਸਰ ਏਅਰਪੋਰਟ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਸਵਾਗਤ ਕੀਤਾ। ਇਸ ਮੌਕੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਵਿਧਾਇਕ ਡਾ. ਅਜੈ ਗੁਪਤਾ, ਪੁਲਸ ਕਮਿਸ਼ਨਰ ਨੌਨਿਹਾਲ ਸਿੰਘ, ਚੇਅਰਮੈਨ ਜਸਪ੍ਰੀਤ ਸਿੰਘ, ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਮਨੀਸ਼ ਅਗਰਵਾਲ, ਅੰਤਰਰਾਸ਼ਟਰੀ ਹਾਕੀ ਖਿਡਾਰੀ ਜੁਗਰਾਜ ਸਿੰਘ, ਰਮਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ। ਏਅਰਪੋਰਟ ਪੁੱਜਣ 'ਤੇ ਹਾਕੀ ਖਿਡਾਰੀਆਂ ਦਾ ਸਵਾਗਤ ਕਰਦਿਆਂ ਡਿਪਟੀ ਕਮਿਸ਼ਨਰ ਤਲਵਾੜ ਨੇ ਕਿਹਾ ਕਿ

ਹਾਂਗਜ਼ੂ ਵਿਖੇ ਏਸ਼ੀਅਨ ਗੇਗਜ ਵਿਚ ਪੰਜਾਬ ਦੇ ਖਿਡਾਰੀਆਂ ਨੇ ਪਿਛਲੇ 72 ਵਰ੍ਹਿਆਂ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਬਣਾਈ ਨਵੀਂ ਖੇਡ ਨੀਤੀ ਤਹਿਤ ਇਸ ਵਾਰ ਪਹਿਲੀ ਵਾਰ ਏਸ਼ੀਅਨ ਗੇਮਜ਼ ਵਿੱਚ ਹਿੱਸਾ ਲੈਣ ਗਏ 48 ਪੰਜਾਬੀ ਖਿਡਾਰੀਆਂ ਨੂੰ ਤਿਆਰੀ ਲਈ ਪ੍ਰਤੀ ਖਿਡਾਰੀ 8 ਲੱਖ ਰੁਪਏ ਦੇ ਹਿਸਾਬ ਨਾਲ ਕੁੱਲ 4.64 ਕਰੋੜ ਰੁਪਏ ਦਿੱਤੇ ਗਏ ਸਨ।

ਸ਼੍ਰੀ ਤਲਵਾੜ ਨੇ ਦੱਸਿਆ ਕਿ ਹਾਕੀ ਵਿੱਚ ਚੌਥੀ ਵਾਰ ਏਸ਼ੀਅਨ ਗੇਮਜ਼ ਵਿੱਚ ਸੋਨ ਤਮਗਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਸਮੇਤ ਕੁੱਲ 10 ਖਿਡਾਰੀ ਪੰਜਾਬ ਵਿਚੋਂ ਸਨ। ਉਨ੍ਹਾਂ ਦੱਸਿਆ ਕਿ ਹਾਕੀ ਮੈਚਾਂ ਵਿੱਚ ਭਾਰਤ ਨੇ ਕੁੱਲ 68 ਗੋਲ ਕੀਤੇ, ਜਿਨ੍ਹਾਂ ਵਿੱਚੋਂ ਕੇਵਲ ਪੰਜਾਬੀ ਖਿਡਾਰੀਆਂ ਨੇ 43 ਗੋਲ ਕੀਤੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੋਨ ਤਮਗਾ ਜੇਤੂ ਖਿਡਾਰੀਆਂ ਨੂੰ 1-1 ਕਰੋੜ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ।

ਦੀਨਾਨਗਰ ਦੀ ਸ਼ਾਹੀ ਬਾਰਾਂਦਰੀ ਦੀ ਸਾਂਭ-ਸੰਭਾਲ ਲਈ ਜਲਦ ਸ਼ੁਰੂ ਹੋਵੇਗਾ ਪ੍ਰੋਜੈਕਟ: ਸੇਖਵਾਂ

* ਪੰਜਾਬ ਸਰਕਾਰ ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਪੂਰੀ ਤਰ੍ਹਾਂ ਵਚਨਬੱਧ

ਗੁਰਦਾਸਪੁਰ (ਯਾਦਵਿੰਦਰ ਸਿੰਘ ਮਲਹੋਤਰਾ/ਜਨਕ ਮਹਾਜਨ/ਦਿਨੇਸ਼ ਕੁਮਾਰ)-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਅੱਜ ਪਿੰਡ ਸੇਖਵਾਂ ਵਿਖੇ ਵਿਰਾਸਤੀ ਮੰਚ, ਬਟਾਲਾ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਦਿਆਂ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਨਵੀਂ ਟੂਰਿਜ਼ਮ ਨੀਤੀ ਤਹਿਤ ਜਿਥੇ ਸੂਬੇ ਵਿੱਚ ਸੈਰ-ਸਪਾਟੇ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਰਹੀਆਂ ਹਨ ਓਥੇ ਨਾਲ ਹੀ ਆਪਣੀ ਵਿਰਾਸਤ ਦੀ ਸੰਭਾਲ ਕਰਕੇ ਉਸਦਾ ਪ੍ਰਚਾਰ-ਪਸਾਰ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਸੂਬੇ ਦੀ ਨੌਜਵਾਨ ਪੀੜ੍ਹੀ ਆਪਣੀਆਂ ਜੜ੍ਹਾਂ ਦੇ ਨਾਲ ਜੋੜਨ ਦੇ ਨਾਲ ਦੇਸ਼ ਅਤੇ ਵਿਦੇਸ਼ ਦੇ ਸੈਲਾਨੀਆਂ ਨੂੰ ਪੰਜਾਬ ਵੱਲ ਆਕਰਸ਼ਿਤ ਕੀਤਾ ਜਾ ਸਕੇ। ਦੀਨਾਨਗਰ ਸਥਿਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਬਾਰਾਂਦਰੀ ਦੀ ਸੰਭਾਲ ਸਬੰਧੀ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਉਹ ਬਾਰਾਂਦਰੀ ਦੀ ਮੁਰੰਮਤ ਦਾ ਸਾਰਾ ਮਾਮਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਉਣਗੇ। ਉਨ੍ਹਾਂ ਕਿਹਾ ਕਿ ਇਸ ਸ਼ਾਹੀ ਬਾਰਾਂਦਰੀ ਦੀ ਸੰਭਾਲ ਦੀ

ਕਾਰਵਾਈ ਉਨ੍ਹਾਂ ਦੇ ਪਿਤਾ ਸਵਰਗਵਾਸੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਸ਼ੁਰੂ ਕੀਤੀ ਸੀ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਹੀ ਇਸ ਇਤਿਹਾਸਕ ਇਮਾਰਤ ਨੂੰ ਸੁਰੱਖਿਅਤ ਇਮਾਰਤ ਐਲਾਨਿਆ ਗਿਆ ਸੀ। ਉਨ੍ਹਾਂ ਕਿਹਾ ਕਿ ਬਾਅਦ ਵਿੱਚ ਇਸ ਬਾਰਾਂਦਰੀ ਦੇ ਦੁਆਲੇ ਜ਼ਮੀਨ ਸਬੰਧੀ ਹਾਈਕੋਰਟ ਵਿੱਚ ਕੇਸ ਚੱਲ ਰਿਹਾ ਸੀ ਜੋ ਕਿ ਹੁਣ ਹੱਲ ਹੋ ਗਿਆ ਹੈ। ਚੇਅਰਮੈਨ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਾਹੀ ਬਾਰਾਂਦਰੀ ਦੀ ਮੁਰੰਮਤ ਅਤੇ ਇਥੇ ਮਿਊਜ਼ੀਅਮ ਸਥਾਪਤ ਕਰਨ ਲਈ 1.60 ਕਰੋੜ ਰੁਪਏ ਦਾ ਟੈਂਡਰ ਕੀਤਾ ਗਿਆ ਹੈ ਅਤੇ ਜਲਦੀ ਹੀ ਇਸ ਬਾਰਾਂਦਰੀ ਦੀ ਸੰਭਾਲ ਦਾ ਪ੍ਰੋਜੈਕਟ ਸ਼ੁਰੂ ਹੋ ਜਾਵੇਗਾ। ਐਡਵੋਕੇਟ ਸੇਖਵਾਂ ਨੇ ਕਿਹਾ ਕਿ ਦੀਨਾਨਗਰ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਸੀ ਅਤੇ ਇਸ ਸ਼ਾਹੀ ਬਾਰਾਂਦਰੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਕਈ ਇਤਿਹਾਸਕ ਦਰਬਾਰ ਲੱਗੇ ਸਨ। ਉਨ੍ਹਾਂ ਕਿਹਾ ਕਿ ਬਾਰਾਂਦਰੀ ਦੀ ਇਸ ਇਤਿਹਾਸਕ ਮਹੱਤਤਾ ਨੂੰ ਦੇਖਦੇ ਹੋਏ ਉਹ ਨਿੱਜੀ ਤੌਰ 'ਤੇ ਇਸਦੀ ਸੰਭਾਲ ਲਈ ਯਤਨਸ਼ੀਲ ਹਨ। ਇਸ ਮੌਕੇ ਵਿਰਾਸਤੀ ਮੰਚ, ਬਟਾਲਾ ਦੇ ਅਹੁਦੇਦਾਰਾਂ ਨੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਵਿਰਾਸਤਾਂ ਦੀ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਲਈ ਧੰਨਵਾਦ ਕੀਤਾ ਅਤੇ ਨਾਲ ਹੀ ਬਟਾਲਾ ਸ਼ਹਿਰ ਵਿੱਚ ਸਰਦਾਰਨੀ ਸਦਾ ਕੌਰ, ਬਾਬਾ ਬੰਦਾ ਸਿੰਘ ਬਹਾਦਰ ਸਮੇਤ ਹੋਰ ਇਤਿਹਾਸਕ ਹਸਤੀਆਂ ਦੀਆਂ ਯਾਦਗਾਰਾਂ ਬਣਾਉਣ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਵਿਰਾਸਤੀ ਮੰਚ, ਬਟਾਲਾ ਦੇ ਚੇਅਰਮੈਨ ਐਡਵੋਕੇਟ ਐੱਚ. ਐੱਸ. ਮਾਂਗਟ, ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਸੀਨੀਅਰ ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਲਾਡੀ ਜੱਸਲ, ਵਾਈਸ ਪ੍ਰਧਾਨ ਸ਼ਮਸ਼ੇਰ ਸਿੰਘ ਮੱਲੀ, ਜਨਰਲ ਸਕੱਤਰ ਇੰਦਰਜੀਤ ਸਿੰਘ ਹਰਪੁਰਾ, ਸਕੱਤਰ ਪ੍ਰੋ. ਜਸਬੀਰ ਸਿੰਘ ਅਤੇ ਮੈਂਬਰ ਹਰਪ੍ਰੀਤ ਸਿੰਘ ਨਿਰਗੁਣ ਵੀ ਹਾਜ਼ਰ ਸਨ।

ਪੈਨਸ਼ਨਰ ਚੰਡੀਗੜ੍ਹ ਰੈਲੀ 'ਚ ਕਰਨਗੇ ਭਰਵੀਂ ਸ਼ਮੂਲੀਅਤ : ਬੁਰਜ/ਲਾਲਪੁਰਾ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਤਹਿਸੀਲ ਪੱਟੀ ਦੀ ਮੀਟਿੰਗ ਕਸ਼ਮੀਰ ਸਿੰਘ ਬੁਰਜ ਦੀ ਪ੍ਰਧਾਨਗੀ ਹੇਠ ਹੋਈ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਪੰਜਾਬ ਸਰਕਾਰ ਦੇ ਅੜੀਅਲ ਰਵੱਈਏ ਦੀ ਜੋਰਦਾਰ ਨਿਖੇਧੀ ਕੀਤੀ। ਪੰਜਾਬ ਸਰਕਾਰ ਪੈਨਸ਼ਨਰਾਂ ਦਾ ਕਰੋੜਾਂ ਰਪਿਆ ਘੁੱਟ ਕੇ ਬੈਠੀ ਹੋਈ ਹੈ, ਪੇ ਕਮਿਸ਼ਨ ਦਾ ਬਕਾਇਆ ਅਤੇ 8% ਡੀਏ ਨਹੀਂ ਦੇ ਰਹੀ। ਪ੍ਰਿੰਸੀਪਲ ਮੰਗਤ ਰਾਮ ਜੋਸ਼ੀ ਅਤੇ ਸੁਪਰਡੈਂਟ ਮਲਕੀਤ ਸਿੰਘ ਨੇ 6% ਬਕਾਇਆ ਰਾਸ਼ੀ ਸਕੂਲਾਂ ਦੇ ਪਿੰਸੀਪਲਾਂ ਤੇ ਵੱਖ-ਵੱਖ ਮਹਿਕਮਿਆਂ ਦੇ ਡੀਡੀਓਜ਼ ਨੂੰ ਅਪੀਲ ਕੀਤੀ ਕਿ ਉਹ ਜਲਦ ਤੋਂ ਜਲਦ ਬਕਾਇਆ ਕਢਵਾ ਕੇ ਦੇਣ ਨਹੀਂ ਤਾਂ ਪੈਨਸ਼ਨਰ ਅਦਾਲਤ ਦਾ ਦਰਵਾਜ਼ਾ ਖੜਕਾਉਣ ਲਈ ਮਜਬੂਰ ਹੋਣਗੇ। ਜ਼ਿਲਾ ਤਰਨਤਾਰਨ ਦੇ ਪ੍ਰਧਾਨ ਅਜੀਤ ਸਿੰਘ ਫਤਹਿ ਅਤੇ ਸ਼ਮੀਰ ਸਿੰਘ ਲਾਲਪੁਰਾ ਨੇ ਇਕ ਵੱਖਰੇ ਸੰਦੇਸ਼ ਰਾਹੀਂ ਦੱਸਿਆ

ਕਿ ਤਰਨਤਾਰਨ ਤੋਂ ਕੁਲਵੰਤ ਸਿੰਘ ਗੁਰੂ ਕਾ ਖੂਹ ਅਤੇ ਕੁਲਵੰਤ ਸਿੰਘ ਦੀ ਅਗਵਾਈ ਹੇਠ ਚੰਡੀਗੜ੍ਹ ਮਹਾਰੈਲੀ ਲਈ ਵੱਡਾ ਕਾਫਲਾ ਕੂਚ ਕਰੇਗਾ। ਰਾਜ ਸਿੰਘ ਅਤੇ ਉਮਰਜੀਤ ਕੌਰ ਨੇ ਵੀ ਪੈਨਸ਼ਨਰਾਂ ਨੂੰ ਵੱਡੀ ਗਿਣਤੀ ਵਿੱਚ ਚੰਡੀਗੜ ਰੈਲੀ ਵਿੱਚ ਪੁੱਜਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਬਲਵਿੰਰ ਸਿੰਘ ਸਰਹਾਲੀ, ਅਵਤਰ ਸਿੰਘ, ਪ੍ਰਗਟ ਸਿੰਘ ਸਰਹਾਲੀ, ਨਿਰਮਲ਼ ਸਿੰਘ ਬੁਰਜ , ਧਰਮਪਾਲ ਸਿੰਘ, ਰਛਪਾਲ ਸਿੰਘ ਰੰਧਾਵਾ, ਦਰਸ਼ਨ ਸਿੰਘ, ਮੋਹਨ ਸਿੰਘ ਚੌਧਰੀ, ਚਾਨਣ ਸਿੰਘ ਪੱਟੀ, ਚਰਨ ਸਿੰਘ, ਅਜੀਤ ਸਿੰਘ ਲਹੁਕਾ, ਜਗੀਰ ਸਿੰਘ ਖੇਮਕਰਨ, ਜੈਦੀਪ ਅਤੇ ਹੋਰ ਸਾਰੇ ਪੈਨਸ਼ਨਰ ਸ਼ਮਲ ਹੋਏ। ਕਸ਼ਮੀਰ ਸਿੰਘ ਨੇ ਆਏ ਪੈਨਸ਼ਨਰਾਂ ਦਾ ਦਫਤਰ ਲਈ ਵੱਡੀ ਪੱਧਰ 'ਤੇ ਫੰਡ ਦੇਣ ਦਾ ਅਤੇ ਮੀਟਿੰਗ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।

'ਆਪ' ਨੇ ਈ ਟੀ ਓ ਨੂੰ ਬਣਾਇਆ ਲੋਕ ਸਭਾ ਕਰਨਾਲ ਦਾ ਇੰਚਾਰਜ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-2024 ਦੀਆਂ ਲੋਕ ਸਭਾ ਅਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਨੇ ਹਰਿਆਣਾ ਵਿਚ ਤਿਆਰੀਆਂ ਜ਼ੋਰਾਂ ਤੇ ਸ਼ੁਰੂ ਕਰ ਦਿੱਤੀਆਂ ਹਨ ਅਤੇ ਵੱਖ-ਵੱਖ ਮੰਤਰੀ ਅਤੇ ਆਪ ਦੇ ਵੱਡੇ ਨੇਤਾਵਾਂ ਨੂੰ ਹਰਿਆਣਾ ਦੇ ਵੱਖ-ਵੱਖ ਖੇਤਰਾਂ

ਦੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। 2016 ਵਿਚ ਆਬਕਾਰੀ ਅਤੇ ਕਰ ਅਫਸਰ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਰਭਜਨ ਸਿੰਘ ਈਟੀਓ ਜਿਨ੍ਹਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਹਲਕਾ ਜੰਡਿਆਲਾ ਗੁਰੂ ਤੋਂ ਕਾਗਰਸ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ।

ਈ ਟੀ ਓ ਨੇ ਮਾਨ ਸਰਕਾਰ ਵਿੱਚ ਬਤੌਰ ਕੈਬਿਨਟ ਮੰਤਰੀ ਸਹੁੰ ਚੁੱਕੀ ਅਤੇ ਮਹੱਤਵਪੂਰਨ ਮਹਿਕਮਿਆਂ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਸੰਭਾਲੇ ਜੋ ਕਿ ਬਹੁਤ ਹੀ ਚੁਣੌਤੀਪੂਰਨ ਸਨ। ਹਾਲ ਹੀ ਵਿਚ ਹੋਈ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਵੀ ਪਾਰਟੀ ਨੇ ਮੰਤਰੀ ਈ ਟੀ ਓ ਦੀ ਬਤੌਰ ਇੰਚਾਰਜ ਹਲਕਾ ਕਰਤਾਰਪੁਰ ਡਿਊਟੀ ਲਗਾਈ ਅਤੇ ਆਪਣੀ ਮਿਹਨਤ ਸਦਕਾ ਸੁਸ਼ੀਲ ਕੁਮਾਰ ਰਿੰਕੂ ਨੂੰ ਸਭ ਤੋਂ ਵੱਧ ਹਲਕਾ ਕਰਤਾਰਪੁਰ ਤੋਂ ਵੋਟਾਂ ਨਾਲ ਜਿਤਾ ਕੇ ਲੋਕ ਸਭਾ ਭੇਜਿਆ। ਆਮ ਆਦਮੀ ਪਾਰਟੀ ਨੇ ਆਪਣੇ ਇਸ ਮਿਹਨਤੀ ਅਤੇ ਲਗਨ ਨਾਲ ਕੰਮ ਕਰਨ ਵਾਲੇ ਮੰਤਰੀ ਨੂੰ ਵਕਾਰੀ ਕਰਨਾਲ, ਹਰਿਆਣਾ ਲੋਕ ਸਭਾ ਦਾ ਇੰਚਾਰਜ ਲਗਾ ਕੇ ਇੱਕ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਕਰਨਾਲ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦਾ ਹਲਕਾ ਹੈ ਜੋ ਕਿ ਬਹੁਤ ਹੀ ਚੁਣੌਤੀ ਪੂਰਨ ਹੋਵੇਗਾ। ਇਸ ਉਪਰੰਤ ਜਦੋਂ ਹਰਭਜਨ ਸਿੰਘ ਈ ਟੀ ਓ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਇੱਕ ਨਿਮਾਣੇ ਜਿਹੇ ਸਿਪਾਹੀ ਹਨ, ਜਿੱਥੇ ਵੀ ਪਾਰਟੀ ਉਨ੍ਹਾਂ ਦੀ ਡਿਊਟੀ ਲਗਾਵੇਗੀ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਨਿਭਾਉਣਗੇ ਅਤੇ ਅਸੀਂ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਹਰਿਆਣਾ ਵਿਚ ਵੱਡੀ ਜਿੱਤ ਹਾਸਲ ਕਰਕੇ ਸਰਕਾਰ ਬਣਾਵਾਂਗੇ।

ਧਰਨਾ 38ਵੇਂ ਦਿਨ 'ਚ ਸ਼ਾਮਿਲ, ਪ੍ਰਸ਼ਾਸਨ ਬੇਖਬਰ !

ਪਠਾਨਕੋਟ (ਦਵਿੰਦਰ ਸਿੰਘ) ਪੰਜਾਬ ਸਰਕਾਰ ਦਾ ਅੜੀਅਲ ਰਵੱਈਏ ਕਾਰਨ ਨਜਾਇਜ਼ ਕੱਟੇ ਰਾਸ਼ਨ ਕਾਰਡ ਬਹਾਲ ਕਰਨ, ਬਿਨਾਂ ਕਿਸੇ ਕਾਰਨ ਕੁਝ ਮੈਂਬਰਾਂ ਦੇ ਕੱਟੇ ਨਾਮ ਮੁੜ ਸ਼ਾਮਲ ਕਰਾਉਣ ਲਈ ਅਤੇ ਲੋੜਵੰਦ ਗਰੀਬ ਲੋਕਾਂ ਦੇ ਨਵੇਂ ਕਾਰਡ ਬਣਾਉਣ ਲਈ ਦਿਹਾਤੀ ਮਜ਼ਦੂਰ ਸਭਾ ਵਲੋਂ ਜ਼ਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ ਅਣਮਿੱਥੇ ਸਮੇਂ ਲਈ ਲੱਗਾ ਦਿਨ ਰਾਤ ਦਾ ਧਰਨਾ ਅੱਜ 38ਵੇਂ ਦਿਨ ਵੀ ਜਾਰੀ ਰਿਹਾ। ਦਿਹਾਤੀ ਮਜ਼ਦੂਰ ਸਭਾ ਦੇ ਆਗੂਆਂ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ, ਪ੍ਰਵੀਨ ਕੁਮਾਰ ਬਮਿਆਲ, ਬਲਕਾਰ ਚੰਦ ਭਰਿਆਲ ਲਾਹੜੀ, ਯਸ਼ਪਾਲ, ਸੋਹਨ ਲਾਲ, ਅਸ਼ਵਨੀ ਕੁਮਾਰ, ਰਜਿੰਦਰ ਕੁਮਾਰ, ਰਾਜ ਕੁਮਾਰ ਅਤੇ ਹੋਰ ਸਾਥੀਆਂ ਵਲੋਂ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਧਰਨਾਕਾਰੀਆਂ ਦੀ ਹਮਾਇਤ ਵਿੱਚ ਬੈਠੇ ਕਾਮਰੇਡ ਸ਼ਿਵ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਬੰਧਤ ਵਿਭਾਗ ਦੇ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਰੋਜਾਨਾ ਵੱਖ-ਵੱਖ ਪਿੰਡਾਂ 'ਚ ਜਾ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਦੀ ਗੱਲ ਤਾਂ ਕਰਦੇ ਹਨ ਪਰ ਪਠਾਨਕੋਟ ਜ਼ਿਲ੍ਹੇ ਅੰਦਰ

ਸ਼ਾਹਪੁਰ ਕੰਡੀ ਵਿਖੇ ਪਿਛਲੇ ਸਾਢੇ ਪੰਜ ਮਹੀਨਿਆਂ ਤੋਂ, ਬੁੰਗਲ ਹਾਈ ਸਕੂਲ ਬਚਾਓ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਬੱਚਿਆਂ ਦੇ ਮਾਪਿਆਂ ਅਤੇ ਵਿਦਿਆਰਥੀਆਂ ਵਲੋਂ ਸਾਢੇ ਚਾਰ ਮਹੀਨਿਆਂ ਤੋਂ ਅਤੇ 4 ਸਤੰਬਰ ਤੋ ਦਿਹਾਤੀ ਮਜ਼ਦੂਰ ਸਭਾ ਵਲੋਂ ਜਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ ਇੱਕ ਮਹੀਨਾ ਅੱਠ ਦਿਨ ਤੋਂ ਧਰਨਾ ਲਾਈ ਬੈਠੇ ਲੋਕਾਂ ਦੀ ਨਾ ਤਾਂ ਆਵਾਜ਼ ਸੁਣ ਰਹੀ ਹੈ ਅਤੇ ਨਾ ਹੀ ਸੜਕਾਂ ਤੇ ਰੁਲਦੇ ਲੋਕ ਦਿਖਾਈ ਦੇ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਮਨਪੂਰਵਕ ਹੱਕ, ਸੱਚ ਤੇ ਇਨਸਾਫ ਦੀ ਲੜਾਈ ਲੜਦੇ ਲੋਕਾਂ ਨੇ ਅਖੀਰ ਜਿੱਤਣਾ ਹੀ ਹੈ।

'ਮੇਰੀ ਮਾਟੀ ਮੇਰਾ ਦੇਸ਼' ਪ੍ਰੋਗਰਾਮ ਤਹਿਤ ਸ਼ਹੀਦ ਪਰਿਵਾਰ ਸਨਮਾਨਿਤ

ਬੁਤਾਲਾ (ਨਿਰਮਲ ਸਿੰਘ ਸੰਘਾ)-ਭਾਰਤ ਸਰਕਾਰ ਵੱਲੋਂ ਆਜ਼ਾਦੀ ਕਾ ਅੰਮ੍ਰਿਤ ਮਹਾ ਉਤਸਵ ਅਧੀਨ ਮੇਰੀ ਮਾਟੀ ਮੇਰਾ ਦੇਸ਼, ਪ੍ਰੋਗਰਾਮ ਆਪਣੇ ਮਹਾਨ ਸ਼ਹੀਦਾਂ ਨੂੰ ਸਨਮਾਨ ਦੇਣ ਦਾ ਇਕ ਵਧੀਆ ਉਪਰਾਲਾ ਹੈ। ਅਜਿਹੇ ਪ੍ਰੋਗਰਾਮ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਮੰਨਣ ਬੀਡੀਓ ਨੇ ਸਰਕਾਰੀ ਉਲੰਪਿਅਨ ਦਿਲਪ੍ਰੀਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਬੁਤਾਲਾ ਵਿਖੇ ਮੇਰੀ ਮਾਟੀ ਮੇਰਾ ਦੇਸ਼ ਪ੍ਰੋਗਰਾਮ ਤਹਿਤ ਵੱਖ ਵੱਖ ਪਿੰਡਾਂ ਤੋਂ ਆਈਆਂ ਪੰਚਾਇਤਾਂ ਵੱਲੋਂ ਕਰਵਾਏ ਪ੍ਰੋਗਰਾਮ ਤਹਿਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ ਅੰਮ੍ਰਿਤ ਕਲਸ਼ ਯਾਤਰਾ ਕੱਢ ਕੇ ਦੇਸ਼ ਦੀ ਰਾਜਧਾਨੀ ਦਿੱਲੀ ਭੇਜਣ ਲਈ ਇਕੱਤਰ ਕੀਤੀ ਮਿੱਟੀ ਨਾਲ ਨੈਸ਼ਨਲ ਵਾਰ ਮੈਮੋਰੀਅਲ ਦਿੱਲੀ ਵਿਖੇ ਅੰਮ੍ਰਿਤ ਵਾਟਿਕਾ ਦਾ ਨਿਰਮਾਣ ਕੀਤਾ ਜਾਵੇਗਾ ਜੋ ਇੱਕ ਭਾਰਤ, ਸ਼੍ਰੇਸ਼ਟ ਭਾਰਤ, ਦਾ ਸ਼ਾਨਦਾਰ ਪ੍ਰਤੀਕ ਬਣੇਗੀ।

ਇਸ ਮੌਕੇ ਬੁਤਾਲਾ, ਖਾਨਪੁਰ, ਜੋਧੇ, ਠਾਣੇਵਾਲ, ਰਜਧਾਨ, ਧਰਦਿਓ, ਭਲਾਈਪੁਰ ਪੂਰਬਾ ਤੋਂ ਆਏ ਸ਼ਹੀਦਾਂ ਦੇ ਪਰਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਮੌਕੇ ਅਮਨਦੀਪ ਸਿੰਘ ਮੰਨਣ (ਬੀਡੀਪੀਓ ਰਈਆ) ਰਣਜੋਧ ਸਿੰਘ (ਵੀਡੀਓ), ਸਤਵਿੰਦਰ ਸਿੰਘ (ਪੰਚਾਇਤ ਅਫਸਰ), ਲਖਬੀਰ ਸਿੰਘ (ਸੈਕਟਰੀ) ਇੰਦਰਜੀਤ ਸਿੰਘ, ਸਾਹਿਬ ਸਿੰਘ, ਪਰਦੀਪ ਕੁਮਾਰ, ਮਾਸਟਰ ਸਵਿੰਦਰ ਸਿੰਘ (ਸਰਪੰਚ) ਮੈਂ ਦਲਬੀਰ ਸਿੰਘ, ਪ੍ਰੱਭਜੋਤ ਸਿੰਘ, ਸੇਠ ਬਲਵਿੰਦਰ ਸਿੰਘ, ਸੁਖਾ ਸਿੰਘ, ਬੀਬੀ ਬਲਜੀਤ ਕੌਰ, ਬਲਵਿੰਦਰ ਸਿੰਘ(ਕੰਮੋ ਕੇ), ਗੁਰਪ੍ਰੀਤ ਸਿੰਘ (ਕੰਮੋ ਕੇ) ਅਤੇ ਸਕੂਲ ਸਟਾਫ ਹਾਜ਼ਰ ਸਨ।

ਆਰ ਡੀ ਖੋਸਲਾ ਡੀ ਏ ਵੀ ਸਕੂਲ ਦੇ 15 ਵਿਦਿਆਰਥੀਆਂ ਦੀ ਰਾਜ ਪੱਧਰੀ ਮੁਕਾਬਲੇ ਲਈ ਚੋਣ

ਬਟਾਲਾ (ਤਰਲੋਕ ਬੱਗਾ)- ਪੰਜਾਬ ਸਕੂਲ ਖੇਡਾਂ ਅਤੇ ਖੇਡਾਂ ਵਤਨ ਪੰਜਾਬ ਦੀਆਂ ਵਾਲੀਬਾਲ ਖੇਡ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਸਕੂਲ ਦੇ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਇਸ ਮੁਕਾਬਲੇ ਵਿੱਚ ਅੰਡਰ 14, 17, 19 ਦੀ ਅਨਮੋਲਪ੍ਰੀਤ ਕੌਰ, ਸੁਖਮਨੀ ਚਾਹਲ, ਪਵਨਪ੍ਰੀਤ ਕੌਰ, ਗੁਰਨੂਰਪ੍ਰੀਤ ਕੌਰ, ਮਨਦੀਪ ਕੌਰ, ਜੋਸ਼ਦੀਪ ਕੌਰ, ਜਸਪਿੰਦਰਬੀਰ ਕੌਰ, ਗੁਰਨੂਰ ਕੌਰ, ਜਪਲੀਨ ਕੌਰ ,ਜਪ ਸਿਮਰਨ, ਪ੍ਰਤੀਤ ਅਤੇ ਸਿਦਕਪ੍ਰੀਤ ਕੌਰ ਨੇ ਵਾਲੀਬਾਲ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਜ਼ਿਲੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਤੇ 15 ਵਿਦਿਆਰਥੀ ਰਾਜ ਪੱਧਰ ਤੇ ਹੋਣ ਵਾਲੇ ਮੁਕਾਬਲੇ ਲਈ ਚੁਣੇ ਗਏ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੇ ਖੋਸਲਾ ਅਤੇ ਪ੍ਰਿੰ. ਬਿੰਦੂ ਭੱਲਾ ਨੇ ਸਫਲਤਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਉਨਾਂ ਦੇ ਮਾਪਿਆਂ ਅਤੇ ਅਧਿਆਪਕ ਮਨਜਿੰਦਰ ਸਿੰਘ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਇਹੋ ਜਿਹੇ ਖੇਡ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ ਕਿਉਂਕਿ ਖੇਡਾਂ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹੁੰਦੀਆਂ ਹਨ। ਇਸ ਲਈ ਸਕੂਲ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਨਿਰੰਤਰ ਇਹੋ ਜਿਹੇ ਮੁਕਾਬਲੇ ਕਰਵਾਏ ਜਾਂਦੇ ਹਨ ਤੇ ਉਨ੍ਹਾਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਵੀ ਕੀਤਾ ਜਾਂਦਾ ਹੈ।

ਅੰਤਰਰਾਸ਼ਟਰੀ ਗਰਲ ਚਾਇਲਡ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ

ਗੁਰਦਾਸਪੁਰ, (ਦਿਨੇਸ਼ ਕੁਮਾਰ)- ਅੰਤਰਰਾਸ਼ਟਰੀ ਗਰਲ ਚਾਇਲਡ ਦਿਵਸ ਮੌਕੇ ਜੀਐੱਨਐੱਮ ਸਕੂਲ ਬੱਬਰੀ ਵਿਖੇ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਏਡੀਸੀ ਜਨਰਲ ਸੁਭਾਸ਼ ਚੰਦਰ ਮੁਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਸੁਭਾਸ਼ ਚੰਦਰ ਨੇ ਕਿਹਾ ਕਿ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਔਰਤਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁੜੀ ਦੇ ਜਨਮ ਤੋਂ ਲੈ ਕੇ ਪਰਿਵਾਰ ਵਿੱਚ ਉਸ ਦੇ ਸਿਹਤਮੰਦ ਜੀਵਨ, ਰੁਤਬਾ, ਸਿੱਖਿਆ ਅਤੇ ਕਰੀਅਰ ਦਾ ਅਧਿਕਾਰ, ਔਰਤਾਂ ਦੇ ਵਿਕਾਸ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਲਈ ਲੋਕਾਂ ਵਿਚ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ। ਡਾ. ਹਰਭਜਨ ਮਾਂਡੀ ਨੇ ਕਿਹਾ ਕਿ ਅੰਤਰਰਾਸ਼ਟਰੀ ਗਰਲ ਚਾਇਲਡ ਦਿਵਸ ਹਰ ਸਾਲ 11 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਦਾ ਉਦੇਸ਼ ਲੜਕੀਆਂ ਨੂੰ ਆਪਣੇ ਅਧਿਕਾਰਾਂ, ਸੁਰੱਖਿਆ ਅਤੇ ਸਮਾਨਤਾ ਲਈ ਜਾਗਰੂਕ ਕਰਨਾ ਹੈ, ਤਾਂ ਜੋ ਉਹ ਆਉਣ ਵਾਲੀਆਂ ਸਾਰੀਆਂ ਚੁਣੌਤੀਆਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰ ਸਕਣ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ ਨੇ ਕਿਹਾ ਕਿ ਭਾਰਤ ਅਤੇ ਪੰਜਾਬ ਸਰਕਾਰ ਨੇ ਲੜਕੀਆਂ ਦੇ

ਸਸ਼ਕਤੀਕਰਨ ਲਈ ਕਈ ਯੋਜਨਾਵਾਂ ਵੀ ਲਾਗੂ ਕੀਤੀਆਂ ਹਨ, ਜਿਨ੍ਹਾਂ ਦੇ ਅਧੀਨ "ਬੇਟੀ ਬਚਾਓ ਅਤੇ ਬੇਟੀ ਪੜ੍ਹਾਓ" ਇੱਕ ਮਹੱਤਵਪੂਰਨ ਯੋਜਨਾ ਹੈ। ਉਨ੍ਹਾਂ ਇਸ ਮੌਕੇ ਜ਼ਿਲਾ ਗੁਰਦਾਸਪੁਰ ਵਿਖੇ ਭਰੂਣ ਹੱਤਿਆ ਰੋਕਣ ਲਈ ਸਿਹਤ ਵਿਭਾਗ ਵੱਲੋਂ ਕੀਤੇ ਗਏ ਯਤਨਾਂ ਬਾਰੇ ਪ੍ਰੈਜ਼ੈਂਟੇਸ਼ਨ ਵੀ ਦਿਖਾਈ।

ਇਸ ਮੌਕੇ ਡੀਐਮਸੀ ਡਾ. ਰੋਮੀ ਰਾਜਾ, ਜ਼ਿਲਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ, ਡਾ. ਪ੍ਰਭਜੋਤ ਕਲਸੀ, ਐੱਸਐੱਮਓ ਡਾ. ਚੇਤਨਾ, ਡਾ. ਮਮਤਾ, ਪ੍ਰਿੰ. ਪਰਮਜੀਤ ਕੌਰ, ਬੀਈਈ ਸੰਦੀਪ ਕੌਰ, ਬੀਈਈ ਰਾਕੇਸ਼ ਅਤੇ ਜੀਐੱਨਐੱਮ ਸਕੂਲ ਦੀ ਵਿਦਿਆਰਥੀ ਹਾਜ਼ਰ ਸਨ.

'ਅਟਾਰੀ ਜੰਕਸ਼ਨ' ਦਾ ਟ੍ਰੇਲਰ ਰਿਲੀਜ਼

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—'ਅਟਾਰੀ ਜੰਕਸ਼ਨ-161 ਸਾਲ ਪੁਰਾਣਾ ਇਤਿਹਾਸਕ ਰੇਲਵੇ ਸਟੇਸ਼ਨ ਦਾ ਟ੍ਰੇਲਰ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਕਮਿਸ਼ਨਰ ਪੁਲਸ, ਅੰਮ੍ਰਿਤਸਰ ਨੌਨਿਹਾਲ ਸਿੰਘ, ਆਈ. ਪੀ. ਐੱਸ., ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਮਿਤ ਤਲਵਾੜ, ਆਈ. ਏ. ਐੱਸ., ਡਾ: ਜਸਪਾਲ ਸਿੰਘ ਸੰਧੂ ਵਾਈਸ ਚਾਂਸਲਰ ਜੀ. ਐੱਨ. ਡੀ. ਯੂ., ਅੰਮ੍ਰਿਤਸਰ ਵੱਲੋਂ ਪੀਵੀਆਰ ਆਈਨੌਕਸ, ਅੰਮ੍ਰਿਤਸਰ ਵਿਖੇ ਵਿਸ਼ੇਸ਼ ਸਕ੍ਰੀਨਿੰਗ ਦੇ ਨਾਲ ਸਿਵਲ, ਪੁਲਸ, ਕਸਟਮ ਅਧਿਕਾਰੀਆਂ ਅਤੇ ਪ੍ਰਮੁੱਖ ਨਾਗਰਿਕਾਂ ਦੀ ਮੌਜੂਦਗੀ ਵਿਚ ਰਿਲੀਜ਼ ਕੀਤਾ ਗਿਆ। ਇਹ ਟ੍ਰੇਲਰ ਨਾ ਸਿਰਫ ਪੰਜਾਬ ਦੇ ਲੋਕਾਂ ਲਈ ਸਗੋਂ ਵਿਸ਼ਵ ਭਰ ਦੇ ਲੋਕਾਂ ਲਈ ਅੱਖਾਂ ਖੋਲ੍ਹਣ ਵਾਲਾ ਹੈ ਜੋ 161 ਸਾਲ ਪੁਰਾਣੇ ਅਟਾਰੀ ਰੇਲਵੇ ਜੰਕਸ਼ਨ, ਜੋ ਕਿ 1947 ਵਿੱਚ ਭਾਰਤ ਦੀ ਵੰਡ ਦਾ ਗਵਾਹ ਹੈ, ਨੂੰ ਪੰਜਾਬ ਦੇ ਅਮੀਰ ਵਿਰਸੇ, ਸੱਭਿਆਚਾਰ ਅਤੇ ਸੈਰ-ਸਪਾਟਾ ਵਿੱਚ ਦਿਲਚਸਪੀ ਰੱਖਦੇ ਲੋਕਾਂ ਨੂੰ ਜਾਣੂ ਕਰਾਏਗਾ।

ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ ਦਾ ਆਵਰਆਲ ਟ੍ਰਾਫੀ 'ਤੇ ਕਬਜ਼ਾ

ਅੰਮ੍ਰਿਤਸਰ (ਅਰੋੜਾ): ਜ਼ਿਲ੍ਹਾ ਪੱਧਰ ਤੇ ਅੰਡਰ 14 ਦੇ ਖਿਡਾਰੀਆਂ ਦੇ ਮਾਧਿਅਮ ਕਰਵਾਈ ਗਈ ਪ੍ਰਤੀਯੋਗਿਤਾ ਵਿੱਚ ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ ਦੇ ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਨੇ ਇੱਕ ਅਦਭੁਤ ਮਿਸਾਲ ਕਾਇਮ ਕੀਤੀ। ਜ਼ਿਲ੍ਹਾ ਭਰ ਵਿੱਚ ਮੈਡਲਾਂ ਦੀ ਝੜੀ ਲਗਾਉਣ ਵਾਲਿਆਂ ਵਿੱਚ ਨਾਜ਼ੁਕਪ੍ਰੀਤ ਸਿੰਘ, ਪ੍ਰਯਾਸ ਸ਼ਰਮਾ, ਦਿਲਪ੍ਰੀਤ ਸਿੰਘ, ਵਰੁਣ ਗੋਲਡੀ, ਮੈਡਲ ਜਸਕੀਰਤ ਸਿੰਘ, ਸਿਮਰਨਜੀਤ ਸਿੰਘ, ਅਤੁਲ ਯਾਦਵ ਸਾਹੀ, ਕਰਿਸ਼ਮਾ ਭਨੋਟ ਬ੍ਰੋਂਜ਼ ਮੈਡਲ ਪ੍ਰਾਪਤ ਕਰਕੇ ਪ੍ਰਭਾਕਰ ਸਕੂਲ ਨੇ 31 ਪੁਆਇੰਟ ਪ੍ਰਾਪਤ ਕਰਕੇ ਆਵਰਆਲ ਟ੍ਰਾਫੀ ਹਾਸਿਲ ਕੀਤੀ।

ਇਨ੍ਹਾਂ ਸਾਰੇ ਜਿੱਤਣ ਵਾਲੇ ਖਿਡਾਰੀਆਂ ਦਾ ਸਕੂਲ ਪਹੁੰਚਣ ਤੇ ਕਿੱਕ ਬਾਕਸਿੰਗ ਬਲਦੇਵ ਰਾਜ ਦੇਵ, ਪ੍ਰਿੰ. ਰਾਜੇਸ਼ ਪ੍ਰਭਾਕਰ ਅਤੇ ਸਮੂਹ ਸਟਾਫ ਨੇ ਉਨ੍ਹਾਂ ਨੂੰ ਫੁੱਲ ਮਾਲਾਵਾਂ ਪਹਿਨਾ ਕਰੇ ਉਨ੍ਹਾਂ ਦਾ ਹੌਂਸਲਾ ਬੁਲੰਦ ਕੀਤਾ। ਪ੍ਰਿੰ. ਰਾਜੇਸ਼ ਪ੍ਰਭਾਕਰ ਨੇ ਦੱਸਿਆ ਕਿ ਸਕੂਲ ਦੇ ਖਿਡਾਰੀ ਪਹਿਲਾਂ ਵੀ ਨੈਸ਼ਨਲ ਪੱਧਰ ਤੇ ਮੈਡਲ ਪ੍ਰਾਪਤ ਕਰ ਚੁੱਕੇ ਹਨ। ਕੋਚ ਦੀ ਸਖਤ ਮੇਹਨਤ ਦੇ ਚਲਦੇ ਖਿਡਾਰੀਆਂ ਨੇ ਬੁਲੰਦੀਆਂ ਹਾਸਿਲ ਕੀਤੀਆਂ।

ਉਨ੍ਹਾਂ ਨੇ ਕਿਹਾ ਕਿ ਚੰਗੇ ਖਿਡਾਰੀ ਤਿਆਰ ਕਰਨ ਦੇ ਲਈ ਇੱਕ ਚੰਗੇ ਕੋਚ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਤੇ ਡੀ. ਪੀ. ਮਨਵਿੰਦਰ ਸਿੰਘ, ਕੋਚ ਬਲਦੇਵ ਰਾਜ ਦੇਵ, ਮੈਡਮ ਇੰਦੂ ਕਾਲੀਆ, ਸੰਗੀਤਗੁਰੂ ਸਮੀਰ ਰਾਣਾ, ਡਰਾਇੰਗ ਅਧਿਆਪਕ ਅਸ਼ਵਨੀ ਕੁਮਾਰ ਲਵਲੀ ਅਤੇ ਹੋਰ ਸਕੂਲ ਸਟਾਫ ਮੌਜੂਦ ਸੀ।

ਸ਼ਕਤੀ ਪੰਪਸ ਨੂੰ ਮਿਲਿਆ ਪੀਐੱਮ-ਕੁਸੁਮ-ਸਕੀਮ-ਕੰਪੋਨੈਂਟ-ਸੀ ਦਾ ਪਹਿਲਾ ਕਮਰਸ਼ੀਅਲ ਆਰਡਰ

ਜਲੰਧਰ : ਨਵਿਆਉਣਯੋਗ (ਰੀਨਊਰੇਬਲ) ਊਰਜਾ ਖੇਤਰ ਵਿੱਚ ਪ੍ਰਮੁੱਖ ਕੰਪਨੀ ਸ਼ਕਤੀ ਪੰਪਸ ਨੂੰ ਅਜਮੇਰ ਬਿਜਲੀ ਵੰਡ ਨਿਗਮ ਦੁਆਰਾ ਪੀ.ਐੱਮ.-ਕੁਸੁਮ ਸਕੀਮ ਕੰਪੋਨੈਂਟ-ਸੀ ਦੇ ਤਹਿਤ ਪਹਿਲਾ 149.7 ਕਰੋੜ ਰੁਪਏ ਦਾ ਕਮਰਸ਼ੀਅਲ਼ ਆਰਡਰ ਪ੍ਰਾਪਤ ਹੋਇਆ ਹੈ। ਇਹ ਮਹੱਤਵਪੂਰਨ ਪ੍ਰਾਪਤੀ ਸੋਲਰ ਐਨਰਜੀ ਦੀ ਵਰਤੋਂ ਲਈ ਭਾਰਤ ਦੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ ਜੋ ਕਿ ਊਰਜਾ ਅਤੇ ਖੇਤੀਬਾੜੀ ਅਭਿਆਸਾਂ ਨੂੰ ਆਤਮ-ਨਿਰਭਰ ਭਾਰਤ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਦੀ ਹੈ। ਇਸ ਪ੍ਰੋਜੈਕਟ ਵਿੱਚ ਅਕੁਸ਼ਲ ਇਲੈਕਟ੍ਰਿਕ ਪੰਪਾਂ ਨੂੰ ਬੀਐੱਲਡੀਸੀ ਸੋਲਰ ਪੰਪਸੈੱਟਾਂ ਨਾਲ ਬਦਲਿਆ ਜਾਵੇਗਾ, ਜਿੱਥੇ ਪੰਪ ਸੈੱਟ ਸੋਲਰ ਐਨਰਜੀ ਦੇ ਜਰੀਏ ਪੈਦਾ ਹੋਣ ਵਾਲੀ ਬਿਜਲੀ 'ਤੇ ਚੱਲਣਗੇ ਅਤੇ ਬਾਕੀ ਬਚੀ ਬਿਜਲੀ ਨੂੰ ਗਰਿੱਡ ਵਿੱਚ ਭੇਜਿਆ ਜਾ ਸਕੇਗਾ, ਬਾਕੀ ਬਚੀ ਬਿਜਲੀ ਨੂੰ ਡਿਸਕਾਮ ਨੂੰ ਵੇਚਣ ਨਾਲ ਕਿਸਾਨਾਂ ਨੂੰ ਕਮਾਈ ਦਾ ਮੌਕਾ ਵੀ ਮਿਲੇਗਾ। ਸ਼ਕਤੀ ਪੰਪਸ ਦੇ ਚੇਅਰਮੈਨ ਸ਼੍ਰੀ ਦਿਨੇਸ਼ ਪਾਟੀਦਾਰ ਨੇ ਕਿਹਾ ਕਿ ਇਹ ਪਰਿਵਰਤਨਕਾਰੀ ਯਤਨ ਅੰਨਦਾਤਾ ਨੂੰ ਊਰਜਾ ਦਾਤਾ ਵਿੱਚ ਬਦਲ ਦੇਵੇਗਾ ।

ਬੱਬਰੀ ਵਿਖੇ ਬਣੇਗਾ ਸਟੇਟ ਮਿਡਵਾਈਫਰੀ ਇੰਸਟੀਚਿਊਟ: ਡਾ. ਹਰਭਜਨ ਰਾਮ ਮਾਂਡੀ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਗੁਰਦਾਸਪੁਰ ਵਿਚ ਸਟੇਟ ਮਿਡਵਾਈਫਰੀ ਇੰਸਟੀਚਿਊਟ ਬਣੇਗਾ। ਇਸ ਗੱਲ ਦੀ ਜਾਣਕਾਰੀ ਸਿਵਲ ਸਰਜਨ ਗੁਰਦਾਸਪੁ ਡਾ. ਹਰਭਜਨ ਰਾਮ ਮਾਂਡੀ ਨੇ ਜ਼ਿਲਾ ਮਿਡਵਾਈਫਰੀ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ। ਸਿਵਲ ਸਰਜਨ ਨੇ ਦੱਸਿਆ ਕਿ ਪੰਜਾਬ ਵਿਚ ਜਿਨ੍ਹਾਂ ਤਿੰਨ ਜਗ੍ਹਾਂ ਤੇ ਸਟੇਟ ਮਿਡਵਾਈਫਰੀ ਇੰਸਟੀਚਿਊਟ ਖੋਲ੍ਹੇ ਜਾ ਰਿਹੇ ਹਨ, ਉਨ੍ਹਾਂ ਵਿਚੋਂ ਗੁਰਦਾਸਪੁਰ ਵੀ ਇਕ ਹੈ। ਰਾਜ ਵਲੋਂ ਹਦਾਇਤ ਕੀਤੀ ਗਈ ਹੈ ਕਿ ਸੰਸਥਾ ਦੇ ਮੁੱਢਲੇ ਢਾਂਚੇ ਦਾ ਖਾਕਾ ਤਿਆਰ ਕੀਤਾ ਜਾਵੇ। ਜ਼ਰੂਰੀ ਇਮਾਰਤ ਦੀ ਰੂਪ ਰੇਖਾ, ਜ਼ਰੂਰੀ ਸਾਮਾਨ ਦੇ ਨਾਲ ਹੀ ਜੋ ਵੀ ਚੀਜ਼ਾਂ ਲੋੜੀਂਦੀਆਂ ਹਨ, ਉਨ੍ਹਾਂ ਦੀ ਰੂਪ ਰੇਖਾ ਤਿਆਰ ਕੀਤੀ ਜਾ ਰਹੀ ਹੈ। ਐੱਸਐੱਮਓ ਡਾ. ਚੇਤਨਾ ਦੀ ਦੇਖਰੇਖ ਵਿਚ ਏਐੱਨਐੱਮ/ਜੀਐੱਨਐੱਮ ਸਕੂਲ ਦੀ ਪ੍ਰਿੰਸੀਪਲ ਪਰਮਜੀਤ ਕੌਰ ਇਹ ਖਾਕਾ ਤਿਆਰ ਕਰ ਰਹੇ ਹਨ। ਮੀਟਿੰਗ ਵਿਚ ਜ਼ਿਲਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ ਅਤੇ ਡੀਐੱਮਸੀ ਡਾ. ਰੋਮੀ ਰਾਜਾ ਵਲੋਂ ਜ਼ਰੂਰੀ ਹਿਦਾਇਤਾਂ ਦਿੱਤੀਆਂ ਗਈਆਂ। ਉਨ੍ਹਾਂ ਇਹ ਰਿਪੋਰਟ ਜਲਦ ਤੋਂ ਜਲਦ ਤਿਆਰ ਕਰਨ ਲਈ ਕਿਹਾ ਤਾਂ ਜੋ ਖੇਤਰ ਨੂੰ ਇਕ ਵਧੀਆ ਟ੍ਰੇਨਿੰਗ ਸਕੂਲ ਮਿਲ ਸਕੇ। ਇਸ ਮੌਕੇ ਡਾ. ਪ੍ਰਭਜੋਤ ਕਲਸੀ, ਡੀਪੀਐੱਮ ਗੁਰਪ੍ਰੀਤ ਸਿੰਘ, ਦੀਪਿਕਾ ਭੱਲਾ, ਐੱਸਡੀਓ ਸੁਨੀਲ ਆਦਿ ਹਾਜ਼ਰ ਸਨ।



ਬੈਸਟ ਟੀਚਰ/ਬੈਸਟ ਵਿਦਿਆਰਥੀ ਐਵਾਰਡ ਜੇਤੂਆਂ ਦਾ ਸਨਮਾਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕੁਝ ਦਿਨ ਪਹਿਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡੇਰਾ ਬਾਬਾ ਨਾਨਕ ਵਿਖੇ ਸਿੱਖਿਆ ਇੱਕ ਸੰਕਲਪ ਪ੍ਰੋਗਰਾਮ ਅਧੀਨ ਬਲਾਕ ਲੈਵਲ ਤੇ ਅਧਿਆਪਕਾ ਅਤੇ ਵਿਦਿਆਰਥੀਆਂ ਦੇ ਆਪਸੀ ਮੁਕਾਬਲੇ ਕਰਵਾਏ ਗਏ ਸਨ ਜਿਸ ਵਿੱਚ ਬੈਸਟ ਟੀਚਰ ਐਵਾਰਡ ਮੈਡਮ ਨਵਗੀਤ ਕੌਰ ਸਰਕਾਰੀ ਹਾਈ ਸਕੂਲ ਉਧੋਵਾਲੀ ਬਲਾਕ ਡੇਰਾ ਬਾਬਾ ਨਾਨਕ-1 , ਕਮਲਜੀਤ ਕੌਰ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ ਕੋਟਲੀ ਸੂਰਤ ਮੱਲ੍ਹੀ ਬਲਾਕ ਡੇਰਾ ਬਾਬਾ ਨਾਨਕ-2 , ਬਲਜਿੰਦਰ ਕੌਰ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ ਦੋਸਤਪੁਰ ਬਲਾਕ ਕਲਾਨੌਰ ਅਤੇ ਬੈਸਟ ਵਿਦਿਆਰਥੀ ਦੇ ਐਵਾਰਡ ਲਈ ਸੁਨੀਤਾ ਸਰਕਾਰੀ ਮਿਡਲ ਸਕੂਲ ਰੱਤੜ-ਛੱਤੜ ਬਲਾਕ ਡੇਰਾ ਬਾਬਾ ਨਾਨਕ-1, ਸੁਖਪ੍ਰੀਤ ਕੌਰ ਸਰਕਾਰੀ ਮਿਡਲ ਸਕੂਲ ਸ਼ਾਹਪੁਰ ਅਮਰਗੜ ਬਲਾਕ ਡੇਰਾ ਬਾਬਾ ਨਾਨਕ-2 ਅਤੇ ਸਿਮਰਨਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋਸੇ ਬਲਾਕ ਕਲਾਨੌਰ ਦੀ ਚੋਣ ਕੀਤੀ ਗਈ।

ਅੱਜ ਜ਼ਿਲਾ ਸਿੱਖਿਆਂ ਅਫਸਰ ਸੈਕੰਡਰੀ ਵਿਨੋਦ ਸ਼ਰਮਾ ਵੱਲੋਂ ਆਪਣੇ ਸਟਾਫ ਸਮੇਤ ਮੁੱਖ ਮਹਿਮਾਨ ਵਜੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਵਿਖੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਮੁਕਾਬਲਿਆਂ ਵਿੱਚ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਟੀਚਰਾਂ/ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀਈਓ ਵਿਨੋਦ ਸ਼ਰਮਾ ਨੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪਣੇ ਹੁਨਰ ਨੂੰ ਹੋਰ

ਨਿਖਾਰਨ ਲਈ ਪ੍ਰੇਰਿਤ ਕੀਤਾ ਅਤੇ ਭਵਿੱਖ ਵਿੱਚ ਹੋਰ ਐਵਾਰਡ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਬਲਾਕ ਨੋਡਲ ਅਫਸਰ ਡੇਰਾ ਬਾਬਾ ਨਾਨਕ -1 ਪ੍ਰਿੰ. ਮੈਡਮ ਰੁਪਿੰਦਰਜੀਤ ਧਾਲੀਵਾਲ, ਬਲਾਕ ਨੋਡਲ ਅਫਸਰ ਡੇਰਾ ਬਾਬਾ ਨਾਨਕ -2 ਪ੍ਰਿੰਸੀਪਲ ਵਰਿੰਦਰ ਸਿੰਘ ਕਾਹਲੋਂ, ਪ੍ਰਿੰ. ਬਿਕਰਮਜੀਤ ਸਿੰਘ ਚਾਹਲ, ਜ਼ਿਲ੍ਹਾ ਮੈਥ ਕੋਆਰਡੀਨੇਟਰ ਗੁਰਨਾਮ ਸਿੰਘ, ਨਿਰਮਲ ਸਿੰਘ ਬੀਐਨਓ, ਅਮਨ ਗੁਪਤਾ ਗੁਰਦਾਸਪੁਰ, ਸੁਮਿਤ ਕੁਮਾਰ ਗੁਰਦਾਸਪੁਰ, ਕੁਲਵਿੰਦਰ ਪਾਲ ਸਿੰਘ ਹਿੰਦੀ ਲੈਕਚਰਾਰ, ਮੈਡਮ ਕੰਵਲਜੀਤ ਸੋਢੀ, ਮੈਡਮ ਦਵਿੰਦਰ ਕੌਰ ਲੈਕਚਰਾਰ ਬਾਇਓ, ਸਤਿੰਦਰਪਾਲ ਸਿੰਘ ਬੀ.ਐਮ ਮੈਥ, ਰਾਜ ਕੁਮਾਰ ਬੀ.ਐਮ ਮੈਥ, ਬਲਵਿੰਦਰ ਸਿੰਘ ਬੀ.ਐਮ. ਹਿੰਦੀ, ਅਰੁਣ ਕੁਮਾਰ ਬੀ.ਐਮ. ਸਾਇੰਸ, ਸੁਖਵਿੰਦਰ ਸਿੰਘ ਬੀ.ਐਮ. ਸਾਇੰਸ, ਪਲਵਿੰਦਰ ਸਿੰਘ ਸਾਇੰਸ ਮਾਸਟਰ, ਜਗਜੀਤ ਸਿੰਘ, ਸਤਨਾਮ ਸਿੰਘ, ਪੰਕਜ ਕੁਮਾਰ, ਨਿਰਮਲ ਸਿੰਘ, ਲਵ ਕੁਮਾਰ, ਕੰਚਨਪ੍ਰੀਤ ਕੌਰ, ਮੈਡਮ ਜਸਪ੍ਰੀਤ ਕੌਰ, ਗੁਰਮੀਤ ਕੌਰ, ਸੁਖਜਿੰਦਰ ਕੌਰ, ਅਮਨਪ੍ਰੀਤ ਕੌਰ ਅਧਿਆਪਕ ਆਦਿ ਹਾਜ਼ਰ ਸਨ।

ਇੰਸਪੈਕਟਰ ਰਘਬੀਰ ਸਿੰਘ ਦੀ ਕੌਮੀ ਸ਼ਹਾਦਤ ਨੂੰ ਸਿਜਦਾ

ਬੁਤਾਲਾ (ਨਿਰਮਲ ਸੰਘਾ)-ਅੱਜ ਇੱਥੇ ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਠਿਆਲਾ ਵਿੱਚ ਡਾਇਰੈਕਟਰ ਜਨਰਲ ਸੀਆਰਪੀਐੱਫ਼ ਦੀ ਰਹਿਨੁਮਾਈ ਹੇਠ ਸੀਆਰਪੀਐੱਫ਼ ਗਰੁੱਪ ਸੈਂਟਰ ਜਲੰਧਰ ਦੇ ਡੀਆਈਜੀ ਗੁਰਸ਼ਕਤੀ ਸਿੰਘ ਸੋਢੀ ਵੱਲੋਂ ਸ਼ਹੀਦ ਦੀ ਪਤਨੀ ਵੀਰ ਨਾਰੀ ਬਲਜੀਤ ਕੌਰ ਅਤੇ ਪੁੱਤਰ ਤਹਿਸੀਲਦਾਰ ਅੰਮ੍ਰਿਤਬੀਰ ਸਿੰਘ ਦੇ ਸਹਿਯੋਗ ਨਾਲ ਕੌਮੀ ਪੱਧਰ ਦਾ ਸ਼ਰਧਾਂਜਲੀ ਸਮਾਰੋਹ ਸ਼ਹੀਦ ਇੰਸਪੈਕਟਰ ਰਘਬੀਰ ਸਿੰਘ (ਸ਼ਹਾਦਤ ਉਪਰੰਤ ਰਾਸ਼ਟਰਪਤੀ ਪੁਲਸ ਮੈਡਲ ਨਾਲ ਸਨਮਾਨਿਤ) ਦੀ ਯਾਦ ਵਿੱਚ ਕਰਵਾਇਆ ਗਿਆ। ਇਸ ਵਿੱਚ ਸੀਆਰਪੀਐੱਫ਼ ਦੀ ਪੁਲਿਸ ਦੇ ਡਾਇਰੈਕਟਰ ਜਨਰਲ ਦੀ ਅਗਵਾਈ ਵਿੱਚ ਰਵਾਨਾ ਕੀਤੀ ਗਈ ਸ੍ਰੀਨਗਰ ਤੋਂ ਕੰਨਿਆ ਕੁਮਾਰੀ ਤੱਕ ਮੋਟਰਸਾਈਕਲ ਰੈਲੀ ਦੀਆਂ 50 ਸੀਆਰਪੀਐੱਫ਼ ਕਰਮਚਾਰਨਾਂ ਤੇ ਅਧਿਕਾਰੀ ਸਾਹਿਬਾਨ ਵੱਲੋਂ ਵਿਸ਼ੇਸ਼ ਰੂਪ ਵਿੱਚ ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਵਿਸ਼ੇਸ਼ ਸ਼ਰਧਾਂਜਲੀ ਦਿੱਤੀ ਗਈ, ਜਿਸ ਵਿੱਚ ਪੁਲਸ ਬੈਂਡ ਰਾਹੀਂ ਰੈਲੀ 'ਚ ਸ਼ਾਮਿਲ ਮਹਿਲਾਵਾਂ ਨੂੰ ਹਾਰਾਂ ਨਾਲ ਜੀ ਆਇਆਂ ਵੀ ਕਿਹਾ ਗਿਆ। ਮੁੱਖ ਮਹਿਮਾਨ ਦੇ ਰੂਪ ਵਿੱਚ ਡੀਆਈਜੀ ਸੀਆਰਪੀਐੱਫ਼ ਗੁਰਸ਼ਕਤੀ ਸਿੰਘ ਸੋਢੀ, ਆਈਪੀਐੱਸ ਨੇ ਸ਼ਿਰਕਤ ਕੀਤੀ, ਜਦੋਂਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਾਬਾ ਬਕਾਲਾ ਦੇ ਐੱਸਡੀਐੱਮ ਅਲਕਾ ਕਾਲੀਆ ਪੀਸੀਐੱਸ., ਕਮਾਂਡੈਂਟ ਜਤਿੰਦਰਪਾਲ ਸਿੰਘ, ਪੁਲਸ ਪ੍ਰਸ਼ਾਸਨ ਵੱਲੋਂ ਡੀਐੱਸਪੀ

ਬਾਬਾ ਬਕਾਲਾ ਸੁਖਵਿੰਦਰਪਾਲ ਸਿੰਘ, ਤਹਿਸੀਲਦਾਰ ਅੰਮ੍ਰਿਤਬੀਰ ਸਿੰਘ, ਤਹਿਸੀਲਦਾਰ ਸੁਖਦੇਵ ਕੁਮਾਰ ਬੰਗੜ, ਡਿਪਟੀ ਕਮਾਂਡੈਂਟ ਤਾਰ ਯਾਦਵ, ਵੀਰ ਨਾਰੀ ਬਲਜੀਤ ਕੌਰ ਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ (ਨੈਸ਼ਨਲ ਐਵਾਰਡੀ) ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਿਲ ਹੋਏ। ਸ਼ਹੀਦ ਰਘਬੀਰ ਸਿੰਘ ਦੀ ਸ਼ਹਾਦਤ ਦੀ ਮਹਾਨਤਾ ਨੂੰ ਦਰਸਾਉਂਦੇ ਇਸ ਕੌਮੀ ਪੱਧਰ ਦੇ ਸਮਾਗਮ ਵਿੱਚ ਅਨੇਕਤਾ 'ਚੋਂ ਏਕਤਾ ਦਾ ਸੁਨੇਹਾ ਦੇ ਕੇ ਔਰਤ ਦੀ ਤਾਕਤ ਅਤੇ ਦੇਸ਼ ਭਗਤੀ ਦੇ ਪੈਗਾਮ ਨੂੰ ਸੈਂਕੜਿਆਂ ਦੀ ਤਦਾਦ ਵਿੱਚ ਹਾਜ਼ਰ ਸਰੋਤਿਆਂ ਦੇ ਮਾਧਿਅਮ ਰਾਹੀਂ ਘਰ-ਘਰ ਪਹੁੰਚਾਇਆ ਗਿਆ। ਦੇਸ਼ ਭਗਤੀ ਦੇ ਰੰਗ 'ਚ ਰੰਗੇ ਇਸ ਸਮਾਰੋਹ ਵਿੱਚ ਹਾਜ਼ਰ ਭਰਵਾਂ ਇਕੱਠ ਵੱਲੋਂ ਹੱਥ ਵਿੱਚ ਤਿਰੰਗਿਆਂ ਨਾਲ 'ਭਾਰਤ ਮਾਂ ਦੀ ਜੈ', 'ਜੈ ਜਵਾਨ' ਦੇ ਨਾਅਰੇ ਵੀ ਗੂੰਜ ਰਹੇ ਸਨ । ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਸ਼ਾਇਰਾਂ ਮੱਖਣ ਭੈਣੀਵਾਲਾ, ਮਾ: ਮਨਜੀਤ ਸਿੰਘ ਵੱਸੀ, ਅਰਜਿੰਦਰ ਬੁਤਾਲਵੀ ਅਤੇ ਸਕੂਲ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤਾਂ ਦਾ ਗਾਇਨ ਕਰਕੇ ਦੇਸ਼ ਭਗਤੀ ਦਾ ਰੰਗ ਭਰਿਆ । ਉਪਰੰਤ ਸ਼ਹੀਦ ਪਰਿਵਾਰ ਵੱਲੋਂ ਤਹਿਸੀਲਦਾਰ ਅੰਮ੍ਰਿਤਬੀਰ ਸਿੰਘ ਦੀ ਅਗਵਾਈ 'ਚ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ, ਰੈਲੀ 'ਚ ਸ਼ਾਮਿਲ ਅਧਿਕਾਰੀਆਂ ਤੇ ਗੀਤਕਾਰਾਂ ਨੂੰ ਸਨਮਾਨ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰ. ਅਵਤਾਰ ਕੌਰ ਤੇ ਡੀ. ਐੱਸ. ਪੀ. ਨਿਰਮਲਜੀਤ ਕੌਰ ਕੌਰ ਵੱਲੋਂ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਡੀ. ਆਈ. ਜੀ. ਗੁਰਸ਼ਕਤੀ ਸਿੰਘ ਢਿੱਲੋਂ ਵੱਲੋਂ ਸ਼ਹੀਦ ਦੇ ਪਰਿਵਾਰ ਸਮੇਤ ਵਿਸ਼ੇਸ਼ ਮਹਿਮਾਨਾਂ ਦੇ ਨਾਲ 50 ਸੀਆਰਪੀਐੱਫ਼ ਮਹਿਲਾਵਾਂ ਦੀ ਮੋਟਰਸਾਈਕਲ ਰੈਲੀ ਨੂੰ ਹਰੀ ਝੰਡੀ ਦੇ ਕੇ ਗੁਜਰਾਤ ਵੱਲ ਰਵਾਨਾ ਹੋਣ ਲਈ ਤੋਰਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸੈਨਿਕਾਂ ਦਾ ਸੂਬਾ ਪ੍ਰਧਾਨ ਸੁਲੇਂਦਰ ਸਿੰਘ ਕੰਡੀ, ਐੱਮ. ਡੀ. ਚਰਨਜੀਤ ਸਿੰਘ ਪਾਰੋਵਾਲ, , ਵੱਖ-ਵੱਖ ਸਾਬਕਾ ਸੈਨਿਕ, ਸ਼ਹੀਦ ਦੀ ਪੋਤੀ ਜਸਰੀਨ ਕੌਰ, ਇੰਜੀਨੀਅਰ ਰਵੀਨਾ, ਸਰਵਣ ਸਿੰਘ ਕਲਸੀ, ਕਸ਼ਮੀਰ ਸਿੰਘ ਕਲਸੀ, ਦਿਆਲ ਸਿੰਘ ਕਲਸੀ, ਸ਼ਹੀਦ ਦੇ ਭਰਾ ਕੁਲਦੀਪ ਸਿੰਘ, ਇਲਾਕੇ ਦੇ ਲੋਕ ਤੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

CMYK

ਸ਼ਰਬਤ ਦੀਆਂ ਘੁੱਟਾਂ

'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਨਾਲ ਸਰਬਜੀਤ ਕੰਗਣੀਵਾਲ, ਬੁੱਧ ਸਿੰਘ ਨੀਲੋਂ ਤੇ ਗਿਆਨ ਸੈਦਪੁਰੀ ।

ਸ਼ਾਹਕੋਟ (ਗਿਆਨ ਸੈਦਪੁਰੀ) ਇਹ ਗੱਲ ਨਵਾਂ ਜ਼ਮਾਨਾ ਪਰਵਾਰ ਵਿੱਚ ਆਮ ਤੌਰ 'ਤੇ ਜਾਣੀ ਜਾਂਦੀ ਹੈ ਕਿ ਜਿਹੜਾ ਬੰਦਾ ਵੀ ਇਸ ਅਦਾਰੇ ਦੇ ਕਿਸੇ ਵੀ ਵਿਭਾਗ ਵਿੱਚ ਥੋੜ੍ਹਾ ਜਾਂ ਬਹੁਤਾ ਸਮਾਂ ਲਾ ਕੇ ਜਾਂਦਾ ਹੈ, ਉਹ ਇਸ ਪ੍ਰਤੀ ਮਨ ਵਿੱਚ ਸਦੀਵੀਂ ਮੋਹ ਪਾਲ ਲੈਂਦਾ ਹੈ। ਕਈ ਵਰ੍ਹੇ ਨਵਾਂ ਜ਼ਮਾਨਾ ਦੀ ਖਬਰ ਮੇਜ ਦਾ ਹਿੱਸਾ ਰਹੇ ਸਰਬਜੀਤ ਕੰਗਣੀਵਾਲ ਅਤੇ ਬੁੱਧ ਸਿੰਘ ਨੀਲੋਂ ਇਸ ਦੇ ਵਿਹੜੇ ਆਏ ਤਾਂ ਨਵਾਂ ਜ਼ਮਾਨਾ ਦੇ ਸਟਾਫ ਤੇ ਖਾਸ ਕਰਕੇ ਸੰਪਾਦਕ ਚੰਦ ਫਤਿਹਪੁਰੀ ਨਾਲ ਮਿਲ ਕੇ ਬਾਗੋ- ਬਾਗ ਹੋ ਗਏ। ਕੰਗਣੀਵਾਲ ਅੱਜ ਕੱਲ੍ਹ ਚੰਡੀਗੜ੍ਹ ਦੇ ਸਕੱਤਰੇਤ ਵਿੱਚ ਲੋਕ ਸੰਪਰਕ ਅਧਿਕਾਰੀ ਹੈ ਅਤੇ ਨੀਲੋਂ 'ਰੋਜ਼ਾਨਾ ਪਰਾਈਮ ਉਦੈ' ਦਾ ਸੰਪਾਦਕ ਹੈ। ਦੋਵਾਂ ਨੇ ਨਵਾਂ ਜ਼ਮਾਨਾ ਨਾਲ ਜੁੜੀਆਂ ਢੇਰ ਸਾਰੀਆਂ ਯਾਦਾਂ ਤਾਜਾ ਕੀਤੀਆਂ, ਸਮੇਤ ਥੋੜੀ ਤਨਖਾਹ ਪਰ ਮਿਲਦੇ ਰਹੇ ਬਹੁਤੇ ਸਕੂਨ ਦੀਆਂ। ਬਿਨਾਂ ਕਿਸੇ ਏਜੰਡੇ ਦੇ ਹੋਈਆਂ ਖੁੱਲ੍ਹੀਆਂ ਗੱਲਾਂ ਦੌਰਾਨ ਜੇਕਰ ਗੱਲ ਅਨੰਦ ਸਾਹਿਬ ਦੀ ਹੋਈ ਤਾਂ ਅਦਾਰੇ ਦੇ ਲੇਖਾ ਵਿਭਾਗ ਦਾ ਕੰਮ ਵੇਖ ਰਹੇ ਅਨੰਦ ਸਿੰਘ (ਛੋਟੂ) ਦੇ ਕੰਮ ਦਾ ਵੀ ਜ਼ਿਕਰ ਹੋਇਆ। ਬਲਬੀਰ ਪ੍ਰਵਾਨਾ ਵੱਲੋ ਐਤਵਾਰਤਾ ਨੂੰ ਸਾਹਿਤਕ ਹਲਕਿਆਂ ਵਿੱਚ ਹਰਮਨ ਪਿਆਰਾ ਬਣਾਉਣ ਦਾ ਜ਼ਿਕਰ ਹੋਇਆ ਤਾਂ ਇੰਦਰਜੀਤ ਚੁਗਾਵਾਂ ਦੇ ਸਮਾਚਰ ਸੰਪਾਦਕ ਵਜੋਂ ਪਾਠਕ ਸਾਂਝ ਦੀਆਂ ਤੰਦਾਂ ਦੀ ਵੀ ਗੱਲ ਹੁੰਦੀ ਰਹੀ। ਡਾ. ਗਿਆਨ ਸਿੰਘ ਦੀ ਟਿੱਪਣੀ ਕਿ ਬਹੁਤੀ ਵਾਰ ਨਵਾਂ ਜ਼ਮਾਨਾ ਦੇ ਸਿਰਲੇਖਾਂ ਵਿੱਚ ਪੰਜਾਬੀ ਮੁਹਾਵਰੇ ਦਾ ਝਲਕਾਰਾ ਖੂਬ ਨਜਰ ਆਉਂਦਾ ਹੈ ਤਾਂ ਕੋਲ ਬੈਠੇ ਰੇਸ਼ਮ ਹੁਰੀ ਮਿੰਨਾ ਮਿੰਨਾ ਮੁਸਕਰਾ ਪਏ, ਕਿਉਂ ਇਹ ਮੁਹਾਵਰਾ ਬਣਾਉਣ ਵਿੱਚ ਉਹ ਵੀ ਹਿੱਸੇਦਾਰ ਹਨ। ਮੌਜੂਦਾ ਸਾਹਿਤ ਸੰਪਾਦਕ ਡਾ. ਹਰਜਿੰਦਰ ਸਿੰਘ ਅਟਵਾਲ ਦੇ ਦਫਤਰ ਵਿੱਚ ਮਿਲ ਬੈਠੇ ਸਾਥੀ ਜਿੱਥੇ ਚਾਹ ਦੀਆਂ ਚੁਸਕੀਆ ਲੈਂਦੇ ਰਹੇ ਉੱਥੇ ਅਦਾਰੇ ਨਾਲ ਜੁੜੀਆਂ ਰਹੀਆਂ ਵੱਖ-ਵੱਖ ਸ਼ਖਸੀਅਤਾਂ ਦੇ ਮੋਹ ਦੇ ਸ਼ਰਬਤ ਦੀਆਂ ਘੁੱਟਾਂ ਵੀ ਭਰਦੇ ਰਹੇ।

ਹਰਮਿਲਨ ਬੈਂਸ ਦਾ ਸਨਮਾਨ ਭਲਕੇ

ਮਾਹਿਲਪੁਰ, (ਸਫਰੀ)-ਚੀਨ ਦੇ ਸ਼ਹਿਰ ਹੁਆਂਗਜੂ ਵਿੱਚ ਸੰਪੰਨ ਹੋਈਆਂ ਏਸ਼ੀਅਨ ਖੇਡਾਂ ਵਿੱਚ 800 ਮੀਟਰ ਅਤੇ 1500 ਮੀਟਰ ਦੌੜ ਮੁਕਾਬਲੇ ਵਿੱਚ ਭਾਰਤ ਦੀ ਝੋਲੀ ਵਿੱਚ ਚਾਂਦੀ ਦੇ ਦੋ ਤਮਗੇ ਪਾ ਕੇ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੀ ਮਾਹਿਲਪੁਰ ਸ਼ਹਿਰ ਦੀ ਵਸਨੀਕ ਐਥਲੀਟ ਹਰਮਿਲਨ ਬੈਂਸ ਦੇ ਸਵਾਗਤ ਸਬੰਧੀ 13 ਅਕਤੂਬਰ ਨੂੰ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਵਿੱਚ ਪੁੱਜਣ 'ਤੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਪੈਟਰਨ ਡਾ ਜੰਗ ਬਹਾਦਰ ਸਿੰਘ ਰਾਏ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ ਮਾਹਿਲਪੁਰੀ ਦੀ ਅਗਵਾਈ ਹੇਠ ਇਕ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਨਮਾਨ ਸਮਾਰੋਹ ਵਿੱਚ ਕਾਲਜ ਦੀ ਪ੍ਰਬੰਧਕੀ ਕਮੇਟੀ, ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਹਰਮਿਲਨ ਬੈਂਸ ਦਾ ਕਾਲਜ ਪੁੱਜਣ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਜਾਵੇਗਾ। ਉਨਾਂ ਕਿਹਾ ਕਿ ਹਰਮਿਲਨ ਬੈਂਸ ਦੀ ਇਸ ਪ੍ਰਾਪਤੀ ਨਾਲ ਪੂਰੀ ਦੁਨੀਆ ਵਿੱਚ ਭਾਰਤ ਦਾ ਨਾਂਅ ਰੌਸ਼ਨ ਹੋਇਆ ਹੈ।

ਪੰਜਾਬ ਰੋਡੇਵਜ਼ ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਦੀ ਹੋਈ ਮਹੀਨਾਵਾਰ ਮੀਟਿੰਗ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਪੰਜਾਬ ਰੋਡੇਵਜ਼ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ (ਰਜਿ) ਹੁਸ਼ਿਆਰਪੁਰ ਦੀ ਮੀਟਿੰਗ ਪ੍ਰਧਾਨ ਅਨਿਲ ਕੁਮਾਰ ਸਾਬਕਾ ਜਨਰਲ ਮੈਨੇਜਰ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਸ਼ੁਰੂ ਹੋਣ ਤੇ ਇਸ ਜੱਥੇਬੰਦੀ ਦੇ ਬਾਨੀ ਸਵ: ਰਤਨ ਚੰਦ ਭਾਰਦਵਾਜ ਜਿਨਾਂ ਦੀ ਅਕਤੂਬਰ 2015 ਵਿੱਚ ਮੌਤ ਹੋ ਗਈ ਸੀ, ਉਨਾਂ ਦੀ 8ਵੀਂ ਬਰਸੀ 'ਤੇ 2 ਮਿੰਟ ਦਾ ਮੌਨ ਰੱਖ ਦੇ ਸ਼ਰਧਾਂਜਲੀ ਦਿੱਤੀ ਗਈ ਅਤੇ ਅਰਦਾਸ ਕੀਤੀ ਕਿ ਵਾਹਿਗੁਰੂ ਉਨਾਂ ਦੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਵੇ। ਇਸ ਤੋਂ ਬਾਅਦ ਇਸ ਜੱਥੇਬੰਦੀ ਵਿੱਚ ਨਵੇਂ ਆਏ ਮੈਂਬਰ ਰਾਮਜੀ ਦਾਸ ਸਾਬਕਾ ਸਕਿਓਰਿਟੀ ਅਫਸਰ ਨੂੰ ਸਨਮਾਨਿਤ ਕੀਤਾ ਗਿਆ।

ਇਸ ਜੱਥੇਬੰਦੀ ਦੇ ਸੀਨੀਅਰ ਵਾਈਸ ਪ੍ਰਧਾਨ ਗੁਰਮੀਤ ਸਿੰਘ ਚੱਕ ਸ਼ੇਖਾਂ ਜੋ ਕਿ ਕੈਨੇਡਾ ਦੇ ਪੱਕੇ ਵਸਨੀਕ ਹੋ ਕੇ ਕੈਨੇਡਾ ਸ਼ਿਫਟ ਹੋ ਰਹੇ ਹਨ ਉਨਾਂ ਨੂੰ ਸਾਰੀ ਜੱਥੇਬੰਦੀ ਵਲੋਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਬਾਕੀ ਰਹਿੰਦੀ ਜ਼ਿੰਦਗੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਅਨਿਲ ਕੁਮਾਰ ਪ੍ਰਧਾਨ, ਗਿਆਨ ਸਿੰਘ ਭਲੇਠੂ ਜਨਰਲ ਸਕੱਤਰ, ਸ਼ਿਵ ਲਾਲ, ਗੁਰਬਖਸ਼ ਸਿੰਘ ਸਾਬਕਾ ਸੁਪਰਡੈਂਟ ਦਫਤਰ ਸਕੱਤਰ, ਅਵਤਾਰ ਸਿੰਘ ਝਿੰਗੜ ਚੇਅਰਮੈਨ, ਗੁਰਬਖਸ਼ ਸਿੰਘ ਮਨਕੋਟੀਆ ਸਟੇਜ ਸਕੱਤਰ, ਰਜਿੰਦਰ ਸਿੰਘ ਗਿਲ ਵਾਈਸ ਪ੍ਰਧਾਨ ਅਤੇ ਸ਼੍ਰੀ ਮਹਿੰਦਰ ਕੁਮਾਰ ਨੇ ਸੰਯੁਕਤ ਰੂਪ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਸਵ: ਰਤਨ ਭਾਰਦਵਾਜ ਜੋ ਕਿ ਇਸ ਜੱਥੇਬੰਦੀ ਦੇ ਬਾਨੀ ਸਨ। ਬੁਲਾਰਿਆਂ ਵਲੋਂ ਸੰਬੋਧਨ ਕਰਦਿਆਂ ਇਸ ਸਰਕਾਰ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਕਿ ਇਹ ਸਰਕਾਰ ਮੁਲਾਜ਼ਮਾਂ/ਪੈਨਸ਼ਨਰਾਂ ਦੀ ਵਿਰੋਧੀ ਹੈ। ਬੁਲਾਰਿਆਂ ਨੇ ਪੁਰਜ਼ੋਰ ਮੰਗ ਕੀਤੀ ਗਈ 34ਪ੍ਰਤੀਸ਼ਤ ਡੀ.ਏ. ਤੋਂ ਬਾਅਦ ਇਸ ਸਰਕਾਰ ਨੇ ਕੋਈ ਡੀ.ਏ. ਨਹੀਂ ਦਿੱਤਾ। 6ਵੇਂ ਪੇ-ਕਮਿਸ਼ਨ ਦੇ ਬਕਾਏ ਜਨਵਰੀ-2016 ਤੋਂ 30-06-2021 ਤੱਕ ਇਕੋ ਵਾਰੀ ਦਿੱਤੇ ਜਾਣ। ਹਾਈ ਕੋਰਟ ਦੇ ਫੈਸਲੇ ਰਿਟ 12-06-1994/2023 ਦੇ ਫੈਸਲੇ ਅਲੁਸਾਰ 2.59 ਦਾ ਫੈਕਟਰ ਦਿੱਤਾ ਜਾਵੇ। ਮੈਡੀਕਲ ਭੱਤਾ 3000 ਰੁਪਏ ਕੀਤਾ ਜਾਵੇ ਅਤੇ ਪਿਛਲੇ ਮੈਡੀਕਲ ਬਿਲਾਂ ਦੀ ਜਲਦੀ ਤੋਂ ਜਲਦੀ ਅਦਾਇਗੀ ਕੀਤੀ ਜਾਵੇ। ਮੀਟਿੰਗ ਵਿੱਚ ਇਕ ਇਹ ਵੀ ਏਜੰਡਾ ਪਾਸ ਕੀਤਾ ਗਿਆ ਕਿ ਪੰਜਾਬ ਰਾਜ ਵਿੱਚ ਵਸਦੇ ਹੋਏ 65 ਸਾਲ ਤੋਂ ਉਪਰ ਬਜ਼ੁਰਗਾਂ ਨੂੰ ਪੰਜਾਬ ਰੋਡਵੇਜ਼/ਪਨਬਸਾਂ ਵਿੱਚ ਫ੍ਰੀ ਸਫਰ ਕਰਨ ਦੀ ਸੁਵਿਧਾ ਦਿੱਤੀ ਜਾਵੇ। 2004 ਤੋਂ ਬਾਅਦ ਪੈਨਸ਼ਨ ਲਾਗੂ ਕੀਤੀ ਜਾਵੇ। ਇਸ ਮੀਟਿੰਗ ਵਿੱਚ ਪੰਡਿਤ ਜਗਦੀਸ਼ ਲਾਲ ਸਾਬਕਾ ਐਸ.ਐਸ., ਦਿਆਲ ਸਿੰਘ ਐਨ.ਆਰ.ਆਈ., ਮਨਮੋਹਣ ਸਿੰਘ, ਹਰਬੰਸ ਸਿੰਘ ਬੈਂਸ, ਹਰਦਿਆਲ ਸਿੰਘ ਬਾੜੀਆਂ, ਸੋਹਣ ਲਾਲ ਇੰਸਪੈਕਟਰ, ਜਗਜੀਤ ਸਿੰਘ ਡੀ.ਸੀ., ਯੋਗਰਾਜ, ਗੁਰੂਦੱਤ, ਬਲਵੀਰ ਸਿੰਘ, ਰਤਨ ਸਿੰਘ, ਗੁਰਦੇਵ ਸਿੰਘ, ਹਰਦੀਪ ਸਿੰਘ, ਜੋਧ ਸਿੰਘ, ਰਾਮਜੀ ਦਾਸ, ਜੋਗਿੰਦਰ ਰਾਮ ਖਨੌੜਾ, ਬਾਲਕਿਸ਼ਨ, ਸੋਹਣ ਲਾਲ ਭੋਗਪੁਰ, ਜਗਦੀਸ਼ ਸਿੰਘ ਇੰਸਪੈਕਟਰ, ਕਰਤਾਰ ਸਿੰਘ, ਕਾਬਲ ਸਿੰਘ, ਪ੍ਰਗਟ ਸਿੰਘ, ਕਸ਼ਮੀਰ ਸਿੰਘ ਹਰਗੜ੍ਹ, ਕਮਲਜੀਤ ਕੈਸ਼ੀਅਰ, ਹਰਭਜਨ ਦਾਸ, ਮਹਿੰਦਰ ਕੁਮਾਰ, ਜੇ.ਆਰ.ਭਾਟੀਆ ਅਤੇ ਗੁਰਬਚਨ ਸਿੰਘ ਆਦਿ ਹਾਜ਼ਰ ਸਨ। ਅਗਲੀ ਮੀਟਿੰਗ 11 ਨਵੰਬਰ ਨੂੰ ਬੱਸ ਸਟੈਂਡ ਵਿਖੇ ਹੋਵੇਗੀ।

ਵਿਸ਼ਵ ਮੈਂਟਲ ਦਿਵਸ ਮੌਕੇ ਜਾਗਰੂਕਤਾ ਮੁਹਿੰਮ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਚੰਡੀਗੜ੍ਹ, ਕੋਮਲ ਮਿੱਤਲ ਆਈ.ਏ.ਐੱਸ. ਮਾਨਯੋਗ ਡਿਪਟੀ ਕਮਿਸ਼ਨ ਹੁਸ਼ਿਆਰਪੁਰ ਅਤੇ ਚੀਫ ਜੁਡੀਸ਼ੀਅਲ ਮਜਿਸਟਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਹਰਬੰਸ ਕੌਰ ਡੀ.ਐਮ.ਸੀ. ਅਤੇ ਡਾ. ਰਾਜ ਕੁਮਾਰ ਮਨੋਰੋਗ ਮਾਹਿਰ ਸਿਵਲ ਹਸਪਤਾਲ ਦੀ ਅਗਵਾਈ ਹੇਠ ਸਨਾਤਮ ਧਰਮ ਐੱਸ. ਡੀ. ਸੀਨੀਅਰ ਸੈਕੰਡਰੀ ਸਕੂਲ ਲੜਕੇ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਦੀ ਪ੍ਰਧਾਨਗੀ ਹੇਠ ਨਸ਼ਾਖੋਰੀ ਅਤੇ ਮੈਂਟਲ ਹੈਲਥ ਵਿਸ਼ੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ।

ਇਸ ਮੌਕੇ ਕਲੀਨਿਕ ਸਾਇਕੋਲੋਜਿਸਟ ਕਮ ਕਾਉਂਸਲਰ ਸੰਦੀਪ ਕੁਮਾਰੀ ਨੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਚੱਲ ਰਹੀ ਮੈਂਟਲ ਹੈਲਥ ਗਤੀਵਿਧੀਆ ਵਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਰਜਵਿੰਦਰ ਕੌਰ ਕਾਉਂਸਲਰ ਨੇ ਵਿਦਿਆਰਥੀਆਂ ਨੂੰ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ, ਕਰਨਾਂ ਦੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਇਸ ਮੌਕੇ ਤੇ ਕਾਉਂਸਲਰ ਪ੍ਰਸ਼ਾਂਤ ਆਦਿਆ ਨੇ ਕਿਹਾ ਕਿ ਲੱਗੀ ਨਜ਼ਰ ਪੰਜਾਬ ਨੂੰ ਇਸਦੀ ਨਜ਼ਰ ਉਤਾਰੋ ਲੈ ਕੇ ਕਾਲੀਆਂ ਮਿਰਚਾਂ ਇਸਦੇ ਸਿਰ ਤੋਂ ਵਾਰੋ । ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ ਨਸ਼ਾਖੋਰੀ ਦਾ ਇਲਾਜ਼ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅਤੇ ਸਿਵਲ ਹਸਪਤਾਲ ਦਸੂਹਾ ਅਤੇ ਸਰਕਾਰੀ ਪੁਨਰਵਾਸ ਕੇਂਦਰ ਤੇ 17 ਓ.ਓ.ਏ.ਟੀ. ਵਿਖੇ ਕੀਤਾ ਜਾਂਦਾ ਹੈ।

ਸੰਤ ਬਾਬਾ ਮੋਹਰ ਸਿੰਘ ਯਾਦਗਾਰੀ ਸਾਲਾਨਾ ਸਮਾਗਮ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸੰਪੂਰਨ

ਟਾਂਡਾ ਉੜਮੁੜ (ਉਕਾਰ ਸਿੰਘ ਜਸਵਿੰਦਰ ਸੰਧੂ)- ਨਿਰਮਲੇ ਸੰਪਰਦਾਇ ਨਾਲ ਸਬੰਧਿਤ ਇਤਿਹਾਸਿਕ ਡੇਰਾ ਮਸਤਗੜ ਟਾਂਡਾ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਮੋਹਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਲਾਨਾ ਸਮਾਗਮ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ ਜੋ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸੰਪੂਰਨ ਹੋਇਆ। ਸੰਤ ਬਾਬਾ ਤਰਲੋਕ ਸਿੰਘ ਜੀ ਦੇ ਵਰਸੋਏ ਗਏ ਅਸਥਾਨ ਦੇ ਮੁੱਖ ਸੇਵਾਦਾਰ ਹਰਿਸਿਮਰਤ ਸਿੰਘ ਅਤੇ ਬੀਬੀ ਸੁਰਜੀਤ ਕੌਰ ਦੀ ਅਗਵਾਈ ਵਿੱਚ ਤੇ ਪ੍ਰਬੰਧਕ ਸੇਵਾਦਰ ਅਮਰਜੀਤ ਸਿੰਘ, ਲਖਵਿੰਦਰ ਸਿੰਘ, ਸੁਖਵਿੰਦਰ ਸਿੰਘ ਅਰੋੜਾ ਅਤੇ ਬੀਬੀ ਕੁਲਵੰਤ ਕੌਰ ਦੀ ਦੇਖਰੇਖ ਹੇਠ ਵਿੱਚ ਹੋਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ 1ਅਕਤੂਬਰ ਤੋਂ ਆਰੰਭ ਕੀਤੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੀ ਸੰਪੂਰਨਤਾਈ ਦੇ ਭੋਗ ਪਾਏ ਗਏ। ਇਸ ਮੌਕੇ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਸੰਤ ਬਾਬਾ ਗੁਰਨਾਮ ਸਿੰਘ ਡੇਰਾ ਨਿਰਮਲਿਆ ਡੱਲੀ, ਮਹੰਤ ਜਤਿੰਦਰ ਸਿੰਘ ਆਲਮਪੁਰ, ਮਹੰਤ ਜਸਵੰਤ ਸਿੰਘ ਡੇਰਾ ਭਗੌਤੀਪੁਰ, ਮਹੰਤ ਦਲਜੀਤ ਸਿੰਘ ਅੱਬੋਵਾਲ , ਮਹੰਤ ਅਮਰਜੀਤ ਸਿੰਘ ਮੁਕੇਰੀਆਂ, ਮਹੰਤ ਨਰਿੰਦਰਜੀਤ ਸਿੰਘ ਪੰਡੋਰੀ ਨਿੱਜਰਾਂ, ਸੰਤ ਰਣਜੀਤ ਸਿੰਘ ਸੈਕਟਰੀ ਦੁਆਬਾ ਨਿਰਮਲ ਮੰਡਲ, ਰਾਗੀ ਜਥਾ ਭਾਈ ਜਗਰੂਪ ਸਿੰਘ, ਭਾਈ ਹਰਭਜਨ ਸਿੰਘ ਸੋਤਲੇ ਸਿੰਘ ਵਾਲੇ, ਭਾਈ ਜਸਪਾਲ ਸਿੰਘ , ਬੀਬੀ ਅਮਨਦੀਪ ਕੌਰ ਦੇ ਰਾਗੀ-ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਦੇ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਉਨਾਂ ਵੱਲੋਂ ਦਰਸਾਏ ਗਏ ਸੇਵਾ ਤੇ ਸਿਮਰਨ ਦੇ ਮਾਰਗ ਤੇ ਚੱਲ ਕੇ ਆਪਣਾ ਮਨੁੱਖਾ ਜੀਵਨ ਸਫਲਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮੁੱਖ ਸੇਵਾਦਾਰ ਸੰਤ ਹਰਿ ਸਿਮਰਨਜੀਤ ਸਿੰਘ ਤੇ ਸੇਵਾਦਾਰ ਸੁਖਵਿੰਦਰ ਸਿੰਘ ਅਰੋੜਾ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਪਹੁੰਚੀਆਂ ਪ੍ਰਮੁੱਖ ਸਖਸੀਅਤਾਂ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਵੀ ਕੀਤਾ। ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਦੇ ਪਿਤਾ ਜੀ ਮਾਸਟਰ ਮਹਿੰਦਰ ਸਿੰਘ ਗਿੱਲ, ਕੇਸਵ ਸਿੰਘ ਸੈਣੀ, ਨੰਬਰਦਾਰ ਜਗਜੀਵਨ ਜਗੀ, ਸੁਖਵਿੰਦਰ ਸਿੰਘ ਅਰੋੜਾ, ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ, ਹਰਬੰਸ ਸਿੰਘ ਪਾਤੜ , ਪੀਪੀ ਜਸਵੰਤ ਕੌਰ ਗਿੱਲਜੀਆ ਨੂੰ ਡੇਰੇ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਾਜਰ ਸ਼ਖਸੀਅਤਾਂ ਵਿੱਚ ਜੋਗਿੰਦਰ ਸਿੰਘ ਸੀਹਰਾ, ਡਾ.ਬਲਵਿੰਦਰ ਸਿੰਘ ਮਰਵਾਹਾ, ਨਰਿੰਦਰ ਸਿੰਘ, ਜਸਵਿੰਦਰ ਸਿੰਘ ਕਾਕਾ, ਲਖਵਿੰਦਰ ਸਿੰਘ ਮੁਲਤਾਨੀ , ਵਰਿੰਦਰ ਸਿੰਘ, ਅਵਤਾਰ ਸਿੰਘ ਤਾਰੀ, ਅਮਰਜੀਤ ਸਿੰਘ, ਜਸਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

ਸੁੰਦਰ ਲਿਖਾਈ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਸਥਾਨਕ ਡੀ .ਐਮ.ਸੀਨੀਅਰ ਸੈਕੰਡਰੀ ਸਕੂਲ ਕੋਟ ਫਤੂਹੀ ਵਿਖੇ ਪ੍ਰਿੰਸੀਪਲ ਸੁਰਿੰਦਰ ਸਿੰਘ ਦੀ ਅਗਵਾਈ ਵਿਚ ਪਹਿਲੀ ਜਮਾਤ ਤੋਂ ਲੈਕੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ । ਜਿਸ ਵਿਚ ਹਰ ਕਲਾਸ ਵਿੱਚੋਂ ਜੇਤੂ ਪਹਿਲੀ ਕਲਾਸ ਵਿੱਚੋਂ ਸਾਹਿਬਦੀਪ ਸਿੰਘ ,ਦੂਜੀ ਵਿੱਚੋਂ ਰਵਨੀਤ ਕੌਰ , ਤੀਜੀ ਜਮਾਤ ਵਿੱਚੋਂ ਹਰਸ਼ ਬੈਂਸ, ਚੌਥੀ ਵਿੱਚੋਂ ਨਵਨੀਤ ਕੌਰ ,ਪੰਜਵੀਂ ਵਿੱਚੋਂ ਤੇਜਪ੍ਰੀਤ ਕੌਰ, ਛੇਵੀਂ ਕਲਾਸ ਵਿੱਚੋਂਮੁਸਕਾਨ,ਸੱਤਵੀਂ ਵਿੱਚੋਂ ਸਹਿਜਪਾਲ ਸਿੰਘ ,ਅਠਵੀਂ ਵਿੱਚੋਂ ਸਾਧਨਾਪ੍ਰੀਤ, ਨੌਵੀਂ ਵਿੱਚੋਂ ਹਰਸਹਿਜ ਸਿੰਘ ,ਦਸਵੀਂ ਕਲਾਸ ਵਿਚੋਂ ਬਿਲਪ੍ਰੀਤ ਕੌਰ ,ਗਿਆਰਵੀਂ ਵਿੱਚੋਂ ਦਲਜੀਤ ਕੌਰ ਬਾਰਵੀਂ ਵਿੱਚੋਂ ਨੀਤੂ ਜੇਤੂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਡਾਇਰੈਕਟਰ ਗੁਰਿੰਦਰਪਾਲ ਕੌਰ ਵਲੋਂ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਸਕੂਲ ਡਾਇਰੈਕਟਰ ਗੁਰਿੰਦਰ ਪਾਲ ਕੌਰ ਨੇ ਕਿਹਾ ਕਿ ਇਸ ਤਰਾਂ ਦੇ ਮੁਕਾਬਲੇ ਬੱਚਿਆਂ ਵਿਚ ਪੜ੍ਹਾਈ ਲਈ ਉਤਸ਼ਾਹ ਵਧਾਉਂਦੇ ਹਨ। ਇਸ ਲਈ ਅਜਿਹੇ ਸੁੰਦਰ ਲਿਖਾਈ ਮੁਕਾਬਲੇ ਜਰੂਰੀ ਕਰਵਾਏ ਜਾਣੇ ਚਾਹੀਦੇ ਹਨ ।

ਇਸ ਮੌਕੇ ਪ੍ਰਿੰਸੀਪਲ ਸੁਰਿੰਦਰ ਸਿੰਘ ,ਕੋਆਰਡੀਨੇਟਰ ਰਾਜਵਿੰਦਰ ਸਿੰਘ ,ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

ਇਨੋਸੈਂਟ ਹਾਰਟਸ ਸਕੂਲ 'ਚ ਪੁਸਤਕ ਮੇਲਾ, ਵਿਦਿਆਰਥੀਆਂ ਨੇ ਖਰੀਦੀਆਂ ਮਨਪਸੰਦ ਕਿਤਾਬਾਂ

ਜਲੰਧਰ (ਸ਼ੈਲੀ ਐਲਬਰਟ)

ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਵਿਖੇ ਪੁਸਤਕ ਮੇਲਾ ਲਗਾਇਆ ਗਿਆ । ਲਗਾਤਾਰ ਤਿੰਨ ਦਿਨ ਚੱਲੇ ਇਸ ਪੁਸਤਕ ਮੇਲੇ ਵਿੱਚ ਬੱਚੇ ਅਤੇ ਉਨ੍ਹਾਂ ਦੇ ਮਾਪੇ ਵੀ ਪੁੱਜੇ। ਉਨ੍ਹਾਂ ਨੇ ਵੀ ਕਿਤਾਬਾਂ ਵਿੱਚ ਬਹੁਤ ਦਿਲਚਸਪੀ ਦਿਖਾਈ ਅਤੇ ਆਪਣੀਆਂ ਮਨਪਸੰਦ ਕਿਤਾਬਾਂ ਖਰੀਦੀਆਂ। ਇਸ ਪੁਸਤਕ ਮੇਲੇ ਦੇ ਆਯੋਜਨ ਦਾ ਉਦੇਸ਼ ਬੱਚਿਆਂ ਦੀ ਪੁਸਤਕਾਂ ਪ੍ਰਤੀ ਰੁਚੀ ਪੈਦਾ ਕਰਨਾ ਸੀ । ਇਸ ਪੁਸਤਕ ਮੇਲੇ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਪੁਸਤਕਾਂ ਜਿਵੇਂ ਮੈਗਜ਼ੀਨ, ਕੋਸ਼, ਪੰਚਤੰਤਰ-ਹਿਤੋਪਦੇਸ਼ ਦੀਆਂ ਕਹਾਣੀਆਂ, ਕਥਾਵਾਂ, ਵਿਸ਼ਵਕੋਸ਼, ਸਵੈ-ਜੀਵਨੀ, ਵਿਗਿਆਨ ਨਾਲ ਸਬੰਧਤ ਪੁਸਤਕਾਂ, ਆਮ ਗਿਆਨ, ਚਿੱਤਰਕਲਾ ਦੀਆਂ ਪੁਸਤਕਾਂ, ਖੇਡ ਜਗਤ 'ਤੇ ਆਧਾਰਿਤ ਪੁਸਤਕਾਂ, ਕਾਰਟੂਨ, ਖੇਡਾਂ ਆਦਿ ਸ਼ਾਮਲ ਹਨ। ਖੇਡਾਂ ਵਿੱਚ ਗਣਿਤ ਸਿੱਖੋ ਆਦਿ ਕਿਤਾਬਾਂ ਸਨ। ਬੱਚਿਆਂ ਨੇ ਆਪਣੀ ਰੁਚੀ ਅਨੁਸਾਰ ਕਿਤਾਬਾਂ ਖਰੀਦੀਆਂ। ਇਸ ਮੌਕੇ ਸ੍ਰੀਮਤੀ ਸ਼ੈਲੀ ਬੌਰੀ (ਐਗਜ਼ੀਕਿਊਟਿਵ ਡਾਇਰੈਕਟਰ ਆਫ ਸਕੂਲਜ਼) ਨੇ ਕਿਹਾ ਕਿ ਅੱਜਕੱਲ੍ਹ ਬੱਚਿਆਂ ਦੀ ਸੋਸ਼ਲ ਮੀਡੀਆ ਪ੍ਰਤੀ ਰੁਚੀ ਇੰਨੀ ਵੱਧ ਗਈ ਹੈ ਕਿ ਉਹ ਕਿਤਾਬਾਂ ਨੂੰ ਭੁੱਲ ਗਏ ਹਨ, ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਨਹੀਂ ਹੈ; ਜਦੋਂ ਕਿ ਪੁਸਤਕਾਂ ਸਾਡੀਆਂ ਸੱਚਾ ਮਿੱਤਰ ਹੀ ਨਹੀਂ ਸਗੋਂ ਮਾਰਗਦਰਸ਼ਨ ਦਾ ਸਹੀ ਸੋਮਾ ਵੀ ਹਨ ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਦੀਆਂ ਹਨ । ਇਸ ਲਈ ਬੱਚਿਆਂ ਦੇ ਬੌਧਿਕ ਅਤੇ ਮਾਨਸਿਕ ਵਿਕਾਸ ਲਈ ਉਨ੍ਹਾਂ ਨੂੰ ਪੁਸਤਕਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਇਸ ਨਾਲ ਨਾ ਸਿਰਫ਼ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋਵੇਗਾ ਸਗੋਂ ਉਨ੍ਹਾਂ ਦੀ ਲੀਡਿੰਗ ਸਕਿੱਲ ਵਿੱਚ ਵੀ ਸੁਧਾਰ ਹੋਵੇਗਾ।

ਐਨਰਜੀ ਕੰਜ਼ਰਵੇਸ਼ਨ ਵਿਸ਼ੇ 'ਤੇ ਸਕੂਲ ਪੱਧਰੀ ਪੇਂਟਿੰਗ ਮੁਕਾਬਲੇ ਕਰਵਾਏ

ਲੁਧਿਆਣਾ- ਸ ਹ ਸ ਕੁਹਾੜਾ ਵਿਖੇ 'ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ' ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਖੜਾ ਬਿਆਸ ਮੈਨਜਮੈਂਟ ਬੋਰਡ ਵੱਲੋਂ ਪੰਜਾਬ ਤੇ ਹਰਿਆਣਾ ਰਾਜ ਅਤੇ ਚੰਡੀਗੜ੍ਹ ਲਈ ਰਾਜ ਪੱਧਰੀ "ਐਨਰਜੀ ਕੰਜ਼ਰਵੇਸ਼ਨ-2023 ਪੇਂਟਿੰਗ ਮੁਕਾਬਲੇ ਕਰਵਾਏ ਗਏ। ਹਰਵਿੰਦਰ ਸਿੰਘ ਅੰਗਰੇਜੀ ਮਾਸਟਰ ਅਤੇ ਮੈਡਮ ਕਿਰਨ ਪ੍ਰੀਤ ਮੈਥ ਮਿਸਟਰੈਸ ਨੇ ਦੱਸਿਆ ਕਿ ਗਰੁੱਪ ਏ ਵਿੱਚੋਂ ਸ਼ਿਵਾ ਅਤੇ ਅਨੁਜ ਪਹਿਲੇ ਅਤੇ ਦੂਜੇ ਨੰਬਰ 'ਤੇ ਰਹੇ ਜਦ ਕਿ ਗਰੁੱਪ ਬੀ ਵਿਚੋਂ ਚਾਂਦਨੀ ਅਤੇ ਅੰਸ਼ੂ ਕੁਮਾਰੀ ਨੇ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਮੁੱਖ ਅਧਿਆਪਕ ਨੀਰਜ ਕੁਮਾਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦਿਆਂ ਜੇਤੂਆਂ ਨੂੰ ਵਧਾਈ ਦਿੱਤੀ। ਇਸ ਸਮੇਂ ਸ੍ਰੀਮਤੀ ਅਮਿਤਾ, ਗੁਰਪ੍ਰੀਤ ਸਿੰਘ, ਮੈਡਮ ਅਨੀਤਾ ਸ਼ਰਮਾ, ਮੈਡਮ ਮੀਨਾਕਸ਼ੀ ਗੋਇਲ, ਸੇਵਕ ਸੋਨੀ, ਗੁਰਪ੍ਰੀਤ ਕੌਰ ਗਿੱਲ, ਰਵਿੰਦਰ ਕੁਮਾਰ, ਪ੍ਰਭਜੀਤ ਸਿੰਘ, ਰਾਹੁਲ ਕੁਮਾਰ ਪੀ ਟੀ ਹਰਪ੍ਰੀਤ ਕੌਰ ਅੰਗਰੇਜੀ ਮਿਸਟਰੈਸ, ਮੋਨਿਕਾ ਧੀਮਾਨ, ਹਰਪ੍ਰੀਤ ਕੌਰ ਸਾਇੰਸ ਮਿਸਟਰੈਸ, ਸੁਰਜੀਤ ਕੌਰ, ਹਰਪ੍ਰੀਤ ਕੌਰ ਮੈਥ ਮਿਸਟਰੈਸ, ਅਮਨਦੀਪ ਕੌਰ,ਬਲਜੀਤ ਕੌਰ ਕੁਲਵੰਤ ਸਿੰਘ ਅਤੇ ਵਿਸਾਲ ਪੁਰੀ, ਜਸਵਿੰਦਰ ਸਿੰਘ ਵੀ ਹਾਜਰ ਸਨ।

ਮਾਨ ਨੇ ਚੋਣਾਂ ਨੂੰ ਲੈ ਕੇ ਖਿੱਚੀ ਤਿਆਰੀ, ਦਫ਼ਤਰ ਦਾ ਉਦਘਾਟਨ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਅਤੇ ਪਾਰਟੀ ਦੇ ਜਨਰਲ ਸਕੱਤਰ ਅਤੇ ਸ਼੍ਰੀ ਅਨੰਦਪੁਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਕੁਸ਼ਲਪਾਲ ਸਿੰਘ ਨਵਾਂਸ਼ਹਿਰ ਪਹੁੰਚੇ। ਇੱਥੇ ਉਹਨਾਂ ਨੇ ਚੋਣਾਂ ਦੇ ਮੱਦੇਨਜ਼ਰ ਨਵਾਂਸ਼ਹਿਰ ਵਿੱਚ ਮੋਤਾ ਸਿੰਘ ਰੋਡ ਪੁਰਾਣਾ ਸਿਵਲ ਹਸਪਤਾਲ ਦੇ ਕੋਲ ਦਫ਼ਤਰ ਦਾ ਉਦਘਾਟਨ ਕੀਤਾ। ਨਵਾਂਸ਼ਹਿਰ ਦੇ ਲੋਕਾਂ ਵੱਲੋਂ ਸਿਮਰਨਜੀਤ ਸਿੰਘ ਮਾਨ ਦਾ ਬੜੇ ਜ਼ੋਰ ਸ਼ੋਰ ਨਾਲ ਸਵਾਗਤ ਕੀਤਾ ਗਿਆ ਅਤੇ ਇਸ ਮੌਕੇ ਵੱਡੇ ਪੱਧਰ 'ਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਨੌਜਵਾਨ ਵਰਗ ਨੇ ਵੀ ਸਿਮਰਨਜੀਤ ਸਿੰਘ ਮਾਨ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਤੇ ਕਿਹਾ ਕਿ ਉਹ ਪਾਰਟੀ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਹਨ। ਇਸ ਤੋਂ ਇਲਾਵਾ ਸ਼ਹਿਰ ਦੇ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦਾ ਮਾਨ ਨਾਲ ਵਿਚਾਰ ਵਟਾਂਦਰਾ ਕੀਤਾ। ਉਹਨਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਆਉਣ ਵਾਲੀਆਂ 2024 ਦੀਆਂ ਚੋਣਾਂ ਵਿੱਚ ਨੌਜਵਾਨ ਪੀੜ੍ਹੀ ਉਹਨਾਂ ਦੀ ਪਾਰਟੀ ਦੇ ਨਾਲ ਖੜੇਗੀ। ਮਾਨ ਨੇ ਆਪਣੇ ਪਾਰਟੀ ਵਰਕਰਾਂ ਨਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਿਚਾਰ ਵਟਾਂਦਰਾ ਕੀਤਾ। ਕੁਸ਼ਲਪਾਲ ਸਿੰਘ ਮਾਨ ਨੇ ਉਦਘਾਟਨ ਵਿੱਚ ਸ਼ਮੂਲੀਅਤ ਕਰਨ ਆਏ ਨਵਾਂਸ਼ਹਿਰ ਨਿਵਾਸੀਆਂ ਦਾ ਧੰਨਵਾਦ ਕੀਤਾ। ਮੀਡੀਆ ਨਾਲ ਗੱਲਬਾਤ ਦੌਰਾਨ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵਲੋਂ ਜੋ ਬਹਿਸ ਦਾ ਖੁੱਲ੍ਹਾ ਸੱਦਾ ਦਿੱਤਾ ਹੋਇਆ ਹੈ ਉਹ ਉਨ੍ਹਾਂ ਨੂੰ ਨਹੀਂ ਮਿਲਿਆ ਹੈ ਅਤੇ ਜੇਕਰ ਮੈਨੂੰ ਵੀ ਸੱਦਾ ਆਉਂਦਾ ਤਾਂ ਮੈਂ ਜਰੂਰ ਜਾਂਦਾ। ਉਨ੍ਹਾਂ ਕਿਹਾ ਕਿ ਇੰਡੀਆ ਗਠਜੋੜ ਨੂੰ ਲੈ ਕੇ ਵੀ ਉਨ੍ਹਾਂ ਤੱਕ ਕਿਸੇ ਨੇ ਪਹੁੰਚ ਨਹੀਂ ਕੀਤੀ ਹੈ ਤੇ ਜੇਕਰ ਕੋਈ ਆਵੇਗਾ ਤਾਂ ਉਹ ਇਸ ਬਾਰੇ ਜਰੂਰ ਸੋਚਣਗੇ। ਉਨ੍ਹਾਂ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਇਕੱਲੇ ਪੰਜਾਬ 'ਚ ਹੀ ਨਹੀਂ ਬਲਕਿ ਹਰਿਆਣਾ ਚ ਵੀ ਲੋਕ ਸਭਾ ਦੀਆਂ ਚੋਣਾਂ ਲੜੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਹਿੰਦੂਤਵੀ ਤਾਕਤਾਂ ਇਕੱਲੇ ਹਿੰਦੋਸਤਾਨ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਸਿੱਖਾਂ ਦੇ ਕਤਲ ਕਰਨ 'ਤੇ ਲੱਗੀਆਂ ਹੋਈਆਂ ਹਨ। ਇਸ ਦੌਰਾਨ ਜ਼ਿਲ੍ਹਾ ਕਮੇਟੀ ਮੈਂਬਰ ਹਰਬੰਸ ਸਿੰਘ ਪੈਲੀ, ਜਸਬੀਰ ਸਿੰਘ ਰਾਹੋਂ, ਕਲਵਿੰਦਰ ਕੌਰ, ਹਰਮਿੰਦਰ ਸਿੰਘ ਅਸਮਾਨਪੁਰ, ਦਵਿੰਦਰ ਸਿੰਘ ਖਾਨਖਾਨਾ ਹਾਜਰ ਸਨ। ਇਸ ਦੇ ਨਾਲ ਕੰਵਰ ਜੰਗਬੀਰ, ਬਲਕਾਰ ਸਿੰਘ ਬਾਗੀ ਜ਼ਿਲ੍ਹਾ ਯੂਥ ਪ੍ਰਧਾਨ, ਮਨਪ੍ਰੀਤ ਸਿੰਘ ਯੂਥ ਮੀਤ ਪ੍ਰਧਾਨ, ਪ੍ਰਭਪ੍ਰੀਤ ਸਿੰਘ ਯੂਥ ਜਨਰਲ ਸਕੱਤਰ, ਬਲਕਾਰ ਸਿੰਘ ਭੁੱਲਰ ਮੈਂਬਰ , ਗੁਰਜੰਟ ਸਿੰਘ ਕੱਟੂ ਸਪੈਸ਼ਲ ਸਕੱਤਰ, ਪਵਨਪ੍ਰੀਤ ਸਿੰਘ ਡੋਲੇਵਾਲ ਦਫਤਰ ਇੰਚਾਰਜ ਹਲਕਾ ਆਨੰਦਪੁਰ ਸਾਹਿਬ, ਹਰਜੀਤ ਸਿੰਘ ਚਤਮਲਾ ਜ਼ਿਲ੍ਹਾ ਪ੍ਰਧਾਨ ਯੂਥ ਰੋਪੜ, ਦਲਜੀਤ ਸਿੰਘ ਕੁੰਭੜਾ ਸਰਪ੍ਰਸਤ ਜ਼ਿਲ੍ਹਾ ਰੋਪੜ, ਓਪਿੰਦਰ ਸਿੰਘ ਨਿੱਜੀ ਸਕੱਤਰ ਅਤੇ ਵੱਡੀ ਗਿੰਤੀ ਵਿੱਚ ਨੌਜਵਾਨ ਹਾਜਰ ਸਨ।

ਕੋਲੈਬੋਰੇਟ ਐਂਡ ਇਨੋਵੇਟ: ਬ੍ਰਿਜਿੰਗ ਇੰਡਸਟਰੀ ਐਂਡ ਅਕਾਦਮੀਆਂ 'ਤੇ ਸਮਾਗਮ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ 'ਕੋਲੈਬੋਰੇਟ ਐਂਡ ਇਨੋਵੇਟ: ਬ੍ਰਿਜਿੰਗ ਇੰਡਸਟਰੀ ਐਂਡ ਅਕਾਦਮੀਆਂ' ਵਿਸ਼ੇ 'ਤੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਵਿਭਿੰਨ ਖੇਤਰਾਂ ਦੀਆਂ ਉੱਘੀਆਂ ਸਖਸ਼ੀਅਤਾਂ, ਜਿਵੇਂ ਕਿ ਸਿੱਖਿਆ, ਉਦਯੋਗ, ਮੀਡੀਆ, ਸਾਹਿਤ, ਫਾਈਨ ਆਰਟਸ ਦੇ ਉੱਦਮੀਆਂ ਨੇ ਵੱਖ-ਵੱਖ ਕੋਰਸਾਂ ਦੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਸਮਾਗਮ ਦੇ ਉਦੇਸ਼ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਵਿੱਦਿਅਕ ਸੰਸਥਾਵਾਂ ਵਿੱਚ ਉਦਯੋਗ ਅਤੇ ਹੋਰ ਪੇਸ਼ੇਵਰ ਮੁਹਾਰਤ ਲਿਆਉਣ ਲਈ ਇੱਕ ਨਵੀਂ ਪਹਿਲਕਦਮੀ ਕੀਤੀ ਹੈ। ਇਸਦੇ ਲਈ ਇਸ ਨੇ ਇੱਕ ਨਵਾਂ ਸੰਕਲਪ ਪੇਸ਼ ਕੀਤਾ ਸੀ, ਜਿਸ ਦੇ ਤਹਿਤ ਵੱਖ-ਵੱਖ ਖੇਤਰਾਂ ਦੇ ਪੇਸ਼ੇਵਰਾਂ ਨੂੰ 'ਪ੍ਰੈਕਟਿਸ ਦਾ ਪ੍ਰੋਫੈਸਰ' ਬਣਾਇਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਹ ਉੱਚ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਅਸਲ ਸੰਸਾਰ ਦੇ ਅਭਿਆਸਾਂ ਬਾਰੇ ਜਾਣੂ ਕਰਵਾਏਗਾ ਅਤੇ ਉਦਯੋਗ ਨੂੰ ਵੀ ਉਨ੍ਹਾਂ ਗ੍ਰੈਜੂਏਟਸ ਤੋਂ ਲਾਭ ਹੋਵੇਗਾ ਜਿਨ੍ਹਾਂ ਨੇ ਆਪਣੇ ਅਧਿਐਨ ਦਾ ਕੋਰਸ ਪੂਰਾ ਕਰਨ ਤੋਂ ਬਾਅਦ ਸਬੰਧਿਤ ਹੁੰਨਰਾਂ ਵਿੱਚ ਸਿਖਲਾਈ ਪ੍ਰਾਪਤ ਕੀਤੀ ਹੋਵੇਗੀ। ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਆਸ ਪ੍ਰਗਟਾਈ ਕਿ ਮੀਟਿੰਗ ਵਿੱਚ ਵਿਚਾਰ ਚਰਚਾ ਸਾਰੇ ਹਿੱਸੇਦਾਰਾਂ ਲਈ ਲਾਭਦਾਇਕ ਸਾਬਤ ਹੋਵੇਗੀ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਇਸ ਸਮਾਗਮ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਨੇ ਪ੍ਰੋ. ਰੁਪਿੰਦਰ ਤਿਵਾੜੀ, ਪ੍ਰੋ. ਐੱਸ ਐੱਸ ਬਾਰੀ, ਪ੍ਰੋ. ਕੇ ਕੇ ਭਸੀਨ, ਪ੍ਰੋ. ਮਨਮੋਹਨ ਗੁਪਤਾ, ਪ੍ਰੋ. ਅਨਿਲ ਮੋਂਗਾ, ਪ੍ਰੋ. ਬੀ ਐਸ ਘੁੰਮਣ, ਡਾ. ਮਨਜੀਤ ਕੌਰ, ਜੋਤੀ ਸੇਠ, ਪ੍ਰੋ. ਰਜਤ ਵੀ ਸੰਧੀਰ, ਵਿਨੋਦ ਨਾਗਪਾਲ, ਡਾ. ਵੀ ਕੇ ਵਤਸ, ਪ੍ਰੋ. ਜਸਵਿੰਦਰ ਭੱਲਾ, ਪ੍ਰੋ ਈ. ਨਾਹਰ ਨੂੰ ਪ੍ਰੋਫ਼ੈਸਰ ਆਫ਼ ਐਮੀਨੈਂਸ ਦਾ ਸਨਮਾਨ ਪ੍ਰਦਾਨ ਕਰਕੇ ਬਹੁਤ ਖੁਸ਼ੀ ਮਹਿਸੂਸ ਕੀਤੀ ਹੈ।

ਇਸ ਦੌਰਾਨ ਪੰਜਾਬ ਯੂਨੀਵਰਸਿਟੀ ਤੋਂ ਪ੍ਰੋ. ਅਨਿਲ ਮੋਂਗਾ ਨੇ ਕਿਹਾ ਕਿ ਉੱਚ ਸਿੱਖਿਆ ਸੰਸਥਾਵਾਂ ਦਾ ਅਰਥ ਹੈ ਉਹ ਸੰਸਥਾਵਾਂ ਜੋ ਆਰਥਿਕਤਾ, ਵਿਗਿਆਨ ਅਤੇ ਸੱਭਿਆਚਾਰ ਦੀਆਂ ਵੱਖ-ਵੱਖ ਸ਼ਾਖਾਵਾਂ ਲਈ ਉੱਚ ਯੋਗਤਾ ਪ੍ਰਾਪਤ ਮਾਹਿਰਾਂ ਅਤੇ ਵਿਗਿਆਨਕ ਅਤੇ ਸਿੱਖਿਆ ਸਾਸ਼ਤਰੀ ਕਰਮਚਾਰੀਆਂ ਨੂੰ ਸਿਖਲਾਈ ਦਿੰਦੀਆਂ ਹਨ। ਐਚਈਆਈਐਸ ਵਿੱਚ ਯੂਨੀਵਰਸਿਟੀਜ਼, ਪੌਲੀਟੈਕਨਿਕ ਸੰਸਥਾਵਾਂ, ਉਦਯੋਗਿਕ ਸੰਸਥਾਵਾਂ ਅਤੇ ਵੱਖ-ਵੱਖ ਵਿਸ਼ੇਸ਼ਤਾਵਾਂ ਦੀਆਂ ਸ਼ਾਖਾ ਸੰਸਥਾਵਾਂ ਸ਼ਾਮਲ ਹਨ।

ਚੰਡੀਗੜ੍ਹ ਤੋਂ ਇੰਜ਼.ਐਸਐਸ ਵਿਰਦੀ, ਡੀਡੀਏ ਦਿੱਲੀ ਤੋਂ ਈਆਰ ਐਨਐਸ ਅਰੋੜਾ, ਡੀਡੀਏ ਦਿੱਲੀ ਤੋਂ ਇੰਜ਼ ਅਰੁਣ ਕੰਬੋਜ਼, ਸਾਬਕਾ ਜੀਐਮ ਐਸਐਮਐਲ, ਰਾਜੇਸ਼ ਕੁਮਾਰ ਐਲੀਅਨਜ਼ ਫਾਰਮਾਸਿਊਟੀਕਲ ਕੰਪਨੀ ਤੋਂ, ਪੰਜਾਬ ਯੂਨੀਵਰਸਿਟੀ ਤੋਂ ਪ੍ਰੋਫੈਸਰ ਅਨਿਲ ਮੋਂਗਾ, ਪ੍ਰੋਫੈਸਰ ਈ. ਨਾਹਰ ਪੰਜਾਬ ਘੱਟ ਗਿਣਤੀ ਭਾਈਚਾਰੇ ਦੇ ਚੇਅਰਮੈਨ, ਜਸਟਿਸ ਜਸਬੀਰ ਸਿੰਘ, ਜਸਟਿਸ ਬਲਬੀਰ ਸਿੰਘ, ਚੀਮਾ ਬਾਇਲਰਜ਼ ਤੋਂ ਐਚ.ਐਸ.ਚੀਮਾ, ਈਕੋ ਪਰਿਆਵਰਨ ਤੋਂ ਡਾ. ਸੰਦੀਪ ਗਰਗ, ਦੈਨਿਕ ਜਾਗਰਣ ਤੋਂ ਡਾ. ਸੁਮਿਤ ਸ਼ਿਓਨ, ਪੰਜਾਬ ਯੂਨੀਵਰਸਿਟੀ ਤੋਂ ਰੇਣੂਕਾ ਸਲਵਾਨ ਆਦਿ ਹਾਜ਼ਰ ਸਨ।

ਸਾਲਾਨਾ 6ਵਾਂ ਛਿੰਝ ਕੁਸ਼ਤੀ ਮੇਲਾ ਕਰਵਾਇਆ

ਮੇਹਟੀਆਣ (ਜਗਤਾਰ ਸਿੰਘ ਭੁੰਗਰਨੀ) ਪਿੰਡ ਪੰਚਨੰਗਲਾ ਖੁਸ਼ਹਾਲਪੁਰ ਵਿਖੇ ਸੰਜੀਵ ਕੁਮਾਰ ਪਚਨੰਗਲਾਂ ਅਤੇ ਪੰਕਜ ਕੁਮਾਰ ਪਿੰਕੀ ਪਹਿਲਵਾਨ ਦੀ ਅਗਵਾਈ ਵਿਚ ਛੇਵਾਂ ਛਿੰਝ ਮੇਲਾ ਸਵ: ਅਨਿਲ, ਲੇਟ ਲੱਭੂ ਲਾਲਪੁਰ ਅਤੇ ਜੋਗਿੰਦਰ ਪਹਿਲਵਾਨ ਨੂੰ ਸਮਰਪਿਤ ਕਰਵਾਇਆ ਗਿਆ, ਜਿਸ ਵਿਚ 200 ਦੇ ਕਰੀਬ ਪਹਿਲਵਾਨਾਂ ਨੇ ਹਿੱਸਾ ਲਿਆ। ਫਾਈਨਲ 'ਤੇ ਪਟਕੇ ਦੀ ਕੁਸ਼ਤੀ ਗਨੀ ਭਾਰਟਾ ਵਿਚਕਾਰ ਕਰਵਾਈ ਗਈ ਜਿਸ ਵਿਚ ਫਸਵੇਂ ਮੁਕਾਬਲੇ ਬਾਅਦ ਦੋਵੇਂ ਪਹਿਲਵਾਨ ਬਰਾਬਰ ਰਹੇ। ਆਖਿਰ ਵਿਚ ਟਾਸ ਪਾਈ ਗਈ। ਜਿਸ ਵਿਚ ਕੀਰਤੀ ਬਾਹੜੋਵਾਲ ਨੂੰ ਜੇਤੂ ਕਰਾਰ ਦਿੱਤਾ ਗਿਆ। ਇਸ ਮੌਕੇ ਪਿੰਕੀ ਪਹਿਲਵਾਨ , ਸੰਜੀਵ ਕੁਮਾਰ ਪਚਨੰਗਲ, ਵਿਜੇ ਸਾਂਪਲਾ ਸਾਬਕਾ ਸੰਸਦ ਮੈਂਬਰ, ਸੰਜੀਵ ਤਲਵਾੜ ,ਅਵਤਾਰ ਸਿੰਘ ਡਾਂਡੀਆਂ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ ਹੁਸ਼ਿਆਰਪੁਰ, ਜਥੇਦਾਰ ਇਕਬਾਲ ਸਿੰਘ ਖੇੜਾ , ਗੋਪੀ ਬੁਗਰਾ,ਅਸ਼ੋਕ ਕੌਸ਼ਲ, ਪਰਦੀਪ ਮੰਨਣਹਾਨਾ,ਮੋਨੂੰ ਪਚਨੰਗਲ, ਕੁਲਵੀਰ ਖੁਸ਼ਹਾਲਪੁਰ, ਬਲਵਿੰਦਰ ਸਿੰਘ, ਜੋਗਾ ਸਿੰਘ , ਜੋਗਿੰਦਰ ਸਿੰਘ, ਸੁਖਦੇਵ ਸਿੰਘ ਦਰਸ਼ਨ ਸਿੰਘ , ਗੁਰਮੀਤ ਸਿੰਘ ਪੰਚ ਅਜਨੋਹਾ, ਠੇਕੇਦਾਰ ਸੋਹਣ ਸਿੰਘ ਨਗਦੀਪੁਰ, ਮਾ.ਮੇਜਰ ਸਿੰਘ ਭਗਤੂਪੁਰ ,ਕਿਰਪਾਲ ਸਿੰਘ ਪਾਲੀ ਖੈਰੜ, ਬਾਨੀ ਪਹਿਲਵਾਨ , ਸੁੱਖਾ ਹਕੂਮਤਪੁਰ,ਮਾ.ਹਰਿੰਦਰ ਸਿੰਘ , ਮੋਹਨ ਲਾਲ , ਵਿਪਨ ਕੁਮਾਰ , ਰੋਹਿਤ ਹੁਕਮ ਸਿੰਘ ,ਜੈ ਰਾਮ ,ਸੋਨਾ ਪਵੀ, ਸੰਨੀ ਪੰਚਨੰਗਲ, ਪਵੀ, ਰੋਹਿਤ ,ਰਾਜੂ ,ਲੱਭਾ ਆਦਿ ਵੱਡੀ ਗਿਣਤੀ ਵਿਚ ਕੁਸ਼ਤੀ ਪ੍ਰੇਮੀ ਹਾਜਰ ਸਨ ।

ਬਾਣੀਆਂ ਮਹਾਂਪੁਰਸ਼ਾਂ ਨੇ ਮਨੁੱਖੀ ਕਲਿਆਣ ਲਈ ਰਚੀਆਂ : ਸਾਈਂ ਉਮਰੇ ਸ਼ਾਹ

ਮੇਹਲੀ (ਗੁਰਨਾਮ):-ਇਥੋਂ ਥੋੜੀ ਦੂਰ ਰੋਜਾ ਸ਼ਰੀਫ ਮੰਢਾਲੀ ਦੇ ਗੱਦੀਨਸ਼ੀਨ ਸਾਈ ਉਮਰੇ ਸ਼ਾਹ ਕਾਦਰੀ ਜੀ ਨੇ ਜੁੜੀਆਂ ਹੋਈਆਂ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਕਿਹਾ ਰਾਮ ਰੂਪੀ ਅੰਮ੍ਰਿਤ ਜਿੰਨਾ ਵਾਰ ਵਾਰ ਪੀਓ ਉਸ ਦਾ ਉਨਾ ਹੀ ਰੰਗ ਚੜ੍ਹਦਾ ਹੈ ਤੇ ਜੀਵਨ ਵੀ ਸਫਲ ਹੁੰਦਾ ਹੈ। ਰਾਮ ਰਾਮ ਮਹਾ ਮੰਤਰ ਹੈ, ਇਸ ਦਾ ਸਾਨੂੰ ਜਾਪ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਮਨੁੱਖੀ ਜਾਮੇ ਦਾ ਅਸਲੀ ਮਨੋਰਥ ਪੂਰਾ ਹੋ ਸਕੇ। ਸਾਈ ਜੀ ਨੇ ਵੇਦਾਂ ਸ਼ਾਸਤਰਾਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਸਾਰੀਆਂ ਬਾਣੀਆਂ ਸਾਡੇ ਮਹਾਂਪੁਰਸ਼ਾਂ ਨੇ ਮਨੁੱਖੀ ਕਲਿਆਣ ਲਈ ਰਚੀਆਂ ਹਨ। ਜਿਨ੍ਹਾਂ ਦਾ ਸਾਨੂੰ ਪੂਰਨ ਲਾਭ ਲੈਣਾ ਚਾਹੀਦਾ ਹੈ। ਸਾਨੂੰ ਵਾਰ ਵਾਰ ਅਭਿਆਸ ਕਰਕੇ ਸਿਮਰਨ 'ਚ ਮਨ ਲਗਾਉਣਾ ਚਾਹੀਦਾ ਹੈ। ਇਹ ਵੀ ਕਿਹਾ ਕਿ ਦਾਨ ਪੁੰਨ ਕਰਨ ਦੇ ਨਾਲ ਦੇ ਨਾਲ ਉਨ੍ਹਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਜੀਵਨ ਦਾ ਕਲਿਆਣ ਹੁੰਦਾ ਹੈ। ਇਸ ਲਈ ਵਿਵੇਕਸ਼ੀਲ ਜੀਵ ਬਣਨਾ ਚਾਹੀਦਾ ਹੈ, ਜੋ ਦਾਨ ਵੀ ਕਰਦੇ ਹਨ ਤੇ ਸਿਮਰਨ ਵੀ ਕਰਦੇ ਹਨ। ਇਸ ਮੌਕੇ ਮੁਹੰਮਦ ਆਸ਼ਿਕ ਨੀਲਾ, ਸਰਬਣ ਸਿੰਘ, ਪੱਪੀ ਅਨੀਹਰ, ਗੋਰਾ ਚੱਕ ਪ੍ਰੇਮਾ, ਚਰਨਜੀਤ ਸਿੰਘ ਰਾਏ, ਹਨੀ, ਸਨੀ, ਡਾਕਟਰ ਸਤਨਾਮ ਸਿੰਘ, ਜੀਤਾ ਚੱਕ ਰਾਮੂ ਆਦਿ ਹਾਜ਼ਰ ਸਨ।

ਸਿੱਖਿਆ ਮੰਤਰੀ ਦੇ ਪਿੰਡ ਬੇਰੁਜ਼ਗਾਰ ਈ ਟੀ ਟੀ ਯੂਨੀਅਨ ਵੱਲੋਂ ਪੱਕਾ ਮੋਰਚਾ ਸ਼ੁਰੂ

ਸ੍ਰੀ ਅਨੰਦਪੁਰ ਸਾਹਿਬ - ਰੁਜ਼ਗਾਰ ਦੀ ਪ੍ਰਾਪਤੀ ਲਈ ਇਥੇ ਸਿੱਖਿਆ ਮੰਤਰੀ ਦੇ ਪਿੰਡ ਬੇਰੁਜਗਾਰ ਈ ਟੀ ਟੀ ਯੂਨੀਅਨ ਨੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਬੇਰੁਜਗਾਰ ਈਟੀਟੀ 5994 ਯੂਨੀਅਨ ਸਟੇਟ ਕਮੇਟੀ ਆਗੂ ਬਲਿਹਾਰ ਸਿੰਘ ਬੱਲੀ ਨੇ ਦੱਸਿਆ ਕਿ ਤਕਰੀਬਨ 1 ਸਾਲ ਦਾ ਸਮਾਂ ਭਰਤੀ ਨੂੰ ਹੋ ਚੱਲਿਆ ਹੈ,5 ਮਾਰਚ,2023 ਨੂੰ ਵਿਭਾਗ ਵੱਲੋਂ ਪੇਪਰ ਲਿਆ ਗਿਆ,ਜਿਸ ਤੋਂ ਬਾਅਦ ਜੁਲਾਈ ਵਿਚ ਕੈਂਡੀਡੇਟਾਂ ਦੀ ਡਾਕੂਮੈਂਟ ਵੈਰੀਫਿਕੇਸ਼ਨ ਹੋ ਚੁੱਕੀ ਹੈ, ਸਰਕਾਰ ਭਰਤੀ ਨੂੰ ਗੰਭੀਰਤਾ ਨਾਲ ਬਿਲਕੁਲ ਨਹੀਂ ਲੈ ਰਹੀ, ਬੇਰੁਜਗਾਰ ਈਟੀਟੀ ਅਧਿਆਪਕ ਬੇਰੁਜਗਾਰੀ ਦਾ ਆਲਮ ਝੱਲ ਰਹੇ ਹਨ,6 ਮਹੀਨਿਆਂ ਤੋਂ ਉਪਰ ਸਮਾਂ ਪੇਪਰ ਹੋਇਆ ਹੋ ਚੁੱਕਾ ਹੈ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ 31 ਜੁਲਾਈ ਤੱਕ ਭਰਤੀ ਪੂਰੀ ਕਰਨ ਕਿਹਾ ਗਿਆ ਸੀ,ਪਰ 5994 ਕੈਂਡੀਡੇਟਾਂ ਨੂੰ ਨਿਯੁਕਤੀ ਪੱਤਰ ਹਾਲੇ ਤੱਕ ਵੀ ਜਾਰੀ ਨਹੀਂ ਕੀਤੇ ਗਏ ਹਨ, ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਵੱਡੀ ਕਮੀ ਚੱਲ ਰਹੀ ਹੈ, ਪ੍ਰੰਤੂ ਫਿਰ ਵੀ ਸਰਕਾਰ ਸਾਨੂੰ ਅੱਖੋਂ ਪਰੋਖੇ ਕਰ ਰਹੀ ਹੈ, ਇਸੇ ਕਰਕੇ ਮਜਬੂਰਨ 11 ਅਕਤੂਬਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ, ਆਨੰਦਪੁਰ ਸਾਹਿਬ ਵਿਖੇ ਪੱਕਾ ਮੋਰਚਾ ਲਗਾਇਆ ਗਿਆ। ਸਾਡੀ ਸਰਕਾਰ ਤੋਂ ਇਹੋ ਮੰਗ ਹੈ ਕਿ 5994 ਈਟੀਟੀ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇ ਕੇ ਜਲਦੀ ਤੋਂ ਜਲਦੀ ਸਕੂਲਾਂ ਵਿੱਚ ਭੇਜਿਆ ਜਾਵੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਵਿਰੁੱਧ ਪੱਕੇ ਮੋਰਚੇ ਦੇ ਨਾਲ-ਨਾਲ, ਤਿੱਖੇ ਸੰਘਰਸ਼ ਅਤੇ ਗੁਪਤ ਐਕਸ਼ਨ ਕੀਤੇ ਜਾਣਗੇ। ਇਸ ਮੌਕੇ ਕਾਮਰੇਡ ਸੁਰਜੀਤ ਸਿੰਘ ਢੇਰ, ਪ੍ਰਧਾਨ ਕੁਲ ਹਿੰਦ ਕਿਸਾਨ ਸਭਾ,ਮਾਸਟਰ ਅਮਰੀਕ ਸਿੰਘ, ਕੁਲਦੀਪ ਸਿੰਘ ਜੀਟੀਯੂ,ਗੁਰਵਿੰਦਰ ਸਿੰਘ ਜਨਰਲ ਸੈਕਟਰੀ ਜੀਟੀਯੂ ਪੰਜਾਬ ,ਪੰਚ ਇੰਦਰਜੀਤ ਸਿੰਘ ਫੌਜੀ, ਸੂਬੇਦਾਰ ਗੁਰਨਾਮ ਸਿੰਘ ਭੰਗਲ ਵੱਲੋਂ ਪੱਕੇ ਮੋਰਚੇ ਲਈ ਪੂਰੀ ਤਰਾਂ ਹਿਮਾਇਤ ਕੀਤੀ ਗਈ। ਇਸ ਸਮੇਂ ਈਟੀਟੀ 5994 ਸਟੇਟ ਕਮੇਟੀ ਆਗੂ ਮੈਂਬਰ: ਬੱਗਾ ਖੁਡਾਲ, ਪਰਮਪਾਲ ਫਾਜ਼ਿਲਕਾ, ਪ੍ਰਗਟ ਸਿੰਘ, ਸੁਰਿੰਦਰਪਾਲ, ਸੁੱਖੀ,ਪ੍ਰਿਥਵੀ ਵਰਮਾ, ਬੰਟੀ ਕੰਬੋਜ, ਹਰੀਸ, ਅਰਸ਼ ਮਾਨ , ਕੁਲਵਿੰਦਰ ਅਤੇ ਲਵਪ੍ਰੀਤ (ਪ੍ਰੈਸ ਸਕੱਤਰ) ਮੌਜੂਦ ਸਨ। ਇਸ ਮੌਕੇ 'ਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ ਗਈ।

ਜਨਮ ਦਿਨ ਮੁਬਾਰਕ

ਮਨਕੀਰਤ ਸਿੰਘ (ਜਲੰਧਰ)

ਮਨਵੀਰ ਕੁਮਾਰ

ਗੁਰੂ ਨਾਨਕ ਖਾਲਸਾ ਕਾਲਜ 'ਚ ਕੈਰੀਅਰ ਕਾਊਂਸਲਿੰਗ ਸੰਬੰਧੀ ਵਰਕਸ਼ਾਪ

ਸੁਲਤਾਨਪੁਰ ਲੋਧੀ (ਹਨੀ) ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ ਕੈਰੀਅਰ ਕਾਊਂਸਲਿੰਗ ਤੇ ਪਲੇਸਮੈਂਟ ਸੈੱਲ ਅਤੇ ਪੋਸਟ ਗ੍ਰੈਜੂਏਟ ਵਿਭਾਗ ਆਫ ਕਾਮਰਸ ਵੱਲੋਂ ਦੋ ਰੋਜਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਵਰਕਸ਼ਾਪ 'ਨੈਸ਼ਨਲ ਇੰਸਟੀਟਿਊਟ ਆਫ ਸਿਕਉਰਿਟੀ ਮਾਰਕਿਟ' ਦੁਆਰਾ 'ਕੋਨਾ ਕੋਨਾ ਸ਼ਿਕਸ਼ਾ ਪ੍ਰੋਜੈਕਟ' ਅਧੀਨ ਨੌਜਵਾਨਾਂ ਲਈ ਵਿੱਤੀ ਸਿੱਖਿਆ ਪ੍ਰੋਗਰਾਮ ਤਹਿਤ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਦੇ ਰਿਸੋਰਸ ਪਰਸਨ ਪ੍ਰੋ. ਜਸਵਿੰਦਰ ਕੌਰ (ਏ.ਸੀ.ਐਸ.), ਸਿਕਉਰਟੀ ਮਾਰਕਿਟ ਟਰੇਨਰ ਨੇ ਵਿਦਿਆਰਥੀਆਂ ਨੂੰ ਵਿੱਤੀ ਨਿਵੇਸ਼, ਉਸਦੀ ਮਹੱਤਤਾ, ਪ੍ਰਾਇਮਰੀ ਮਾਰਕਿਟ, ਸੈਕੰਡਰੀ ਮਾਰਕਿਟ, ਮਿਊਚਲ ਫੰਡਸ ਅਤੇ ਸਿਕਉਰਟੀ ਮਾਰਕਿਟ ਵਿੱਚ ਨਿਵੇਸ਼ ਕਰਨ ਸੰਬੰਧੀ ਜਾਣਕਾਰੀ ਦਿੱਤੀ। ਇਸ ਦੌਰਾਨ 70 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਉਨ੍ਹਾਂ ਨੂੰ ਵਿੱਤੀ ਜਾਣਕਾਰੀ ਦੇ ਨਾਲ ਨਾਲ ਰੋਜਗਾਰ ਸੰਬੰਧੀ ਜਾਗਰੂਕ ਵੀ ਕੀਤਾ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਨੇ ਆਏ ਹੋਏ ਵਕਤਾ ਮੈਡਮ ਜਸਵਿੰਦਰ ਕੌਰ ਦਾ ਧੰਨਵਾਦ ਕੀਤਾ। ਇਹ ਵਰਕਸ਼ਾਪ ਵਿਦਿਆਰਥੀਆਂ ਲਈ ਕਾਫੀ ਲਾਹੇਵੰਦ ਰਹੀ। ਇਸ ਮੌਕੇ ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜ. ਸਵਰਨ ਸਿੰਘ ਤੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਮਰਸ ਵਿਭਾਗ ਵੱਲੋਂ ਕੀਤੇ ਇਸ ਉਪਰਾਲੇ ਦੀ ਪ੍ਰਸ਼ੰਸ਼ਾ ਕੀਤੀ। ਇਸ ਮੌਕੇ ਡਾ. ਮਨੀ ਛਾਬੜਾ, ਸ਼ਿਲਪਾ, ਸਿਮਰਜੀਤ ਕੌਰ, ਪਲਕ, ਕੋਮਲਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜਰ ਸਨ।

ਡਾ. ਜਸਪਾਲ ਸਿੰਘ ਵੱਲੋਂ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਣ 'ਤੇ ਸਮੂਹ ਸਟਾਫ ਵੱਲੋਂ 'ਜੀ ਆਇਆਂ ਸਮਾਗਮ'

ਜਲੰਧਰ (ਸ਼ੈਲੀ ਐਲਬਰਟ)

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਜਿੱਥੇ ਵਿਦਿਆਰਥੀਆਂ ਦੀ ਸਰਵਪੱਖੀ ਵਿਕਾਸ ਲਈ ਜਾਣਿਆ ਜਾਂਦਾ ਹੈ, ਉੱਥੇ ਇੱਥੋਂ ਦੇ ਅਧਿਆਪਕ ਵੀ ਆਪਣੀ ਕਲਾ-ਪ੍ਰਤਿਭਾ ਸਦਕਾ ਉੱਚ ਪ੍ਰਾਪਤੀਆਂ ਕਰਦੇ ਹਨ। ਇਸੇ ਤਹਿਤ ਅਧਿਆਪਕ ਤੋਂ ਪ੍ਰਿੰਸੀਪਲ ਤੱਕ ਦਾ ਸਫ਼ਰ ਤੈਅ ਕਰਦਿਆਂ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਾਲਜ ਵਿਖੇ ਇਹ ਮਹੱਤਵਪੂਰਨ ਅਹੁਦਾ ਸੰਭਾਲਿਆ। ਉਨ੍ਹਾਂ ਦੁਆਰਾ ਅਹੁਦਾ-ਸਭੰਾਲਣ 'ਤੇ ਸਮੂਹ ਸਟਾਫ ਵਲੋਂ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਇਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਵੱਖ-ਵੱਖ ਅਧਿਆਪਨ ਵਿਭਾਗਾਂ ਦੇ ਮੁਖੀ ਅਤੇ ਡੀਨ ਸਾਹਿਬਾਨ ਦੁਆਰਾ ਸਮੂਹ ਸਟਾਫ ਵਲੋਂ ਉਨ੍ਹਾਂ ਦਾ ਗੁਲਦਸਤੇ ਦੇ ਕੇ ਸੁਆਗਤ ਕੀਤਾ ਗਿਆ। ਇਸ ਮੌਕੇ ਡਾ. ਰਛਪਾਲ ਸਿੰਘ ਸੰਧੂ, ਸਟਾਫ ਸੈਕਟਰੀ ਤੇ ਮੁਖੀ ਕਾਮਰਸ ਵਿਭਾਗ ਨੇ ਬੋਲਦਿਆਂ ਡਾ. ਜਸਪਾਲ ਸਿੰਘ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਪ੍ਰਸਤੁਤ ਕੀਤੇ । ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੂੰ ਅਤਿਅੰਤ ਖੁਸ਼ੀ ਹੈ ਕਿ ਉਹ ਉਸ ਸੰਸਥਾ ਵਿਚ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਇਆ ਹੈ, ਜਿੱਥੇ ਉਹ 22 ਸਾਲ ਸਰੀਰਿਕ ਸਿੱਖਿਆ ਤੇ ਖੇਡ ਵਿਭਾਗ ਵਿਚ ਅਧਿਆਪਕ ਰਹੇ ਹਨ । ਉਨ੍ਹਾਂ ਸਮੂਹ ਅਧਿਆਪਕ ਸਾਹਿਬਾਨ ਨੂੰ ਇਕ ਟੀਮ ਵਾਂਗ ਮਿਲ ਕੇ ਕੰਮ ਕਰਦਿਆਂ ਕਾਲਜ ਦੀ ਤਰੱਕੀ ਲਈ ਕੰਮ ਕਰਨ ਦਾ ਸੰਦੇਸ਼ ਦਿੱਤਾ । ਉਨ੍ਹਾਂ ਕਿਹਾ ਕਿ ਅੱਜਕੇ ਸਮੇਂ ਵਿਚ ਉਚੇਰੀ ਸਿੱਖਿਆ ਨੂੰ ਬਹੁਤ ਸਾਰੀਆਂ ਚੁਣੌਤੀਆਂ ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਜਿਹੀ ਸਥਿਤੀ ਵਿਚ ਸਟਾਫ ਦੇ ਸਹਿਯੋਗ ਨਾਲ ਹੀ ਇਨ੍ਹਾਂ ਨਾਲ ਨਜਿੱਠਿਆ ਜਾ ਸਕਦਾ ਹੈ।। ਅਧਿਆਪਕਾਂ ਤੇ ਵਿਦਿਆਰਥੀਆਂ ਦੀ ਅਕਾਦਮਿਕ ਤਰੱਕੀ ਸੰਬੰਧੀ ਉਨ੍ਹਾਂ ਬੋਲਦਿਆਂ ਕਿਹਾ ਕਿ ਖੋਜ ਦੇ ਖੇਤਰ ਵਿਚ ਵੱਧ ਤੋਂ ਵੱਧ ਕੰਮ ਕਰਦੇ ਹੋਏ ਵਿਦਿਆਰਥੀਆਂ ਨੂੰ ਇਨ੍ਹਾਂ ਖੋਜਾਂ ਦਾ ਲਾਭ ਪਹੁੰਚਾਉਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਕਾਲਜ ਅਕਾਦਮਿਕ, ਖੇਡਾਂ, ਕਲਚਰਲ ਤੇ ਸਾਹਿਤਕ ਖੇਤਰ ਵਿਚ ਉੱਚ ਬੁਲੰਦੀਆਂ 'ਤੇ ਹੈ। ਇਸ ਨੂੰ ਬਰਕਰਾਰ ਰੱਖਣ ਲਈ ਪ੍ਰਤੀਬੱਧਤਾ ਤੇ ਲਗਾਤਾਰਤਾ ਦੀ ਜ਼ਰੂਰਤ ਹੈ। ਪ੍ਰੋ. ਜਸਰੀਨ ਕੌਰ, ਵਾਈਸ ਪ੍ਰਿੰਸੀਪਲ ਨੇ ਪ੍ਰਿੰਸੀਪਲ ਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ 'ਤੇ ਇਕ ਯਾਦਗਾਰੀ ਫੋਟੋ ਖਿਚਵਾਈ ਗਈ ਤੇ ਸਮੂਹ ਸਟਾਫ ਨੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨਾਲ ਚਾਹ ਦਾ ਪਿਆਲਾ ਸਾਂਝਾ ਕੀਤਾ। ਇਸ ਮੌਕੇ ਸਮੂਹ ਅਧਿਆਪਨ ਸਟਾਫ ਮੌਜੂਦ ਸੀ।